SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 24
September 22, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਸ. ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਸਿਰਜਿਆ ਇਤਿਹਾਸ

**ਚੰਡੀਗੜ੍ਹ (ਬਿਊਰੋ)–** ਕਾਂਗਰਸ ਪਾਰਟੀ ਵਿਚ ਕਾਫੀ ਸਮੇਂ ਤੋਂ ਚਲੀ ਆ ਰਹੀ ਖਾਨਾਜੰਗੀ ਨੂੰ ਖਤਮ ਕਰਦਿਆਂ ਆਖਿਆ ਕਾਂਗਰਸ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰ ਹੀ ਦਿੱਤਾ। ਉਹਨਾਂ ਦੀ ਥਾਂ ਸ. ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਇਤਿਹਾਸ ਸਿਰਜ ਦਿੱਤਾ ਹੈ। ਉਹ ਅਨੁਸੂਚਿਤ ਜਾਤੀ ਭਾਈਚਾਰੇ ਦੇ ਪਹਿਲੇ ਅਜਿਹੇ ਲੀਡਰ ਹਨ, ਜਿਹਨਾਂ ਦੇ ਨਾਂ ਮੁੱਖ ਮੰਤਰੀ ਦਾ ਤਾਜ ਆਇਆ ਹੈ। ਬਹੁਤ ਹੀ ਹੇਠਲੇ ਪੱਧਰ ਤੋਂ ਉਠ ਕੇ ਆਏ ਚਰਨਜੀਤ ਸਿੰਘ ਚੰਨੀ ਦੇ ਸੰਘਰਸ਼ ਦਾ ਇਤਿਹਾਸ ਜ਼ਿਆਦਾ ਲੰਮਾ ਨਹੀਂ ਪਰ ਉਹਨਾਂ ਨੇ ਥੋੜ੍ਹੇ ਸਮੇਂ ਵਿਚ ਹੀ ਰਾਜਨੀਤੀ ਵਿਚ ਆਪਣੀ ਅਹਿਮ ਥਾਂ ਬਣਾਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਰਨਜੀਤ ਸਿੰਘ ਚੰਨੀ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਮਿਲ ਕੇ ਕੰਮ ਕਰਨਗੀਆਂ। ਬਸਪਾ ਸੁਪਰੀਮੋ ਮਾਇਆਵਤੀ ਨੇ ਵੀ ਉਹਨਾਂ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਪੰਜਾਬ ਭਰ ਤੋਂ ਵਧਾਈਆਂ ਅਤੇ ਲੱਡੂ ਵੰਡਣ ਦਾ ਸਿਲਸਿਲਾ ਹਾਲੇ ਵੀ ਜਾਰੀ ਹੈ।

ਮੁੱਖ ਮੰਤਰੀ ਚਰਨਜੀਤ ਚੰਨੀ ਨੇ ਆਪਣੀ ਪਲੇਠੀ ਪ੍ਰੈਸ ਵਾਰਤਾ ਵਿਚ ਵੀ ਸਾਫ ਕਰ ਦਿੱਤਾ ਕਿ ਗਰੀਬ ਤੇ ਲੋੜਵੰਦ ਹੁਣ ਸਰਕਾਰੀ ਦਫਤਰਾਂ ਵਿਚ ਖੱਜਲ ਨਹੀਂ ਹੋਣਗੇ।




ਭ੍ਰਿਸ਼ਟਾਚਾਰ ਅਫਸਰਾਂ ਨੂੰ ਵੀ ਉਨ੍ਹਾਂ ਸਪੱਸ਼ਟ ਸੁਨੇਹਾ ਦਿੱਤਾ। ਮੁੱਖ ਮੰਤਰੀ ਹੁਣ ਆਪਣੀ ਅਫਸਰਾਂ ਦੀ ਟੀਮ ਤਿਆਰ ਕਰਨਗੇ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਮੁੱਖ ਮੰਤਰੀ ਨੂੰ ਮਿਲਣਾ ਆਸਾਨ ਹੋਵੇਗਾ। ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਚੁਣੇ ਹੋਏ ਪ੍ਰਤੀਨਿਧਾਂ ਦੀ ਲੰਘੇ ਸਾਢੇ ਚਾਰ ਵਰ੍ਹੇ ਜੋ ਮੁੱਖ ਮੰਤਰੀ ਦੇ ਨਾ ਮਿਲਣ ਦੀ ਸ਼ਿਕਾਇਤ ਰਹੀ ਹੈ, ਉਸ ਨੂੰ ਚਰਨਜੀਤ ਚੰਨੀ ਦੂਰ ਕਰਨਗੇ। ਇਸੇ ਕਰਕੇ ਚੰਨੀ ਨੇ ਕਿਹਾ ਕਿ ਹੁਣ ਆਮ ਆਦਮੀ ਦੀ ਸਰਕਾਰ ਹੈ ਅਤੇ ਹਰ ਆਮ ਆਦਮੀ ਆਪਣੇ ਆਪ ਨੂੰ ਅੱਜ ਤੋਂ ਮੁੱਖ ਮੰਤਰੀ ਸਮਝੇ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸਿਵਲ ਸਕੱਤਰੇਤ ਵਿਚ ਪਹਿਲਾਂ ਮੁੱਖ ਮੰਤਰੀ ਵੱਲੋਂ ਨਾ ਬੈਠਣ ਕਰਕੇ ਅਧਿਕਾਰੀ ਵੀ ਸਕੱਤਰੇਤ ਵਿਚ ਘੱਟ ਹੀ ਗੇੜਾ ਮਾਰਦੇ ਸਨ। ਹੁਣ ਅਫਸਰਾਂ ਦੀ ਹਾਜ਼ਰੀ ਵੀ ਸਕੱਤਰੇਤ ਵਿਚ ਵਧਣ ਦੀ ਸੰਭਾਵਨਾ ਹੈ। ਉਧਰ, ਦੂਜੇ ਪਾਸੇ ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਪਹਿਲੇ ਦਿਨ ਅਜਿਹੇ ਹੀ ਫੈਸਲੇ ਲਏ ਸਨ।

**ਸਿਆਸਤ ਨੂੰ ਨਵਾਂ ਰਾਹ ਦਿਖਾਇਆ : ਜਾਖੜ**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਰਾਹੁਲ ਗਾਂਧੀ ਦਾ ਧੰਨਵਾਦ ਕੀਤਾ ਹੈ ਕਿ ਹਾਈਕਮਾਨ ਨੇ ਪੰਜਾਬ ਦੀ ਸਿਆਸਤ ਨੂੰ ਨਵਾਂ ਰਸਤਾ ਦਿਖਾਇਆ ਹੈ। ਹਾਈਕਮਾਨ ਨੇ ਅਜਿਹੇ ਵਿਅਕਤੀ ਨੂੰ ਵੱਡਾ ਮੌਕਾ ਦਿੱਤਾ ਹੈ ਜੋ ਕਿ ਚੰਗੇ ਪੜ੍ਹੇ-ਲਿਖੇ ਅਤੇ ਗਰੀਬ ਪਰਿਵਾਰ 'ਚੋਂ ਉੱਠਿਆ ਹੈ। ਸੁਨੀਲ ਜਾਖੜ ਨੇ ਨਵੇਂ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਵਧਾਈ ਵੀ ਦਿੱਤੀ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

ਸੋਹੰ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg (CA) Gurughar's coming programs

**September 26, 2021**
**Birthday celebration of Jasmine Chonkria**

Bhai Puran Chand Chonkria and family will be celebrating 2nd birthday of his granddaughter Jasmine Chonkria, daughter of Lajpat Rai Chonkria and Gurwinder Kaur, on Sunday September 26, 2021. Sukhmani Sahib Path will be followed by Guru Ka Langar. Family is requesting you to come and give your blessings to Jasmine.

**October 3, 2021**
**Sukhmani Sahib Path by the New Committee**

10-03-2021 Sukhmani Sahib Path by the New Committee (Newly formed committee) will be hosting Sukhmani Sahib Path and Lager Sewa to thank Guru Maharaj for granting them this Sewa. Raghi Jatha will be Bhai Satnam Singh from Gurdwara Sahib San Jose

**October 10, 2021**
**Barsi of Hazoor Shri Nabh Kanwal Raja Sahib**

Dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 81st Barsi. Akhand path will begin on 10-08-2021, Friday at 10:00 AM, and conclude on Sunday 10-10-2021.RaggiJathas will be coming to delight Sangat with Shabad Kirtan. May Akal Purakh bless HIS devotees.

**October 17, 2021**
**Barsi of Master Gurbachan Singh Ji**

Bhai Kanwaljit Singh and family will be hosting Sukhmani Sahib path and Langar Sewa on the occasion of their fathers first Barsi.Family is asking Sangat to join them in the Ardass.

**November 4, 2021 Diwali Celebration**

Diwali will be celebrated in the Gurughar at 6:00 pm on November 4, 2021. Sukhmani Sahib Path and Langar Sewa will be hosted by Ramesh Suman, Gyan Suman and family.Please come and enjoy festivities after Gurbani Kirtan and Ardass for the entire Sangat.

## 2021-2022 Committee of Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**

Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਚੰਨੀ, ਰੰਧਾਵਾ, ਸੋਨੀ ਤੇ ਸਿੱਧੂ ਨੇ ਦਰਬਾਰ ਸਾਹਿਬ 'ਚ ਮੱਥਾ ਟੇਕਿਆ



**ਅੰਮ੍ਰਿਤਸਰ–** ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਦੋ ਉਪ ਮੁੱਖ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਓਪੀ ਸੋਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਤੜਕੇ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਚੰਨੀ ਨੇ ਆਖਿਆ ਕਿ ਸੂਬੇ ਵਿਚ ਸਾਰੇ ਧਰਮਾਂ ਅਤੇ ਸਾਰੇ ਵਰਗਾਂ ਦਾ ਬਰਾਬਰ ਦਾ ਸਨਮਾਨ ਹੋਵੇਗਾ।

ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ ਵਿਚ ਸਿੱਖ ਭਾਈਚਾਰੇ ਨੂੰ ਨਿਆਂ ਦਿਵਾਇਆ ਜਾਵੇਗਾ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਪਿਛਲੇ ਸਮੇਂ ਦੌਰਾਨ ਸੂਬਾ ਸਰਕਾਰ ਮਸਲਿਆਂ ਤੋਂ ਭਟਕ ਗਈ ਸੀ ਪਰ ਨਵੇਂ ਮੁੱਖ ਮੰਤਰੀ ਇਨ੍ਹਾਂ ਮਸਲਿਆਂ ਦਾ ਹੱਲ ਕਰਨਗੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਨਵਜੋਤ ਸਿੰਘ ਸਿੱਧੂ ਦੋਵਾਂ ਨੇ ਤੜਕੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਬੀੜ ਨੂੰ ਸੁਖਾਸਣ ਵਾਲੇ ਸਥਾਨ ਤੋਂ ਲਿਆਉਣ ਸਮੇਂ ਪਾਲਕੀ ਨੂੰ ਮੋਢਾ ਦਿੱਤਾ ਅਤੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਹ ਜੱਲ੍ਹਿਆਂਵਾਲਾ ਬਾਗ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਗਏ। ਉਨ੍ਹਾਂ ਦੁਰਗਿਆਨਾ ਮੰਦਰ ਅਤੇ ਭਗਵਾਨ ਵਾਲਮੀਕ ਤੀਰਥ ਵਿਖੇ ਵੀ ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਭੰਡਾਰੀ ਪੁਲ ਨੇੜੇ ਟੀ ਸਟਾਲ 'ਤੇ ਖੜ੍ਹੇ ਹੋ ਕੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉੱਥੇ ਬੈਠ ਕੇ ਲੋਕਾਂ ਦੇ ਨਾਲ ਚਾਹ ਪੀਤੀ। ਇਸ ਤੋਂ ਪਹਿਲਾਂ ਦੇਰ ਰਾਤ ਨੂੰ ਇਥੇ ਹਵਾਈ ਅੱਡੇ 'ਤੇ ਪੁੱਜੇ।

# ਰੰਧਾਵਾ ਅਤੇ ਸੋਨੀ ਨੇ ਉਪ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ- ਨਵ-ਨਿਯੁਕਤ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ ਵਿੱਚ ਪੰਜਾਬ ਸਿਵਲ ਸਕੱਤਰੇਤ ਵਿਚ ਮੁੱਖ ਮੰਤਰੀ ਦਫ਼ਤਰ ਵਿੱਚ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸ੍ਰੀ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਉਪਲੱਬਧ ਰਹੇਗੀ. ਸ੍ਰੀ ਰੰਧਾਵਾ ਨੇ ਆਪਣੇ ਵਿੱਚ ਵਿਸ਼ਵਾਸ਼ ਪ੍ਰਗਟਾਉਣ ਲਈ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਅਤੇ ਇਸ ਦੇ ਨਾਲ ਹੀ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਦਾ ਭਰੋਸਾ ਵੀ ਦਿੱਤਾ. ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ ਰਹੇਗੀ। ਸ੍ਰੀ ਰੰਧਾਵਾ ਨੇ ਦੱਸਿਆ ਕਿ ਜੋ ਕੰਮ ਸਾਢੇ ਚਾਰ ਵਰ੍ਹਿਆਂ ਵਿਚ ਨਹੀਂ ਹੋ ਸਕੇ, ਉਨ੍ਹਾਂ ਨੂੰ ਡੇਢ ਮਹੀਨੇ ਵਿਚ ਕਰ ਕੇ ਦਿਖਾਇਆ ਜਾਵੇਗਾ. ਉਨ੍ਹਾਂ ਕਿਹਾ ਕਿ ਹਰ ਬੁੱਧਵਾਰ ਕੈਬਨਿਟ ਮੀਟਿੰਗ ਹੋਇਆ ਕਰੇਗੀ. ਉਨ੍ਹਾਂ ਇਹ ਵੀ ਦੱਸਿਆ ਕਿ ਇੱਕ-ਦੋ ਦਿਨਾਂ ਵਿਚ ਵਿਭਾਗਾਂ ਦੀ ਵੰਡ ਹੋ ਜਾਵੇਗੀ. ਉਨ੍ਹਾਂ ਦੱਸਿਆ ਕਿ ਦੋ ਅਕਤੂਬਰ ਨੂੰ ਮੁੱਖ ਮੰਤਰੀ ਚਰਨਜੀਤ ਚੰਨੀ ਪ੍ਰੈੱਸ ਵਾਰਤਾ ਕਰਨਗੇ. ਇਸ ਮੌਕੇ ਹੋਰਨਾਂ ਤੋਂ ਇਲਾਵਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ, ਮਨਪ੍ਰੀਤ ਸਿੰਘ ਬਾਦਲ, ਸੰਗਤ ਸਿੰਘ ਗਿਲਜੀਆਂ, ਦਰਸ਼ਨ ਸਿੰਘ ਬਰਾੜ, ਬਰਿੰਦਰਮੀਤ ਸਿੰਘ ਪਾਹੜਾ, ਕੁਲਬੀਰ ਸਿੰਘ ਜ਼ੀਰਾ, ਪ੍ਰੀਤਮ ਸਿੰਘ ਕੋਟਭਾਈ, ਪਰਮਿੰਦਰ ਸਿੰਘ ਪਿੰਕੀ, ਕੁਲਦੀਪ ਸਿੰਘ ਵੈਦ, ਨਵਤੇਜ ਸਿੰਘ ਚੀਮਾ, ਦਵਿੰਦਰ ਸਿੰਘ ਘੁਬਾਇਆ, ਮਦਨ ਲਾਲ ਜਲਾਲਪੁਰ, ਪਿਰਮਲ ਸਿੰਘ ਤੇ ਜਗਦੇਵ ਸਿੰਘ ਕਮਾਲੂ (ਸਾਰੇ ਵਿਧਾਇਕ) ਹਾਜ਼ਰ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਉਦੈਵੀਰ ਸਿੰਘ ਰੰਧਾਵਾ ਤੇ ਬੱਬੀ ਅਬੁਲ ਖੁਰਾਣਾ, ਜ਼ਲ੍ਹਿਾ ਕਾਂਗਰਸ ਕਮੇਟੀ ਦੇ ਪ੍ਰਧਾਨ (ਅੰਮ੍ਰਿਸਰ ਦਿਹਾਤੀ) ਭਗਵੰਤ ਸਿੰਘ ਸੱਚਰ, ਸਮਰਥਕ ਅਤੇ ਸ਼ੁਭਚਿੰਤਕ ਸ਼ਾਮਲ ਹੋਏ।

### ਉਪ ਮੁੱਖ ਮੰਤਰੀ ਚੁਣੇ ਗਏ ਓਪੀ ਸੋਨੀ

ਕੈਬਨਿਟ ਮੰਤਰੀ ਓਪੀ ਸੋਨੀ ਨੂੰ 'ਅਚਨਚੇਤੀ' ਪੰਜਾਬ ਕਾਂਗਰਸ ਦੀ ਨਵੀਂ ਵਜ਼ਾਰਤ ਵਿੱਚ ਹਿੰਦੂ ਚਿਹਰੇ ਵਜੋਂ ਉਪ ਮੁੱਖ ਮੰਤਰੀ ਚੁਣਿਆ ਗਿਆ ਹੈ। ਉਹ ਅੰਮ੍ਰਿਤਸਰ ਦੇ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਕਾਂਗਰਸ ਦੀ ਨਵੀਂ ਵਜ਼ਾਰਤ ਦੇ ਗਠਨ ਸਮੇਂ ਸ੍ਰੀ ਸੋਨੀ ਦਾ ਨਾਂ ਕਿਸੇ ਵੀ ਥਾਂ 'ਤੇ ਨਹੀਂ ਸੀ ਪਰ ਐਨ ਆਖ਼ਰੀ ਮੌਕੇ ਉਨ੍ਹਾਂ ਨੂੰ ਇਸ ਅਹਿਮ ਅਹੁਦੇ ਵਾਸਤੇ ਚੁਣਿਆ ਗਿਆ ਹੈ। ਸ੍ਰੀ ਸੋਨੀ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਸਾਥੀਆਂ ਵਿੱਚੋਂ ਹਨ। ਉਹ ਲਗਾਤਾਰ ਪੰਜ ਵਾਰ ਵਿਧਾਇਕ ਚੁਣੇ ਜਾ ਚੁੱਕੇ ਹਨ। ਦੱਸਣਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਦੇ ਕਦੇ ਨਿੱਘੇ ਸਬੰਧ ਨਹੀਂ ਰਹੇ। ਉਹ ਆਪਣੇ ਸਿਆਸੀ ਜੀਵਨ ਵਿੱਚ ਪਹਿਲੀ ਵਾਰ ਲੋਕ ਸਭਾ ਦੀ ਚੋਣ ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਹਾਰੇ ਸਨ।

ਇਸ ਤੋਂ ਇਲਾਵਾ ਸ੍ਰੀ ਸਿੱਧੂ ਵੱਲੋਂ ਲਾਏ ਦੋਸ਼ਾਂ ਖਿਲਾਫ਼ ਮਾਣਹਾਨੀ ਦਾ ਕੇਸ ਵੀ ਦਾਇਰ ਕੀਤਾ ਸੀ। ਪਰ ਜਦੋਂ ਸ੍ਰੀ ਸਿੱਧੂ ਕਾਂਗਰਸ ਵਿੱਚ ਸ਼ਾਮਲ ਹੋਏ ਤਾਂ ਉਨ੍ਹਾਂ ਨੂੰ ਇਹ ਕੇਸ ਵਾਪਸ ਲੈਣੇ ਪਏ ਸਨ। ਹੁਣ ਵੀ ਜਦੋਂ ਸ੍ਰੀ ਸਿੱਧੂ ਅਤੇ ਕੈਪਟਨ ਵਿਚਾਲੇ ਮਤਭੇਦਾਂ ਦਾ ਮਾਮਲਾ ਚੱਲ ਰਿਹਾ ਸੀ ਤਾਂ ਸ੍ਰੀ ਸੋਨੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਖੜ੍ਹੇ ਸਨ। ਸ੍ਰੀ ਸੋਨੀ ਪੰਜ ਵਾਰ ਵਿਧਾਇਕ ਚੁਣੇ ਜਾਣ ਤੋਂ ਇਲਾਵਾ ਅੰਮ੍ਰਿਤਸਰ ਨਗਰ ਨਿਗਮ ਦੇ ਪਹਿਲੇ ਮੇਅਰ ਵੀ ਰਹੇ ਹਨ।

# ਪੰਜਾਬ ਵਜ਼ਾਰਤ 'ਚ ਵਾਧੇ ਲਈ ਜੋੜ-ਤੋੜ ਜਾਰੀ

ਚੰਡੀਗੜ੍ਹ- ਮੁੱਖ ਮੰਤਰੀ ਚਰਨਜੀਤ ਚੰਨੀ ਨੇ ਦਿਨ ਭਰ ਦਿੱਲੀ ਵਿੱਚ ਕਾਂਗਰਸ ਹਾਈਕਮਾਨ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਨੂੰ ਅੰਤਿਮ ਛੋਹਾਂ ਦੇਣ ਵੱਲ ਕਦਮ ਵਧਾਏ। ਮੰਤਰੀ ਮੰਡਲ 'ਚ ਫੇਰਬਦਲ ਕਿਸੇ ਵੇਲੇ ਵੀ ਸੰਭਵ ਹੈ ਕਿਉਂਕਿ ਪਾਰਟੀ ਹਾਈਕਮਾਨ ਇਹ ਮਾਮਲਾ ਹੁਣ ਬਹੁਤਾ ਲਮਕਾਉਣ ਦੇ ਰੌਂਅ ਵਿਚ ਨਹੀਂ ਹੈ। ਮੁੱਖ ਮੰਤਰੀ ਚੰਨੀ ਅੱਜ ਦੁਪਹਿਰ ਵੇਲੇ ਹੀ ਚੰਡੀਗੜ੍ਹ ਤੋਂ ਨਵੀਂ ਦਿੱਲੀ ਲਈ ਰਵਾਨਾ ਹੋ ਗਏ ਸਨ। ਉਨ੍ਹਾਂ ਦੇ ਨਾਲ ਅੱਜ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓ.ਪੀ.ਸੋਨੀ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਤੋਂ ਇਲਾਵਾ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ ਅਤੇ ਪਾਰਟੀ ਦੇ ਜਨਰਲ ਸਕੱਤਰ ਪਰਗਟ ਸਿੰਘ ਵੀ ਮੌਜੂਦ ਰਹੇ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਪੰਜਾਬ ਕੈਬਨਿਟ ਦੇ ਵਿਸਥਾਰ ਬਾਰੇ ਫੈਸਲਾ ਜਲਦੀ ਹੀ ਕਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਉਨ੍ਹਾਂ ਦੀ ਟੀਮ ਨੇ ਅੱਜ ਪਹਿਲਾਂ ਪਾਰਟੀ ਦੀ ਸੀਨੀਅਰ ਆਗੂ ਅੰਬਿਕਾ ਸੋਨੀ ਨਾਲ ਮੀਟਿੰਗ ਕੀਤੀ ਅਤੇ ਉਸ ਮਗਰੋਂ ਉਹ ਪਾਰਟੀ ਦੇ ਜਨਰਲ ਸਕੱਤਰ ਕੇ.ਸੀ.ਵੇਣੂਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੂੰ ਵੀ ਮਿਲੇ। ਚਰਚੇ ਹਨ ਕਿ ਮੁੱਖ ਮੰਤਰੀ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਮੰਤਰੀ ਮੰਡਲ ਦੇ ਵਿਸਥਾਰ ਬਾਰੇ ਵੀਡੀਓ ਕਾਨਫਰੰਸ ਜ਼ਰੀਏ ਚਰਚਾ ਕੀਤੀ ਗਈ ਹੈ, ਹਾਲਾਂਕਿ ਇਸ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ ਹੈ। ਮੁੱਖ ਮੰਤਰੀ ਨੇ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨਾਲ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਤਫ਼ਸੀਲ 'ਚ ਚਰਚਾ ਕੀਤੀ। ਮੁੱਖ ਮੰਤਰੀ ਨੇ ਸਿਆਸੀ ਨਜ਼ਰੀਏ ਤੋਂ ਸਮੀਕਰਨਾਂ ਦੀ ਬੁਣਤ ਬੁਣੀ ਅਤੇ ਕੈਬਨਿਟ 'ਚ ਸਾਰੇ ਵਰਗਾਂ ਦਾ ਤਵਾਜ਼ਨ ਰੱਖਣ ਲਈ ਨਵੇਂ ਚਿਹਰਿਆਂ ਦਾ ਪੱਖ ਵੀ ਰੱਖਿਆ। ਮੁੱਖ ਮੰਤਰੀ ਅਤੇ ਉਨ੍ਹਾਂ ਦੀ ਟੀਮ ਨੇ ਦਿੱਲੀ ਵਿਚ ਪੰਜਾਬ ਭਵਨ 'ਚ ਵਧੇਰਾ ਸਮਾਂ ਗੁਜ਼ਾਰਿਆ।

ਅਹਿਮ ਸੂਤਰਾਂ ਅਨੁਸਾਰ ਫਿਲਹਾਲ ਜਿਨ੍ਹਾਂ ਚਿਹਰਿਆਂ ਦੀ ਵਜ਼ਾਰਤ ਵਿਚ ਮੌਜੂਦਗੀ ਬਣੇ ਰਹਿਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਮਨਪ੍ਰੀਤ ਬਾਦਲ, ਰਜ਼ੀਆ ਸੁਲਤਾਨਾ, ਅਰੁਣਾ ਚੌਧਰੀ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਸਿੱਧੂ, ਸੁਖਬਿੰਦਰ ਸਿੰਘ ਸਰਕਾਰੀਆ ਆਦਿ ਸ਼ਾਮਲ ਹਨ। ਸੂਤਰ ਦੱਸਦੇ ਹਨ ਕਿ ਸਾਧੂ ਸਿੰਘ ਧਰਮਸੋਤ, ਗੁਰਪ੍ਰੀਤ ਸਿੰਘ ਕਾਂਗੜ ਅਤੇ ਰਾਣਾ ਸੋਢੀ 'ਤੇ ਛਾਂਟੀ ਦੀ ਤਲਵਾਰ ਲਟਕੀ ਹੋਈ ਹੈ ਜਦੋਂ ਕਿ ਸੁੰਦਰ ਸ਼ਾਮ ਅਰੋੜਾ, ਵਿਜੈ ਇੰਦਰ ਸਿੰਗਲਾ ਤੇ ਭਾਰਤ ਭੂਸ਼ਨ ਆਸ਼ੂ 'ਚੋਂ ਵੀ ਕੋਈ ਇੱਕ ਚਿਹਰਾ ਆਊਟ ਹੋ ਸਕਦਾ ਹੈ।

ਸੂਤਰਾਂ ਅਨੁਸਾਰ ਨਵੀਂ ਵਜ਼ਾਰਤ ਵਿਚ ਵਿਧਾਇਕ ਪਰਗਟ ਸਿੰਘ, ਸੰਗਤ ਸਿੰਘ ਗਿਲਜੀਆਂ ਅਤੇ ਕੁਲਜੀਤ ਸਿੰਘ ਨਾਗਰਾ ਨੂੰ ਵਜ਼ੀਰੀ ਮਿਲਣ ਦੀ ਪੂਰੀ ਸੰਭਾਵਨਾ ਹੈ ਅਤੇ ਇਸ ਦੇ ਨਾਲ ਰਾਜਾ ਵੜਿੰਗ ਤੇ ਨਵਤੇਜ ਚੀਮਾ ਦੇ ਨਾਮ ਵੀ ਚਰਚਾ ਵਿਚ ਹਨ। ਪਤਾ ਲੱਗਾ ਹੈ ਕਿ ਹਾਈਕਮਾਨ ਵੱਲੋਂ ਪ੍ਰਸ਼ਾਂਤ ਕਿਸ਼ੋਰ ਤੋਂ ਲਈ ਫੀਡ ਬੈਕ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ। ਦੋਆਬੇ 'ਚੋਂ ਵਿਧਾਇਕ ਬਲਵਿੰਦਰ ਸਿੰਘ ਦੇ ਚਰਚੇ ਵੀ ਸ਼ੁਰੂ ਹੋ ਗਏ ਹਨ। ਕਾਂਗਰਸੀ ਆਗੂ ਅੰਬਿਕਾ ਸੋਨੀ ਦੀ ਭੂਮਿਕਾ ਇਸ ਵਿਸਥਾਰ ਵਿਚ ਅਹਿਮ ਰਹੇਗੀ।







ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਹੋਰ ਸ੍ਰੀ ਹਰਿਮੰਦਰ ਸਾਹਿਬ, ਮਹਾਂਰਿਸ਼ੀ ਵਾਲਮੀਕ ਆਸ਼ਰਮ ਅਤੇ ਹਿੰਦੂ ਟੈਂਪਲ ਅੰਮ੍ਰਿਤਸਰ ਅਤੇ ਹੋਰ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੁੰਦੇ ਹੋਏ।

# ਫਰਿਜ਼ਨੋ ਵਿਖੇ ਕਰਵਾਏ ਗਏ ਮਿੱਸ ਐਂਡ ਮਿੱਸਿਜ਼ ਪੰਜਾਬਣ ਮੁਕਾਬਲੇ ਰਹੇ ਬੇਹੱਦ ਰੌਚਿਕ















**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਕਰੋਨਾਂ ਕਾਲ ਦੇ ਚੱਲਦਿਆਂ ਲੰਮੇ ਅਰਸੇ ਦੀ ਚੁੱਪ ਮਗਰੋਂ ਮੇਲਿਆਂ ਦੇ ਸਿਲਸਿਲੇ ਦੀ ਬਾਤ ਫਰਿਜ਼ਨੋ ਸ਼ਹਿਰ ਵਿਖੇ ਸਾਊਥ ਈਸਟ ਏਸ਼ੀਅਨ&; ਪੈਜਿੰਡ ਦੀ ਟੀਮ ਵੱਲੋਂ ਕਰਵਾਏ ਮਿੱਸ ਐਂਡ ਮਿੱਸਿਜ਼ ਪੰਜਾਬਣ ਦੇ ਦਿਲਕਸ਼ ਮੁਕਾਬਲੇ ਨਾਲ ਫਿਰ ਤੋਂ ਸ਼ੁਰੂ ਹੋਈ। ਇਹ ਮੁਕਾਬਲਾ ਫਰਿਜ਼ਨੋ ਸ਼ਹਿਰ ਦੇ ਈਲਾਈਟ ਈਵੈਂਟ ਸੈਂਟਰ ਵਿਖੇ ਬੜੀ ਸ਼ਾਮਲ ਸ਼ੌਕਤ ਨਾਲ ਕਰਵਾਇਆ ਗਿਆ। ਇਸ ਦੌਰਾਨ ਸਜੀ ਵੱਡੀ ਸਟੇਜ ਤੇ ਪੰਜਾਬਣਾਂ ਨੇ ਐਸੀਆਂ ਧਮਾਲਾਂ ਪਾਈਆ ਕਿ ਜਿਵੇਂ ਸਾਰੇ ਪੰਜਾਬ ਦਾ ਹੁਸਨ ਇਸ ਮੁਕਾਬਲੇ ਵਿੱਚ ਹੀ ਪਹੁੰਚਿਆ ਹੋਵੇ। ਇਸ ਮੁਕਾਬਲੇ ਦੀ ਜੱਜਮੈਂਟ ਜੋਤਨ ਕੌਰ ਗਿੱਲ, ਰਜਵੰਤ ਰਾਜ਼ੀ , ਡਾ. ਜੀਨਾ ਬਰਾੜ, ਜਸਪ੍ਰੀਤ ਕੌਰ ਸੰਘਾ, ਡਾ. ਮੋਨਿਕਾ ਚਾਹਲ ਆਦਿ ਨੇ ਬਹੁਤ ਸੁਚੱਜੇ ਢੰਗ ਨਾਲ ਕੀਤੀ। ਮੀਡੀਆ ਜੱਜ ਦੀ ਭੂਮਿਕਾ ਅਦਾਕਾਰ-ਨਿਰਦੇਸ਼ਕ ਅਤੇ ਭੰਗੜਾ ਕਿੰਗ ਮਨਦੀਪ ਜਗਰਾਓ , ਪੱਤਰਕਾਰ ਨੀਟਾ ਮਾ-ਛੀਕੇ ਅਤੇ ਕਮਲ ਕੌਰ ਗੋਤਰਾ ਨੇ ਬਾਖ਼ੂਬੀ ਨਿਭਾਈ।ਪ੍ਰੋਗਰਾਮ ਦੀ ਸ਼ੁਰੂਆਤ ਗਲੋਬਲ ਪੰਜਾਬ ਟੀਵੀ ਹੋਸਟ ਗਿੱਲ ਪ੍ਰਦੀਪ ਨੇ ਸ਼ਾਇਰਾਨਾ ਅੰਦਾਜ਼ ਵਿੱਚ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਉਪਰੰਤ ਬੱਚਿਆਂ ਨੇ ਭੰਗੜੇ ਦੀ ਬਾਕਮਾਲ ਪੇਸ਼ਕਾਰੀ ਕੀਤੀ ਅਤੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸ ਪਿੱਛੋਂ ਸਟੇਜਾ ਦੀ ਮਲਕਾ ਆਸ਼ਾ ਸ਼ਰਮਾਂ ਨੇ ਆਪਣੇ ਵੱਖਰੇ ਅੰਦਾਜ਼ ਵਿੱਚ ਸ਼ੇਅਰਾ ਦੀ ਝੜੀ ਲਾਉਂਦਿਆਂ ਸਾਰੇ ਸਮਾਗਮ ਦਾ ਸਫਲ ਸਟੇਜ ਸੰਚਾਲਨ ਕੀਤਾ, ਵਿੱਚ ਵਿੱਚ ਦੀ ਪ੍ਰਬੰਧਕ ਕਮੇਟੀ ਦੀ ਮੋਹਰੀ ਮੈਂਬਰ ਕੁਲਵੀਰ ਕੌਰ ਸੇਖੋ ਨੇ ਵੀ ਸਟੇਜ ਤੋਂ ਹਾਜ਼ਰੀ ਭਰੀ। ਇਸ ਮੌਕੇ ਮਿੱਸ ਅਤੇ ਮਿਸਿਜ਼ ਪੰਜਾਬਣਾਂ ਪੂਰੀਆਂ ਸਜ ਧਜਕੇ ਪਹੁੰਚੀਆਂ ਹੋਈਆ ਸਨ। ਸ਼ੁਰੂਆਤ ਰੈਂਪ ਵਾਕ ਨਾਲ ਹੋਈ। ਇਸ ਮੌਕੇ ਮਾਂਵਾਂ ਅਤੇ ਬੱਚਿਆਂ ਨੇ ਵੀ ਵਾਕ ਕੀਤਾ। ਇਸ ਉਪਰੰਤ ਟੇਲੈਂਟ ਰਾਊਂਡ ਬੜੇ ਵੱਖਰੇ ਅੰਦਾਜ਼ ਵਿੱਚ ਹੋਇਆ। ਡਾਂਸ ਰਾਊਂਡ ਵਿੱਚ ਦਰਸ਼ਕਾਂ ਨੇ ਖ਼ੂਬ ਤਾੜੀਆਂ ਨਾਲ ਭਾਗ ਲੈ ਰਹੀਆਂ ਮੁਟਿਆਰਾਂ ਦੀ ਹੌਸਲਾ-ਫਿਸਾਈ ਕੀਤੀ। ਅਖੀਰ ਬਾਈ ਮਨਦੀਪ ਜਗਰਾਓ ਨੇ ਬੋਲੀਆਂ ਪਾਕੇ ਜਿਵੇਂ ਪੰਡਾਲ ਹੀ ਨੱਚਣ ਲਾ ਦਿੱਤਾ। ਇਹ ਸ਼ਾਇਦ ਪਹਿਲਾ ਮੁਕਾਬਲਾ ਸੀ ਜਿੱਥੇ ਜੋਟਿਆਂ ਵਿੱਚ ਮਿੱਸ ਅਤੇ ਮਿਸਿਜ਼ ਪੰਜਾਬਣ ਚੁਣੀਆਂ ਗਈਆ। ਮਿਸਜ਼ ਪੰਜਾਬਣ ਮੁਕਾ-ਬਲੇ ਵਿੱਚ ਕਮਲਜੀਤ ਧਾਲੀਵਾਲ ਅਤੇ ਸੋਨੀਆ ਨੇ ਪਹਿਲਾ ਸਥਾਨ ਹਾਸਲ ਕੀਤਾ। ਨਵਦੀਪ ਕੌਰ ਅਤੇ ਪ੍ਰਵੀਨ ਨੂੰ ਦੂਸਰਾ ਸਥਾਨ ਪ੍ਰਾਪਤ ਹੋਇਆ ਜਦੋਂ ਕਿ ਹਰਜੀਤ ਕੌਰ ਅਤੇ ਹਰਮਨ ਕੌਰ ਤੀਸਰੇ ਸਥਾਨ ਨੇ ਆਈਆ। ਇਸੇ ਤਰੀਕੇ ਮਿੱਸ ਪੰਜਾਬਣ ਮੁਕਾਬਲੇ ਦੌਰਾਨ ਸਿਮਰਤ ਕੌਰ ਪਹਿਲੇ ਸਥਾਨ ਤੇ ਰਹੀ 'ਤੇ ਕ੍ਰਮਵਾਰ ਜਸਮੀਨ ਕੌਰ ਦੂਸਰੇ ਅਤੇ ਗੁਰਜੀਵਨ ਕੌਰ ਤੀਸਰੇ ਸਥਾਨ ਤੇ ਰਹੀਆ। ਇਸ ਮੌਕੇ ਬਿੱਸਟ ਡਾਂਸ ਲਈ ਜਸਲੀਨ ਥਾਂਦੀ ਨੂੰ ਚੁਣਿਆਂ ਗਿਆ। ਬਿੱਸਟ ਵਾਕ ਦਾ ਅਵਾਰਡ ਅਰਲੀਨ ਸੋਢੀ ਦੇ ਹਿੱਸੇ ਆਇਆ। ਬਿੱਸਟ ਸਿੰਗਰ ਦਾ ਇਨਾਮ ਰਾਜਵਿੰਦਰ ਕੌਰ ਨੂੰ ਦਿੱਤਾ ਗਿਆ। ਬਿੱਸਟ ਸਮਾਇਲ ਲਈ ਕੇਸੀ ਨੂੰ ਚੁਣਿਆ ਗਿਆ ਅਤੇ ਬਿੱਸਟ ਕਨਫੀਡੈਂਸ ਅਵਾਰਡ ਪ੍ਰਭਜੋਤ ਕੌਰ ਨੂੰ ਦਿੱਤਾ ਗਿਆ। ਇਸ ਮੌਕੇ ਏਸ਼ੀ-ਆਨਾ ਟਰੈਵਲਜ਼ ਵੱਲੋਂ ਇੰਡੀਆ ਦੀ ਫ੍ਰੀ ਟਿੱਕਟ ਕੱਢੀ ਗਈ। ਇਸ ਪ੍ਰੋਗਰਾਮ ਦੌਰਾਨ ਐਨ. ਆਰ . ਆਈ. ਸਭਾ ਅਮਰੀਕਾ ਦੇ ਪ੍ਰਧਾਨ ਪਾਲ ਸਹੋਤਾ, ਗਿੱਲ ਇੰਸ਼ੋਰੈਂਨਸ ਵਾਲੇ ਅਵਤਾਰ ਗਿੱਲ, ਹਰਿੰਦਰ ਸਿੰਘ ਧਨੋਆ ਆਦਿ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਮੁਕਾਬਲੇ ਵਿੱਚ ਉਚੇਚੇ ਤੌਰ ਤੇ ਮਿਸ ਮੈਨਟੀਕਾ ਰਹੀ ਅਰਵੀਨ ਵਿਰਦੀ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਸਮਾਗਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਕੁਲਵੀਰ ਕੌਰ ਸੇਖੋ, ਨਵਕੀਰਤ ਚੀਮਾ, ਜੋਤਨ ਗਿੱਲ, ਕੁਲਦੀਪ ਕੌਰ ਸੀਰਾ ਅਤੇ ਰਾਜ ਸਿੱਧੂ ਮਾਨ ਆਦਿ ਸਿਰ ਜਾਂਦਾ ਹੈ। ਕੁ-ੜੀਆ ਦੀ ਮੁਕਾਬਲੇ ਲਈ ਤਿਆਰੀ ਟ੍ਰੇਲਰ ਰਾਜ ਮਾਨ ਨੇ ਕਰਵਾਈ। ਪ੍ਰਬੰਧਕਾ ਨੇ ਸਹਿਯੋਗ ਲਈ ਗਿੱਧਾ ਕੋਚ ਤਰਨ ਕਲੇਰ ਦਾ ਵੀ ਸ਼ਪੈਸ਼ਲ ਧੰਨਵਾਦ ਕੀਤਾ।ਪ੍ਰਬੰਧਕ ਕਮੇਟੀ ਮੈਂਬਰ ਵਧਾਈ ਦੇ ਪਾਤਰ ਨੇ ਜਿੰਨਾ ਅਸ਼ੋਕਾ ਰੈਸਟੋਰੈਂਟ ਦੇ ਸੁਆਦਿਸ਼ਟ ਖਾਣੇ ਦਾ ਪ੍ਰਬੰਧ ਸਮੂਹ ਹਾਜ਼ਰੀਨ ਲਈ ਕੀਤਾ। ਅਖੀਰ ਸੁੱਖ ਸ਼ਾਂਤੀ ਨਾਲ ਨੇਪਰੇ ਚੜਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪ੍ਰਬੰਧਕਾਂ ਵੱਲੋਂ ਸਮੂਹ ਸਪਾਂਸਰ ਸੱਜਣਾਂ ਜਿੰਨਾਂ ਵਿੱਚ ਮਾਊਂਟਿਨ ਮਾਈਕ ਪੀਜ਼ਾ, 777 ਟਰੱਕ ਐਂਡ ਟ੍ਰੇਲਰ ਰਿਪੇਅਰ, ਪੀਜ਼ਾ ਟਵਿੱਸਟ, ਜਗਦੀਪ ਇੰਸ਼ੋਰੈਨਸ, ਕੁਲਦੀਪ ਸਿੰਘ ਧਾਲੀਵਾਲ, ਹਰਜੀਤ ਟਿਵਾਣਾ ਅਤੇ ਗੋਲਡਨ ਪੈਲਿਸ-ਈਲਾਈਟ ਈਵੈਂਟ ਸੈਂਟਰ ਆਦਿ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਪੂਰੇ ਸਮਾਗਮ ਦੀ ਕਵਰੇਜ਼ ਪੱਤਰਕਾਰ ਕੁਲਵੰਤ ਧਾਲੀਆਂ ਨੇ ਬਾਖ਼ੂਬੀ ਕੀਤੀ।






# ਕੀ ਪੰਜਾਬ 'ਚ ਦਲਿਤ ਭਾਈਚਾਰੇ ਤੋਂ ਚਰਨਜੀਤ ਚੰਨੀ ਦਾ ਮੁੱਖ ਮੰਤਰੀ ਬਣਨਾ ਦਾ ਕਾਂਗਰਸ ਤੇ ਦਲਿਤਾਂ ਨੂੰ ਫਾਇਦਾ ਹੋਵੇਗਾ

**ਚਰਨਜੀਤ ਸਿੰਘ ਚੰਨੀ** ਨੇ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਦੇ ਆਉਣ ਨਾਲ ਕੀ ਕੁਝ ਬਦਲੇਗਾ? ਦਲਿਤ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਚੰਨੀ ਦੀ ਅਗਵਾਈ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕੀ ਮਾਅਨੇ ਹੋਣਗੇ?

ਸਵਾਲ ਕਈ ਹਨ ਅਤੇ ਇਸੇ ਬਾਰੇ ਸਿਆਸੀ ਮਾਹਰ ਰੌਣਕੀ ਰਾਮ ਨਾਲ ਅਸੀਂ ਗੱਲਬਾਤ ਕੀਤੀ।

ਉਨ੍ਹਾਂ ਨਾਲ ਹੋਈ ਇਹ ਗੱਲਬਾਤ ਸਵਾਲ-ਜਵਾਬ ਦੇ ਸਿਲਸਿਲੇ ਤਹਿਤ ਪੇਸ਼ ਹੈ:

ਸਵਾਲ - ਪਹਿਲੀ ਵਾਰ ਕਿਸੇ ਦਲਿਤ ਮੁੱਖ ਮੰਤਰੀ ਦੇ ਆਉਣ ਨੂੰ ਤੁਸੀਂ ਕਿਵੇਂ ਦੇਖਦੇ ਹੋ?

ਜਵਾਬ- ਇਹ ਪੰਜਾਬ ਦੇ ਹਿੱਸੇ ਹੀ ਆਉਂਦਾ ਹੈ ਕਿ ਜੋ ਗੁਰੂ ਸਾਹਿਬਾਨਾਂ ਦਾ ਫਲਸਫ਼ਾ ਹੈ ਕਿ ਜਾਤ ਨੂੰ ਬਰਾਬਰਤਾ ਹੋਵੇ। ਇਸ ਲਈ ਪੰਜਾਬ ਵਿੱਚ ਇਹ ਇੱਕ ਨਵੀਂ ਪਹਿਲ ਹੈ।

ਚਰਨਜੀਤ ਸਿੰਘ ਚੰਨੀ ਦਾ ਬਤੌਰ ਦਲਿਤ ਇੱਕ ਮੁੱਖ ਮੰਤਰੀ ਹੋਣਾ ਪੂਰੇ ਭਾਰਤ ਨੂੰ ਵੀ ਇੱਕ ਚੰਗਾ ਸੁਨੇਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸਮਾਜ ਦੇ ਹੇਠਲੇ ਹਿੱਸੇ ਵਿੱਚ ਰੱਖੇ ਹੋਏ ਭਾਈਚਾਰਿਆਂ ਨੂੰ ਮੁੱਖ ਧਾਰਾ ਵਿੱਚ ਲੈ ਕੇ ਆਈਏ।

ਇਸ ਭਾਈਚਾਰੇ ਦੀ ਪੰਜਾਬ ਵਿੱਚ ਇੱਕ ਤਿਹਾਈ ਆਬਾਦੀ ਹੈ ਅਤੇ ਉਸ ਦਾ ਚੋਣਾਂ ਵਿੱਚ ਇੱਕ ਅਹਿਮ ਰੋਲ ਹੈ। ਕਾਂਗਰਸ ਨੇ ਇਹ ਦਲਿਤ ਮੁੱਖ ਮੰਤਰੀ ਵਾਲਾ ਜੋ ਕਦਮ ਚੁੱਕਿਆ ਹੈ, ਉਹ ਪ੍ਰਤਿਕਿਰਿਆ ਵਿੱਚ ਨਹੀਂ ਹੈ ਸਗੋਂ ਉਨ੍ਹਾਂ ਦੀ ਸੋਚ ਵਿੱਚ ਵੀ ਹੈ।

ਦਰਅਸਲ ਆਉਣ ਵਾਲੀਆਂ ਚੋਣਾਂ ਵਿੱਚ ਇਸ ਤਰ੍ਹਾਂ ਦਾ ਨਜ਼ਰੀਆ ਬਣ ਰਿਹਾ ਹੈ। ਅਕਾਲੀ ਦਲ ਅਤੇ ਬਸਪਾ ਦਾ ਇਕੱਠੇ ਹੋਣਾ ਦਾ ਵੀ ਇੱਕ ਮਕਸਦ ਸੀ ਕਿ ਅਕਾਲੀ ਦਲ ਦੀ ਸਥਿਤੀ ਨੂੰ ਮਜ਼ਬੂਤ ਕਰਨਾ।

ਇਸ ਲਈ ਕਾਂਗਰਸ ਦਾ ਵੀ ਆਪਣਾ ਇੱਕ ਬੇਸ ਹੈ, ਭਾਵੇਂ ਉਹ ਰਾਖਵਾਂਕਰਨ ਨਾਲ ਜੁੜਿਆ ਹੋਵੇ, ਪਿੱਛੜੇ ਵਰਗ ਨਾਲ ਜੁੜਿਆ ਹੋਵੇ। ਇਸ ਲਈ ਇਹ ਕਦਮ ਕਾਂਗਰਸ ਦੀ ਸਥਿਤੀ ਪੰਜਾਬ ਵਿੱਚ ਹੋਰ ਮਜ਼ਬੂਤ ਹੋਵੇਗਾ।

ਸਵਾਲ - ਦਲਿਤ ਮੁੱਖ ਮੰਤਰੀ ਹੋਣ ਨਾਲ ਪੰਜਾਬ ਦੀ ਜਨਤਾ ਨੂੰ ਕੀ ਫਾਇਦਾ ਹੋਵੇਗਾ?

ਜਵਾਬ- ਪੰਜਾਬ ਦੀ ਜਨਤਾ ਵਿਚਾਲੇ ਇੱਕ ਨਵਾਂ ਨੇਰੇਟਿਵ ਸਿ-ਰਜਿਆ ਜਾਵੇਗਾ। ਲੋਕਾਂ ਦੇ ਵਿੱਚ ਇਹ ਵਿਚਾਰ ਰਿਹਾ ਹੈ ਕਿ ਰਾਖਵਾਂਕਰਨ ਹੈ ਇਸ ਲਈ ਲੋਕ ਅੱਗੇ ਆ ਰਹੇ ਹਨ। ਇਹ ਵੀ ਗੱਲ ਰਹੀ ਹੈ ਕਿ ਇਨ੍ਹਾਂ ਦੇ ਭਾਈਚਾਰੇ ਵਿੱਚੋਂ ਉੱਚੇ ਅਹੁਦਿਆਂ ਤੋਂ ਕੋਈ ਨਹੀਂ ਆਉਂਦਾ।

ਦਲਿਤ ਭਾਈਚਾਰੇ ਅੰਦਰ ਵੀ ਇੱਕ ਸ਼ਕਾਇਤ ਰਹਿੰਦੀ ਹੈ ਕਿ ਉਨ੍ਹਾਂ ਦੀ ਜ਼ਿਆਦਾ ਸ਼ਮੂਲੀਅਤ ਤੀਜੀ ਜਾਂ ਚੌਥੀ ਕਲਾਸ ਦੇ ਲੈ ਕੇ ਜਾਂਦੇ ਹਨ।

ਪੰਜਾਬ ਵਿੱਚ ਬਹੁਤ ਸਾਰੇ ਗਰੁੱਪ ਭਾਵੇਂ ਵਿਦਿਆਰਥੀ ਹੋਣ, ਅਧਿਆਪਕ, ਆਂਗਣਵਾੜੀ ਵਰਕਰ ਤੇ ਹੋਰਾਂ ਦੀਆਂ ਆਪਣੀਆਂ ਡਿਮਾਂਡ ਹਨ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਵੱਡੇ ਨਜ਼ਰੀਏ ਤੋਂ ਚੰਨੀ ਹੋਰਾਂ ਨੂੰ ਆਉਣ ਵਾਲੇ ਸਮੇਂ ਵਿੱਚ ਮੁਖਾਤਬ ਹੋਣਾ ਪਏਗਾ ਕਿਉਂਕਿ ਲੋਕਾਂ ਨੂੰ ਕੈਪਟਨ ਤੋਂ ਸ਼ਕਾਇਤ ਸੀ ਕਿ ਉਹ ਲੋਕਾਂ ਨਾਲ ਵਿਚਾਰ ਵਟਾਂਦਰਾ ਨਹੀਂ ਕਰਦੇ।

ਸਵਾਲ - ਚੰਨੀ ਤੋਂ ਪਹਿਲਾਂ ਕਿਹੜੇ ਦਲਿਤ ਚਿਹਰੇ ਸਿਆਸਤ ਵਿੱਚ ਵੱਡੇ ਅਹੁਦਿਆਂ ਉੱਤੇ ਨਜ਼ਰ ਆਉਂਦੇ ਹਨ?

ਜਵਾਬ- ਬਹੁਤ ਸਾਰੇ ਨਾਮ ਹਨ ਤੇ ਆਜ਼ਾਦੀ ਤੋਂ ਪਹਿਲਾਂ ਦੇ ਨਾਮ ਦੱਸ ਦਿੰਦਾ ਹਾਂ।

ਸਭ ਤੋਂ ਪਹਿਲਾ ਨਾਮ ਬਾਬੂ ਮੰਗੂ ਰਾਮ ਦਾ ਹੈ, ਮੱਗੋਵਾਲ ਪਿੰਡ ਹੈ ਉਨ੍ਹਾਂ ਦਾ ਗੜ੍ਹਸ਼ੰਕਰ ਵਿੱਚ ਜਿੱਥੇ ਉਹ ਰਹਿੰਦੇ ਹਨ। ਉਨ੍ਹਾਂ ਦਾ ਬਹੁਤ ਯੋਗਦਾਨ ਸੀ ਅਤੇ ਗਦਰ ਪਾਰਟੀ ਵਿੱਚ ਚੰਗੇ ਕਾਰਕੁੰਨ ਸਨ।

ਉਸ ਤੋਂ ਬਾਅਦ ਮਾਸਟਰ ਗੁਵੰਤਾ ਸਿੰਘ, ਜੋ 1946 ਦੀਆਂ ਚੋਣਾਂ ਜਿੱਤੇ ਸਨ। ਉਸ ਤੋਂ ਬਾਅਦ ਸਵਰਨ ਰਾਮ ਹੋਰਾਂ ਦਾ ਪਰਿਵਾਰ, ਸਾਧੂ ਰਾਮ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਬਹੁਤ ਸਾਰੇ ਡੀਜੀਪੀ ਅਤੇ ਆਈਐਫ਼ਐਸ ਅਫ਼ਸਰ ਵੀ ਦਲਿਤ ਰਹੇ ਹਨ।

ਸਵਾਲ - ਪੰਜਾਬ ਵਿੱਚ ਕਿੰਨੇ ਹਲਕਿਆਂ ਵਿੱਚ ਦਲਿਤ ਵੋਟ ਬੈਂਕ ਅਹਿਮ ਮੰਨਿਆ ਜਾਂਦਾ ਹੈ?

ਜਵਾਬ- ਦੁਆਬੇ ਵਿੱਚ ਤਾਂ ਹਰ ਪਾਸੇ ਦਲਿਤ ਵੋਟ ਬੈਂਕ ਅਹਿਮ ਹੈ, ਇਸ ਤੋਂ ਇਲਾਵਾ ਮਾਲਵੇ ਅਤੇ ਮਾਝੇ ਵਿੱਚ ਵੀ ਅਹਿਮ ਹੈ।



Ronki Ram
Shaheed Bhagat Singh Chair
Professor of Political Science
Panjab University, Chandigarh 160014, India
E-mail: ronkiram@yahoo.co.in
Visiting Professor, Centre for Sikh and Panjabi Studies
University of Wolverhampton (UK)

ਬਹੁਤ ਸਾਰੇ ਇਲਾਕੇ ਤਾਂ ਅਜਿਹੇ ਹਨ ਜਿਨ੍ਹਾਂ ਵਿੱਚ 100 ਵਿੱਚੋਂ 90 ਦਲਿਤ ਹਨ।

ਵੈਸੇ ਪਿੰਡਾਂ ਵਿੱਚ 40 ਫੀਸਦੀ ਆਬਾਦੀ ਦਲਿਤਾਂ ਦੀ ਤਾਂ ਹੈ। ਪੰਜਾਬ ਦੇ ਪਿੰਡਾਂ ਵਿੱਚ ਦਲਿਤ ਅਤੇ ਜੱਟ ਭਾਈਚਾਰੇ ਦੇ ਲੋਕ ਖੇਤੀਬਾੜੀ ਨਾਲ ਜਿਆਦਾ ਜੁੜੇ ਹਨ।

ਪ ੁ ਰ ੇ

ਪੰਜਾਬ ਵਿੱਚ ਲਗਭਗ 32-33 ਫੀਸਦੀ ਆਬਾਦੀ ਦਲਿਤਾਂ ਦੀ ਹੈ ਅਤੇ ਕਾਂਗਰਸ ਲਈ ਇਹ ਕਦਮ ਲਾਹਾ ਖੱਟਣ ਵੱਲ ਤਾਂ ਹੈ ਹੀ, ਭਾਵੇਂ ਵੱਖ-ਵੱਖ ਸਿਆਸੀ ਪਾਰਟੀਆਂ ਪ੍ਰਤੀਕਰਮ ਦੇ ਰਹੀਆਂ ਹਨ। ਕਾਂਗਰਸ ਦਾ ਇਹ ਨਵਾਂ ਕਦਮ ਬਾਕੀ ਪਾਰਟੀਆਂ ਤੋਂ ਇਨ੍ਹਾਂ ਨੂੰ ਅੱਗੇ ਲੈ ਕੇ ਜਾਵੇਗਾ।








ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਹੋਰ ਸਿਆਸੀ ਪਾਰ-ਟੀਆਂ ਵੱਲੋਂ ਦਲਿਤ ਭਾਈਚਾਰੇ ਤੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਬਣਾਉਣ ਦੇ ਵਾਅਦੇ ਤਾਂ ਕੀਤੇ ਜਾ ਰਹੇ ਸਨ ਪਰ ਉਸ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ ਸੀ ਪਰ ਹੁਣ ਤਾਂ ਇਹ ਹੋ ਗਿਆ ਹੈ।

ਹੁਣ ਆਉਣ ਵਾਲੇ ਸਮੇਂ ਵਿੱਚ ਚੋਣਾਂ ਇਸੇ ਦਲਿਤ ਚਿਹਰੇ ਉੱਤੇ ਲੜੀਆਂ ਜਾਣਗੀਆਂ ਅਤੇ ਇਹ ਕਾਂਗਰਸ ਪਾਰਟੀ ਲਈ ਅਤੇ ਦਲਿਤ ਭਾਈਚਾਰੇ ਲਈ ਵੱਡੀ ਪ੍ਰਾਪਤੀ ਹੈ।

ਸਵਾਲ - ਕੀ ਦਲਿਤ ਚਿਹਰਾ ਬਤੌਰ ਮੁੱਖ ਮੰਤਰੀ ਪੇਸ਼ ਕਰਨਾ ਦਿਖਾਵਾ ਹੈ?

ਜਵਾਬ- ਜਦੋਂ ਕੋਈ ਚੰਗੀ ਤਬਦੀਲੀ ਹੁੰਦੀ ਹੈ, ਕਿਉਂਕਿ ਚੋਣਾਂ ਦਾ ਮਾਹੌਲ ਹੈ ਤੇ ਵੱਖ-ਵੱਖ ਬਿਆਨ ਆ ਸਕਦੇ ਹਨ। ਇਹ ਦਿਖਾਵਾ ਵੀ ਹੈ ਅਤੇ ਦਿਖਾਵਾ ਹੈ ਕਿ ਦਲਿਤ ਭਾਈਚਾਰੇ 'ਚੋਂ ਬਰਾਬਰਤਾ ਦੇਣ ਦੀ ਪਹਿਲਕਦਮੀ ਹੋਈ ਹੈ। ਜੇ ਇਹ ਦਿਖਾਵਾ ਵੀ ਹੋਇਆ ਤਾਂ ਇਸ ਦੇ ਮਾਅਨੇ ਹਨ। ਇਸ ਬਾਰੇ ਵਾਅਦਾ ਨਹੀਂ ਕੀਤਾ ਗਿਆ ਹੈ ਸਗੋਂ ਮੁੱਖ ਮੰਤਰੀ ਬਣਾ ਦਿੱਤਾ ਗਿਆ ਹੈ।

ਮੈਨੂੰ ਲਗਦਾ ਹੈ ਕਿ ਇਸ ਫ਼ੈਸਲੇ ਨੂੰ ਲੋਕ ਸਮਝਦਾਰੀ ਨਾਲ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ।

ਕਈ ਚੀਜ਼ਾਂ ਦੇ ਪ੍ਰਤੀਕਾਤਮਕ ਅਰਥ ਵੀ ਹੁੰਦੇ ਹਨ ਤੇ ਇਸ ਦਾ ਇਹੀ ਅਰਥ ਹੈ। ਇਹ ਕਾਂਗਰਸ ਪਾਰਟੀ ਦਾ ਨਜ਼ਰੀਆ ਸੀ ਕਿਉਂਕਿ ਜਦੋਂ ਇਹ ਪਾਰਟੀ ਹੋਂਦ ਵਿੱਚ ਆਈ ਸੀ ਤਾਂ ਵੱਖ-ਵੱਖ ਤਰ੍ਹਾਂ ਦੇ ਵਿਚਾਰ ਆਏ ਸਨ।

ਹੁਣ ਇਸ ਨਵੀਂ ਧਾਰਨਾ ਦੀ ਪੰਜਾਬ ਵਿੱਚ ਬਹੁਤ ਅਹਿਮੀਅਤ ਹੈ।

ਸਵਾਲ - ਕੀ ਕਾਰਨ ਹੈ&;ਕਿ ਇਨ੍ਹਾਂ&;ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਦਲਿਤ ਚਿਹਰੇ ਬਾਰੇ ਚਰਚਾ ਹੋ ਰਹੀ ਹੈ?

ਜਵਾਬ- ਕੁਝ ਸਮੇਂ ਤੋਂ ਜਿਸ ਤਰ੍ਹਾਂ ਕਾਂਗਰਸ ਅੰਦਰ ਕੁਝ ਮੁੱਦਿਆਂ ਨੂੰ ਲੈ ਕੇ ਕਸ਼ਮਕਸ਼ ਚੱਲ ਰਹੀ ਸੀ ਅਤੇ ਕੁਝ ਗੱਲਾਂ ਇਹ ਵੀ ਸਨ ਕਿ ਐਂਟੀ ਇਨਕੰਬੈਸੀ ਫੈਕਟਰ ਹੈ। ਇਹ ਸਿਰਫ਼ ਇਕੱਲੇ ਪੰਜਾਬ ਵਿੱਚ ਹੀ ਨਹੀਂ, ਬਹੁਤ ਸਾਰੇ ਸੂਬਿਆਂ ਵਿੱਚ ਮੁੱਖ ਮੰਤਰੀਆਂ ਨੂੰ ਬਦਲਿਆ ਜਾ ਰਿਹਾ ਹੈ ਤਾਂ ਜੋ ਐਂਟੀ ਇਨਕੰਬੈਸੀ ਫੈਕਟਰ ਨੂੰ ਘੱਟ ਕੀਤਾ ਜਾ ਸਕੇ।

ਪੰਜਾਬ ਕਾਂਗਰਸ ਅੰਦਰ ਵਿਦਰੋਹ ਦੀ ਸ਼ੁਰੂਆਤ ਚਰਨਜੀਤ ਸਿੰਘ ਚੰਨੀ ਵੱਲੋਂ ਹੀ ਕੀਤੀ ਗਈ ਸੀ. ਚੰਨੀ ਨੇ ਚੰਗੇ ਤਰੀਕੇ ਨਾਲ ਪਾਰਟੀ ਵਿੱਚ ਥਾਂ ਬਣਾਈ ਹੈ ਅਤੇ ਉਨ੍ਹਾਂ ਵਿੱਚ ਲੀਡਰਸਿਪ ਭਾਵਨਾ ਵੀ ਹੈ।

ਉਨ੍ਹਾਂ ਖਿਲਾਫ਼ ਕੁਝ ਵਿਵਾਦ ਹੀ ਹੋਏ ਪਰ ਉਨ੍ਹਾਂ ਨੇ ਬਹੁਤ ਹੀ ਚੰਗੇ ਤਰੀਕੇ ਨਾਲ ਉਨ੍ਹਾਂ ਨਾਲ ਨਜਿੱਠਿਆ ਹੈ।

ਸਵਾਲ - ਕਾਂਗਰਸ ਨੇ ਕੀ ਦਲਿਤ ਮੁੱਖ ਮੰਤਰੀ ਬਣਾ ਕੇ ਹੋਰ ਪਾਰਟੀਆਂ ਦੇ ਮੁਕਾਬਲੇ ਬਾਜ਼ੀ ਮਾਰ ਲਈ ਹੈ?

ਜਵਾਬ- ਕਾਫ਼ੀ ਸਮੇਂ ਤੋਂ ਪੰਜਾਬ ਦੇ ਸਿਆਸੀ ਖੇਤਰ ਵਿੱਚ ਇਹ ਗੱਲ ਉੱਭਰ ਕੇ ਆ ਰਹੀ ਸੀ ਕਿ ਦਲਿਤ ਆਬਾਦੀ ਦੀ ਪ੍ਰਤਿਨਿਧਤਾ ਚੰਗੇ ਤਰੀਕੇ ਨਾਲ ਹੋਣੀ ਚਾਹੀਦੀ ਹੈ। ਘੱਟੋ-ਘੱਟ ਡਿਪਟੀ ਸੀਐਮ ਹੋਣਾ ਚਾਹੀਦਾ ਹੈ।

ਇਸ ਸਭ ਨੂੰ ਲੈ ਕੇ ਕਾਂਗਰਸ ਪਾਰਟੀ ਵਿੱਚ ਨਵੀਂ ਸੋਚ ਆਈ ਵਰਗ ਦੀਆਂ ਨੌਕਰੀਆਂ ਵਿੱਚ ਹੈ। ਪਾਰਟੀ ਵਿੱਚ ਵੀ ਸਾਨੂੰ ਸਬੋਰਡਿਨੇਟ ਰੱਖਿਆ ਜਾਂਦਾ ਹੈ ਅਤੇ ਹਾਈ ਰੈਂਕ ਉੱਤੇ ਨਹੀਂ ਰੱਖਿਆ ਜਾਂਦਾ। ਇਸ ਕਦਮ ਨਾਲ ਹੁਣ ਪੰਜਾਬ ਵਿੱਚ ਇੱਕ ਨਵਾਂ ਵਿਚਾਰ ਉੱਠੇਗਾ ਤੇ ਉਸ ਵਿਚਾਰ ਨਾਲ ਇੱਕ ਨਵੀਂ ਬਹਿਸ ਉੱਠੇਗੀ।

ਸਵਾਲ - ਜੱਟ ਮੁੱਖ ਮੰਤਰੀ ਜਿਆਦਾ ਬਣੇ ਹੁਣ ਤੱਕ, ਹੁਣ ਦਲਿਤ ਮੁੱਖ ਮੰਤਰੀ ਦੇ ਆਉਣ ਨਾਲ ਜੱਟ ਭਾਈਚਾਰੇ ਦਾ ਕੀ ਰੁਖ਼ ਹੋ ਸਕਦਾ ਹੈ?

ਜਵਾਬ - ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦਾ ਜੋ ਵੋਟ ਬੈਂਕ ਹੋ ਉਹ ਕਿਸੇ ਇੱਕ ਭਾਈਚਾਰੇ ਨਾਲ ਜੁੜਿਆ ਨਹੀਂ ਹੈ। ਜੇ ਵੱਡੀ ਗਿਣਤੀ ਵਿੱਚ ਜੱਟ ਭਾਈਚਾਰੇ ਦੇ ਲੋਕ ਅਕਾਲੀ ਦਲ ਨਾਲ ਜੁੜੇ ਹੋਏ ਹਨ ਤਾਂ ਇਸੇ ਭਾਈਚਾਰੇ ਦਾ ਵੱਡਾ ਹਿੱਸਾ ਕਾਂਗਰਸ ਨਾਲ ਵੀ ਜੁੜਿਆ ਹੋਇਆ ਹੈ। ਪੰਜਾਬ ਵਿੱਚ ਫਿਰਕੂਵਾਦ ਦੇ ਅਧਾਰ 'ਤੇ ਧਰੁਵੀਕਰਨ ਹੋਣ ਦਾ ਸੱਭਿਆਚਾਰ ਨਹੀਂ ਹੈ। ਚਰਨਜੀਤ ਸਿੰਘ ਚੰਨੀ ਹੁਣ ਆਪਣੀ ਲੀਡਰਸ਼ਿਪ ਨੂੰ ਸਾਰੇ ਲੋਕਾਂ ਨਾਲ ਲੈ ਕੇ ਕਿਵੇਂ ਚੱਲਦੇ ਹਨ, ਕਿਵੇਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਦੇ ਹਨ, ਇਸ 'ਤੇ ਨਿਰਭਰ ਕਰੇਗਾ।

ਹੁਣ ਪੰਜਾਬ ਦੀ ਸਿਆਸਤ ਵਿਕਾਸ ਉੱਤੇ ਆਧਾਰਿਤ ਹੋਵੇਗੀ। ਜਾਤ ਪਾਤ ਦਾ ਤਾਂ ਰੋਲ ਹੈ।

ਸਵਾਲ - ਕੀ ਹੁਣ ਨਵੇਂ ਕਦਮ ਨਾਲ ਦਲਿਤਾਂ ਦਾ ਝੁਕਾਅ ਪੂਰੀ ਤਰ੍ਹਾਂ ਕਾਂਗਰਸ ਵੱਲ ਹੋਵੇਗਾ?

ਜਵਾਬ- ਕਾਂਗਰਸ ਪ੍ਰਤੀ ਦਲਿਤ ਭਾਈਚਾਰੇ ਦੀ ਥੋੜ੍ਹੀ ਨਾਰ-ਾਜ਼ਗੀ ਇਹ ਵੀ ਰਹੀ ਹੈ ਕਿ ਇਸ ਪਾਰਟੀ ਵਿੱਚ ਸਾਡਾ ਬਣਦਾ ਰੁਤਬਾ ਨਹੀਂ ਮਿਲ ਰਿਹਾ। ਹੁਣ ਕਾਂਗਰਸ ਨਾਲ ਉਨ੍ਹਾਂ ਦੀ ਸਾਂਝ ਮੁੜ ਸੁਰਜੀਤ ਹੋਵੇਗੀ।

ਭਾਵੇਂ ਚੋਣਾਂ ਦਾ ਮਨੋਰਥ ਹੋਵੇ ਜਾਂ ਦਿਖਾਵੇ ਦਾ, ਇੱਕ ਪਹਿ-ਲਕਦਮੀ ਤਾਂ ਹੈ ਅਤੇ ਇਸੇ ਕਰਕੇ ਇਸ ਦੁਆਲੇ ਬਹਿਸ ਵੀ ਹੋਵੇਗੀ।

ਆਉਣ ਵਾਲੇ ਸਮੇਂ ਵਿੱਚ ਕਾਂਗਰਸ ਵੱਲੋਂ 2022 ਦੀਆਂ ਚੋਣਾਂ ਚੰਨੀ ਦੇ ਚਿਹਰੇ ਉੱਤੇ ਲੜੀਆਂ ਜਾਣਗੀਆਂ।

ਸਵਾਲ - ਪੰਜਾਬ ਬਸਪਾ ਮੁਤਾਬਕ ਆਜ਼ਾਦੀ ਦੇ 74 ਸਾਲ ਬਾਅਦ ਕਾਂਗਰਸ ਦਾ ਦਲਿਤਾਂ ਪ੍ਰਤੀ ਪਿਆਰ ਜਾਗਣਾ ਬਸਪਾ ਦੀ ਵੱਧਦੀ ਤਾਕਤ ਦੇ ਚਲਦਿਆਂ ਬਣੀ ਦਹਿਸ਼ਤ ਦਾ ਨਤੀਜਾ ਹੈ, ਕੀ ਕਹੋਗੇ?

ਜਵਾਬ- ਸਿਆਸੀ ਇਤਿਹਾਸ ਵਿੱਚ ਪੰਜਾਬ ਵਿੱਚ ਕਾਂਗਰਸ ਦੇ ਖੇਮੇ ਵਿੱਚ ਦਲਿਤ ਭਾਈਚਾਰੇ ਹਮੇਸ਼ਾ ਰਿਹਾ ਹੈ। ਕਾਂਗਰਸ ਦਾ ਇਹ ਵੀ ਕਹਿੰਦੀ ਹੈ ਸਾਡੀ ਕੋਸ਼ਿਸ਼ ਸਦਕਾ (ਭਾਵੇਂ ਹੋਰ ਪਾਰ-ਟੀਆਂ ਦਾ ਸਾਥ ਸੀ) ਰਾਖਵਾਂਕਾਰਨ, ਨਰੇਗਾ ਆਦਿ ਦੀ ਗੱਲ ਕੀਤੀ ਹੈ।

ਸਵਾਲ - ਚਰਨਜੀਤ ਸਿੰਘ ਚੰਨੀ ਅੱਗੇ ਚੁਣੌਤੀਆਂ ਕੀ ਹਨ?

ਜਵਾਬ- ਸਭ ਤੋਂ ਵੱਡੀ ਚੁਣੌਤੀ ਤਾਂ ਇਹ ਹੈ ਕਿ ਪੰਜਾਬ ਨੂੰ ਆਰਥਿਕ ਸੰਕਟ ਤੋਂ ਬਾਹਰ ਕਿਵੇਂ ਕੱਢਣਾ ਹੈ।

ਦੂਜੀ ਚੁਣੌਤੀ ਦਿੱਲੀ ਦੇ ਬਾਰਡਰਾਂ ਉੱਤੇ ਚੱਲ ਰਹੇ ਅੰਦੋਲਨ ਜਿਸ ਉੱਤੇ ਕੈਪਟਨ ਅਮਰਿੰਦਰ ਦਾ ਸਟੈਂਡ ਸਾਫ਼ ਰਿਹਾ ਹੈ, ਕੀ ਚੰਨੀ ਸਾਹਿਬ ਉਸ ਸਟੈਂਡ ਨੂੰ ਬਰਕਰਾਰ ਰੱਖ ਕੇ ਹੋਰ ਅੱਗੇ

**(ਧੰਨਵਾਦ ਸਹਿਤ ਬੀਬੀਸੀ)**

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# Change of Guard in Punjab: The Time of New Idea has Come!

**Invited editorial article**




**Ronki Ram**

Shaheed Bhagat Singh Chair
Professor of Political Science
Panjab University, Chandigarh 160014, India
E-mail: ronkiram@yahoo.co.in
Visiting Professor, Centre for Sikh and Panjabi Studies
University of Wolverhampton (UK)


A narrative of Dalit share in the higher echelon of power politics in Punjab have been making rounds for quite a some time with a gaze on early 2022 state assembly election. All political parties have been promising,if elected to form a government in Punjab, to honour the Dalit community (almost 1/3 of the total population in the state) by making someone of them as Deputy Chief-minister/Chief-minister. However, the Indian National Congress (INC) preempted the move much before the forthcoming state assembly elections, by elevating Charanjit Singh Channi, a Ramdassia Dalit Sikh and sitting MLA from the prestigious Chamkaur Sahib SC reserved seat, as the 17th Chief-minister of Punjab.





Charanjit Singh Channi's elevation to the highest position in the state electoral democratic set up was preceded by a few months political imbroglio that kept the Punjab state Congress party leadership as well the central high command on their toes. From both ends, prominent leaders kept on shuttling between Delhi and Chandigarh. The main contention originated in the outbursts of Navjot Singh Sidhu who began raining political blows on the leadership style of former Chief-minister Captain Amarinder Singh and his poor handling of the law and order situations in the state and its fast declining financial health. In the meantime, Charanjit Singh Channi also upped the ante while highlighting the case of some of the MLAS who were not given their due and especially of neglecting the cause of the Dalits. However, though Channi raised such issues firmly, he did not make them lingering issues of controversy. He handled the situation dexterously and in the process of his astute crisis management not only improved upon the situation efficiently but also elevated the problem-solving aspect of his empathetic personality.

Channi has the ability to develop rapport even with his adversaries that rewarded him richly during the volatile circumstances just before his elevation. That his elevation has been celebrated equally across varied political and social fault lines is not only a testimony of his popularity among his peers but also spoke about his acceptance even in the camp of his opponents. Many views converge on his being a Dalit as a major factor behind his elevation. No doubt, that point cannot be set aside, as Dalits constitute on third of the total population of Punjab; and appointing a Dalit Chief-minister for the first time in the history of Punjab is not short of a masterstroke. Yes it may genuinely turn out a masterstroke in the sense that his being at the helm of the government would generate lots of social capital for the Dalits of the state. Though there are 39 different castes among the Scheduled Castes of Punjab and they are scattered over Hindu, Sikh, Christian and Buddhist religions and affiliated to innumerable alternative dera-based faiths and cultural centres, but to the out side regional world they all are known for their being Ex-untouchables. In other words, there are various sub-identities within the larger umbrella Dalit identity. The elevation of Charanjit Singh Channi will cater to that larger umbrella Dalit identity in the long run. His elevation will act as a catalyst to shift Dalit votes in bulk towards the Congress in the image of his being their community fellow, who is there at the top of the political power hierarchy, as a moral and cultural solace against the historical social subjugation they have been subjected to at the grassroots and even denied any hope to climb up the citadel of power.

Apart from Dalit factor, there are many other positive considerations that converged to push his case for the post the Chief-minister. Channi is well qualified: M.A., LLB, MBA, registered PhD scholar at Panjab University, Chandigarh. During his school and college days he made his place in sports. He was an ace Bhangra artiste as well as a university level player. He excelled at all these levels despite his extreme family poverty, and through sheer hard work. After his oath-taking ceremony, while interacting with the press, with wet eyes, he told how he used to help his mother to fetch mud from the village pond to repair their kachha house. He happened to be three-time councilor before chiseling his space in the electoral politics of the state. He first became an MLA as an independent candidate in 2007 assembly elections from Chamkaur Sahib assembly constituency and later joined congress and won the next two consecutive assembly election from this prestigious constituency. He has substantial governmental experience, as he served as a leader of opposition in Punjab assembly in 2015-17 and was technical education minister in Captain Amarinder Singh headed Punjab state government. He is known for his amicable bearings that earned him ample popularity among his electorates and wider civil society. Though, for a quite long period of time, he was surrounded by controversies and accusations, but he faced them all with a transparent stance asking for the law of the land to take its proper course of action.

Yet another important manifestation that has given rise to a lot of discussion on electronic/social as well as print media is that his elevation has dramatically propelled the issues and political identity of Dalit Sikhs to the centre stage of contemporary Punjab politics. Those who are not familiar with the ground level social structure of the Punjabi society are astounded by use of the terminology of Dalit Sikhs with reference to the social background of the newly elected Chief-minister of the state. Dalit Sikhs often grieve that for no other reason but their lower social status they remain peripheral to structures of power even in Punjab, which is the only Sikh-majority state. The presence of various castes within Sikhism, including Dalit Sikhs, at the outset appears to be a misnomer, since this youngest religion in world was founded on negation of caste and dignity of women: Two prominent canons of Sikh philosophy. Other equally significant doctrines of this religion are: Earning by the sweat of one's brow, sharing the fruits of one's labour, and – above all – meditating on the essence of *Akālpurakh* (God). The articulation of such moral norms and emphasis on their implementation in the day-to-day life of the followers of the faith from the time of the first guru Baba Nanak (1469-1539), founder of the Sikh faith, has attracted a large number of people into its fold, particularly various historically deprived and socially excluded sections of Hindu society. Consequently, over the passage of time, magnificent diversity evolved within the Sikh Panth (community).

Sikhism does not recognise any kind of social stratification including castes. Before their conversion to Sikhism, Dalit Sikhs were Hindus, and had embraced Sikhism in the hope of gaining dignity and social equality. But the curse of casteism was not so easily shed, and even in their new religious avatar, social exclusion continued to follow them. Sikhism, despite its egalitarian philosophy, and the gallant well-meaning efforts of various Sikh reform organisations, for various reasons could not extricate itself from caste. The Census of 1881 and 1931 recorded different castes within the Sikh community, including Aroras, Ahluwalias, Bhattras, Chhimbas, Jats, Jheers, Khatris, Kambohs, Labanas, Lohars, Mahatam, Mazhabis, Nais, Ramgarhias, Ramdasias, Ranghretas, and Sainis. Eleven of these formed the core of the 'caste constituency' –Jat and Kamboh (agrarian); Khatri and Arora (mercantile); Tarkhan, Lohar, Nai, and Chhimba (artisan); Kalal (distiller); and Chamar and Chuhra (outcaste Dalits). The last two caste categories acquire new nomenclature areter converting into Sikhism. Those who were hereditary attached with weaving and leather workk came to be known as Ramdassias,

**(Contd. on next page)**

# Change of Guard in Punjab: The Time of New Idea has Come!

**(Continue from page 6)**

Ravidassias, and the ones who were dealing with scavenging were called Mazhabis and Ranghretas. Some other Dalit Sikh castes are Rai and Sansi Sikhs.

In terms of social status, Ramdassia, Ravidassia, Mazhabi, Ranghreta, Rai, and Sansi Sikhs – far from being bracketed with the topmost castes, i.e., Jat, Khatri, and Arora Sikhs – are categorised to be lower than Ramgarhia and Ahluwalia Sikhs. Most regrettably, Dalit Sikhs – like their counterparts in the Hindu caste hierarchy – are placed on the lowest rung of the Sikh caste hierarchy. They themselves disregard the egalitarian tenets of the Sikhism, and further subdivide themselves along caste lines: Marriage is within community boundaries, and Ramdasia and Ravidasia Sikhs consider themselves superior to the Mazhabi and Ranghreta Sikhs. Although Ramdasias and Ravidasias originated from Chamars, the former consider themselves superior to the latter. Sansis and Chamars are considered lower in hierarchy than the Mazhabis. But for non-Dalit castes, hierarchy within Dalit Sikhs carries no meaning. For them Sansi, Chamar and Mazhabi Dalit Sikhs are of the same – the lowest – rank.

In the borderland state of Punjab – primarily agriculture dominated and demographically thinned by heavy migration of youth, where Dalits have lowest share in the agriculture land (less than 5 percent cultivators) – despite their significant numerical strenght – they have failed to make their presence in the elected body of Punjab Legislative so far. Though 34 out of 117 assembly seats are reserved for the them in the state, but all those who got elected were supposed to toe the line of their respective political parties on whose ticket they were allowed to contest the elections. Thus despite their large numbers in the elecotral constituencies in Punjab, they were compelled to feel contented with much lower than what their actually deserved as their potential share in state governance. Dalits of Punjab, however, never compromised with their so-called lower social status. Given the moral and social support provided by the egalitarian and monotheistic spirtiual philosophy of Sikhism, on the one hand, and the Ad Dharm, Ambedkarite and Dalit-Bahujan Samaj movement of Babu Kanshi Ram, also a Ramdassia Dalit Sikh, on the other, Dalits of Punjab struggled hard to generate social and political consciousness among themselves that gave rise to the idea of Dalit emancipation and empowerment.

The elevation of Charanjit Singh Channi also hints at the arrival of the time of the idea of Dalit empowerment. Though in some rival political circles, the elevation is being projectedgenerally as a symbolic act and seemingly more out of compulsion than design, but its critical relevance at such a crucial stage in the political life of Punjab, when the state legitimacy crisis began deepening in the face of the failure of the Captain Amarinder Singh led government in fulfilling their long list of promises to the electorates and lack of faith in the genuine governability of the SAD, it seems, has at last ignited a new hope that all is not bad and there still exists possibility to start afresh to build a people-centric governing system in this borderland state of North India. Nevertheless, the new regime under the stewardship of Charanjit Singh Channi will continue to face same challenges that led to the downfall Captain Amarinder Singh. Moreover, there will be more expectations from Channi than Captain Amarinder, since his elevation was done by the high command to overcome the dysfunctionality of the earler regime. This was an open secret that the earlier CM was less accessible not only to general public but also to his own MLAs and MPs. Some of thecrises before Channi that can be quickly counted are: The farmers' agitation, unemployment, improvement in health and education sectors, drugs, sand mafia and long pending cases of sacrilege and law and order. In the aftermath of the change of guard, Captain Amarinder emphasied that the Congress should continue to support the farmers' agitation. Captain was about to launch a programme to provide government jobs to the next of kin of 150 farmers who have lost lives in the dharna against the farm laws. He has said that the new government should continue with the programme and provide them jobs. Contractual workers of Punjab Roadways have been protesting and demanding permanent jobs. They have intensified their agitation and the government has to deal with that as well.The new CM will have to see to the grievances in the police department. He will have to streamline the delay in pending cases pertaining to blasphemy law and drugs etc. Captain Amarinder had said that about 1,400 posts vacant for 25 years in educational institutions would be filled. There was often talk in bureaucratic circles and in the media that the state treasury was empty – so how will the government fulfill these pending demands? These are the challenges of governance, but the major challenge is how will the new CM keep the flock together to make a mark in the 2022 election.


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਹਰਭਜਨ ਸਿੰਘ ਰੰਧਾਵਾ ਨੇ ਪੰਜਾਬੀਆਂ ਦਾ ਨਾਮ ਚਮਕਾਇਆ

**ਫਰਿਜ਼ਨੋ (ਕੈਲੀ-ਫੋਰਨੀਆਂ)-** ਲੰਘੇ ਸ਼ਨੀਵਾਰ ਫਰਿਜ਼ਨੋ ਦੇ ਵੁਡਵਰਡ ਪਾਰਕ ਵਿੱਚ ਹਾਫ਼ ਮੈਰ-ਾਥਾਨ ਦੌੜ ਕਰਵਾਈ ਗਈ। ਇਸ ਦੌੜ ਵਿੱਚ 110 ਦੇ ਕਰੀਬ ਲੋਕਾਂ ਨੇ ਭਾਗ ਲਿਆ, ਇਹ ਦੌੜ 21 ਕਿੱਲੋਮੀਟਰ ਲੰਮੀ ਸੀ ਅਤੇ ਇਸ ਦੌੜ ਵਿੱਚ 60 ਤੋਂ 90 ਸਾਲ ਵਰਗ ਵਿੱਚ ਫਰਿਜ਼ਨੋ ਨਿਵਾਸੀ ਸੰਨੀ ਸਿੰਘ ਰੰਧਾਵਾ ਦੇ ਪਿਤਾ ਹਰਭਜਨ ਸਿੰਘ ਰੰਧਾਵਾ (66) ਨੇ ਦੂਸਰਾ ਸਥਾਨ ਹਾਸਲ ਕਰਕੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ। ਹਰਭਜਨ ਸਿੰਘ ਰੰਧਾਵਾ ਵਿਜ਼ਟਰ ਵੀਜ਼ੇ ਤੇ ਅਕਸਰ ਆਪਣੇ ਬੇਟੇ ਕੋਲ ਫਰਿਜ਼ਨੋ ਆਉਂਦੇ ਜਾਂਦੇ ਰਹਿੰਦੇ ਨੇ। ਉਹ ਪੰਜਾਬ ਤੋਂ ਅੰਮ੍ਰਿਤਸਰ ਸ਼ਹਿਰ ਦੀ ਰਣਜੀਤ ਐਵੇਨਿਊ ਕਲੋਨੀ, ਏ ਬਲਾਕ ਨਾਲ ਸਬੰਧ ਰੱਖਦੇ ਹਨ। ਉਹਨਾਂ 2019 ਅਤੇ 20 ਵਿੱਚ ਚੰਡੀਗੜ ਵਿਖੇ ਹੋਈ ਮੈਰਾਥਾਨ ਵਿੱਚ ਵੀ ਭਾਗ ਲਿਆ ਸੀ । ਅਤੇ



ਹੁਣ ਉਹ 3 ਅਕਤੂਬਰ ਨੂੰ ਫਰਿਜ਼ਨੋ ਡਾਊਨ ਟਾਊਨ ਵਿਖੇ ਹੋਣ ਵਾਲੀ ਅਗਲੀ ਹਾਫ਼ ਮੈਰਾਥਾਨ ਵਿੱਚ ਭਾਗ ਲੈਣ ਲਈ ਤਿਆਰੀ ਕਰ ਰਹੇ ਹਨ। ਉਹਨਾਂ ਇੰਡੀਅਨ ਨੇਵੀ ਦੇ ਨਾਲ ਨਾਲ ਮਰਚਿੰਡ ਨੇਵੀ ਵਿੱਚ ਵੀ ਬਤੌਰ ਇੰਜਨੀਅਰ ਸੇਵਾਵਾਂ ਨਿਭਾਈਆਂ। ਉਹਨਾਂ ਨੂੰ ਹਾਰਟ ਦੀ ਪ੍ਰੌਬਲਮ ਹੋਣ ਕਰਕੇ ਦੋ ਸਟੰਟ ਵੀ ਪੈ ਚੁੱਕੇ ਹਨ। ਪਰ ਉਹਨਾਂ ਦਿਲ ਦੀ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸਗੋਂ ਹਰਰੋਜ ਸਵੇਰਿਓ ਚਾਰ ਵਜੇ ਉੱਠਕੇ ਕਸਰਤ ਕਰਦੇ ਹਨ 'ਤੇ ਆਪਣੇ ਆਪ ਨੂੰ ਪੂਰਾ ਫਿੱਟ ਰੱਖਿਆ ਹੋਇਆ ਹੈ। ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਹਰਭਜਨ ਸਿੰਘ ਰੰਧਾਵਾ ਦੀ ਜਿੱਤ ਤੇ ਮਾਣ ਮਹਿਸੂਸ ਕਰ ਰਿਹਾ ਹੈ ।

# ਟੀਵੀ ਹੋਸਟ ਪ੍ਰਦੀਪ ਗਿੱਲ ਦਾ ਫਰਿਜ਼ਨੋ ਵਿਖੇ ਸੁਆਗਤ







**ਫਰਿਜ਼ਨੋ (ਕੈਲੀਫੋਰਨੀਆਂ)-** ਸੈਂਟਰਲਵੈਲੀ ਦੇ ਸੋਹਣੇ ਸ਼ਹਿਰ ਫਰਿਜ਼ਨੋ ਵਿੱਖੇ ਲੰਘੇ ਸ਼ੁੱਕਰਵਾਰ ਟੀਵੀ ਹੋਸਟ ਪ੍ਰਦੀਪ ਗਿੱਲ ਪਹੁੰਚੇ, ਜਿੱਥੇ ਉਹਨਾਂ ਦੇ ਸੁਆਗਤ ਹਿੱਤ ਕਬੱਡੀ ਪ੍ਰਮੋਟਰ ਅਤੇ ਟਰਾਂਸਪੋਰਟਰ ਨਾਜ਼ਰ ਸਿੰਘ ਸਹੋਤਾ ਨੇ ਆਪਣੇ ਟਰੱਕ ਯਾਰਡ ਬੰਬੇ ਬਿਜਨਸ ਪਾਰਕ ਵਿੱਚ ਯਾਰਾਂ ਦੋਸਤਾਂ ਦੀ ਮਹਿਫ਼ਲ ਲਾਈ। ਇਸ ਮੌਕੇ ਜਿੱਥੇ ਨਾਜ਼ਰ ਸਿੰਘ ਸਹੋਤਾ ਨੇ ਆਪਣੇ ਘੋੜੇ ਦੀ ਚਾਲ ਘੜਾਈ, ਓਥੇ ਇੱਕ ਸੱਭਿਆਚਾਰ ਪ੍ਰੋ-ਗਰਾਮ ਦਾ ਅਯੋਜਨ ਵੀ ਕੀਤਾ ਗਿਆ । ਜਿਸ ਵਿੱਚ ਗਾਇਕ ਧਰਮਵੀਰ ਥਾਂਦੀ, ਗੋਗੀ ਸੰਧੂ, ਅਕਾਸ਼ਦੀਪ, ਪੱਪੀ ਭਦੌੜ, ਮੀਕਾ ਸਿੰਘ, ਅਵਤਾਰ ਗਰੇਵਾਲ ਅਤੇ ਬਾਈ ਸੁਰਜੀਤ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੌਣਕ ਲਾਈ। ਇਸ ਮੌਕੇ ਐਕਟਰ-ਨਿਰਦੇਸ਼ਕ ਅਤੇ ਭੰਗੜਾ ਕਿੰਗ ਮਨਦੀਪ ਜਗਰਾਓ ਨੇ



ਢੋਲੀ ਮੀਕੇ ਦੇ ਢੋਲ ਤੇ ਬੋਲੀਆਂ ਪਾਕੇ ਹਾਜ਼ਰੀਨ ਦੇ ਪੱਬ ਥਿਰਕਣ ਲਾ ਦਿੱਤੇ ਅਤੇ ਪੰਜਾਬੀਆਂ ਨੇ ਨੱਚ ਨੱਚਕੇ ਅੰਬਰੀ ਧੂੜ ਚੜ੍ਹਾ ਦਿੱਤੀ। ਇਸ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਦਾ ਸਿਹਰਾ ਬਾਈ ਨਾਜ਼ਰ ਸਿੰਘ ਸਹੋਤਾ, ਮੇਲਾ ਸਿੰਘ, ਅਮਰ-ਜੀਤ ਦੌਧਰ, ਗੁੱਲੂ ਬਰਾੜ, ਕੁਲਵੰਤ ਧਾਲੀਆਂ, ਪਿੰਦਾ ਕੋਟਲਾ, ਮਿੰਟੂ ਉੱਪਲੀ, ਬਾਈ ਸੁਰਜੀਤ , ਜਗਤਾਰ ਬਰਾੜ, ਧਰਮਿੰਦਰ ਚੜਿੱਕ ਛਿੰਦਾ ਚਾਹਲ, ਭਰਪੂਰ ਸਿੰਘ ਸਰਪੰਚ, ਗੁਰਮੀਤ ਸਿੰਘ ਵੜਿਆਲ, ਮਨਜਿੰਦਰ ਸਿੰਘ ਵੜਿਆਲ, ਬਾਪੂ ਦਾਰਾਪੁਰੀਆ ਆਦਿ ਸੱਜਣਾ ਸਿਰ ਬੱਝਦਾ ਹੈ। ਇਸ ਮੌਕੇ ਮੋਗਾ ਮੀਟ ਵਾਲੇ ਦਿਲਬਾਗ ਗਿੱਲ ਦੇ ਚਿੱਕਨ ਅਤੇ ਸੁਆਦਿਸ਼ਟ ਪੀਜ਼ੇ ਦਾ ਪੰਜਾ-ਬੀਆਂ ਨੇ ਖ਼ੂਬ ਅਨੰਦ ਮਾਣਿਆ। ਅਤੇ ਖੁਸ਼ੀਆਂ ਖੇੜੇ ਵੰਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਯੂ ਐਸ ਏ ਖਬਰਨਾਮਾ (ਹੁਸਨ ਲੜੋਆ ਬੰਗਾ)

# ਬਜ਼ਟ ਰੀਕਾਂਸੀਲੀਏਸ਼ਨ ਬਿੱਲ ਤਹਿਤ ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਲੋਕਾਂ ਦਾ ਸੁਪਨਾ ਹੋਵੇਗਾ ਪੂਰਾ

**ਸੈਕਰਾਮੈਂਟੋ 17 ਸਤੰਬਰ–** ਬਜ਼ਟ ਰੀਕਾਂਸੀਲੀਏਸ਼ਨ ਬਿੱਲੋ ਜਿਸ ਨੂੰ ਸਦਨ ਦੀ ਜੁਡੀਸ਼ਰੀ ਕਮੇਟੀ ਨੇ ਪਾਸ ਕਰ ਦਿੱਤਾ ਹੈ, ਵਿਚ ਇਕ ਇਤਿਹਾਸਕ ਤਜਵੀਜ਼ ਸ਼ਾਮਿਲ ਹੈ, ਜਿਸ ਤਹਿਤ ਪਿਛਲੇ ਕਈ ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਲੋਕਾਂ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਭਾਰਤੀ ਮੂਲ ਦੇ ਹਜ਼ਾਰਾਂ ਅਮਰੀਕੀਆਂ ਸਮੇਤ ਲੱਖਾਂ ਲੋਕਾਂ ਨੂੰ ਇਸ ਦਾ ਫਾਇਦਾ ਹੋਵੇਗਾ ਤੇ ਉਹ 5000 ਡਾਲਰ ਦੀ ਫੀਸ ਭਰ ਕੇ ਤੁਰੰਤ ਗਰੀਨ ਕਾਰਡ ਲੈਣ ਦੇ ਯੋਗ ਹੋ ਜਾਣਗੇ।

ਇਮੀਗਰੇਸ਼ਨ ਅਟਾਰਨੀ ਜਨਰਲ ਸਾਇਰਸ ਮਹਿਤਾ ਅਨੁਸਾਰ ਗਰੀਨ ਕਾਰਡ ਦੀ ਕਤਾਰ ਵਿਚ ਲੱਗਾ ਤਕਰੀਬਨ ਹਰ ਵਿਅਕਤੀ ਨਿਸ਼ਚਤ ਫੀਸ ਦੀ ਅਦਾਇਗੀ ਕਰਕੇ ਆਪਣਾ ਸੁਪਨਾ ਪੂਰਾ ਕਰ ਸਕੇਗਾ। 12 ਲੱਖ ਤੋਂ ਵਧ ਭਾਰਤੀ ਮੂਲ ਦੇ ਅਮਰੀਕੀ ਐਚ-1ਬੀ ਵੀਜ਼ੇ ਉਪਰ ਅਮਰੀਕਾ ਟਿਕੇ ਹੋਏ ਹਨ ਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਬੱਚੇ ਗਰੀਨ ਕਾਰਡ ਕਤਾਰ ਵਿਚ ਲੱਗੇ ਹੋਏ ਹਨ।

ਦਰਅਸਲ ਮੌਜੂਦਾ ਵਿਵਸਥਾ ਤਹਿਤ ਕਿਸੇ ਦੇਸ਼ ਦੇ ਕੇਵਲ 1,40,000 ਰੁਜ਼ਗਾਰ ਅਧਾਰਤ ਵਿਅਕਤੀਆਂ ਵਿਚੋਂ ਕੇਵਲ 7× ਨੂੰ ਹਰ ਸਾਲ ਗਰੀਨ ਕਾਰਡ ਦਿੱਤੇ ਜਾਂਦੇ ਹਨ। ਭਾਰਤੀ ਮੂਲ ਦੇ 9000 ਤੋਂ ਵੀ ਘੱਟ ਅਮਰੀਕੀਆਂ ਨੂੰ ਇਕ ਸਾਲ ਵਿਚ ਰੁਜ਼ਗਾਰ ਅਧਾਰਤ ਗਰੀਨ ਕਾਰਡ ਦਿੱਤੇ ਜਾਂਦੇ ਹਨ। ਜੁਡੀਸ਼ਰੀ ਕਮੇਟੀ ਦੁਆਰਾ ਪਾਸ ਕੀਤੇ ਬਿੱਲ ਵਿਚ ਐਚ-1 ਬੀ ਵੀਜ਼ੇ ਉਪਰ ਰਹਿ ਰਹੇ ਬੱਚੇ ਵੀ ਅਮਰੀਕਾ ਦੇ ਸਥਾਈ ਨਿਵਾਸੀ ਦਾ ਰੁਤਬਾ ਹਾਸਲ ਕਰ ਸਕਣਗੇ।

ਇਸ ਸਮੇ ਇਨਾਂ ਬੱਚਿਆਂ ਉਪਰ 18 ਸਾਲ ਦੇ ਹੋਣ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ। ਇਸ ਬਿੱਲ ਤਹਿਤ ਡਾਕਟਰਾਂ, ਨਰਸਾਂ ਸਮੇਤ ਆਈ ਟੀ ਖੇਤਰ, ਨਿਰਮਾਣ ਇਕਾਈਆਂ ਤੇ ਹੋਰ ਕੰਮਾਂ ਧੰਦਿਆਂ ਵਿਚ ਲੱਗੇ ਲੋਕਾਂ ਨੂੰ ਵੀ ਗਰੀਨ ਕਾਰਡ ਦੇਣ ਦੀ ਵਿਵਸਥਾ ਹੈ। ਇਸ ਬਿੱਲ ਨਾਲ ਜਿਥੇ ਪਰਵਾਸੀਆਂ ਨੂੰ ਫਾਇਦਾ ਹੋਵੇਗਾ ਉਥੇ ਇਕ ਅਨੁਮਾਨ ਅਨੁਸਾਰ ਅਮਰੀਕਾ ਦੀ ਅਰਥ ਵਿਵਸਥਾ ਵਿਚ 6 ਅਰਬ ਡਾਲਰ ਆ ਜਾਣਗੇ। ਇਸ ਬਿੱਲ ਨੂੰ ਹੁਣ ਸੈਨਟ ਵਲੋਂ ਸਧਾਰਨ ਬਹੁਮਤ ਨਾਲ ਪਾਸ ਕਰਨ ਦੀ ਲੋੜ ਹੈ।

ਜੇਕਰ ਸੈਨਟ ਵਿਚ ਮੌਜੂਦਾ ਮੈਂਬਰਾਂ ਦੀ ਰਾਜਸੀ ਪ੍ਰਤੀਬੱਧਤਾ ਅਨੁਸਾਰ ਬਰਾਬਰ ਵੋਟਾਂ ਪੈਂਦੀਆਂ ਹਨ ਤਾਂ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਵੋਟ ਪਾ ਕੇ ਬਿੱਲ ਦੇ ਪਾਸ ਹੋਣ ਲਈ ਰਾਹ ਪੱਧਰਾ ਕਰ ਸਕਦੀ ਹੈ। ਰਾਜਸੀ ਮਾਹਿਰਾਂ ਦਾ ਵਿਚਾਰ ਹੈ ਕਿ ਜੇਕਰ ਸਮੁੱਚੇ ਰਿਪਬਲੀਕਨ ਮੈਂਬਰ ਬਿੱਲ ਦਾ ਵਿਰੋਧ ਕਰਦੇ ਹਨ ਤਾਂ ਵੀ ਇਹ ਪਾਸ ਹੋ ਜਾਵੇਗਾ ਜਦ ਕਿ ਸਮੁੱਚੇ ਰਿਪਬਲੀਕਨ ਮੈਂਬਰਾਂ ਵੱਲੋਂ ਬਿੱਲ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ।

# ਪ੍ਰਸਿੱਧ ਹਾਲੀਵੁੱਡ ਅਦਾਕਾਰਾ ਜੇਨ ਪਾਵੇਲ ਕਹਿ ਗਈ ਦੁਨੀਆ ਨੂੰ ਅਲਵਿਦਾ



**ਸੈਕਰਾਮੈਂਟੋ 17 ਸਤੰਬਰ** –ਸੈਵਨ ਬੈਰਾਈਡਜ਼ ਫਾਰ ਸੈਵਨ ਬੈਰਦਰਜ਼ੋ , ਰਾਇਲ ਵੈਡਿੰਗ ਤੇ ਹੋਰ ਫਿਲਮਾਂ ਵਿਚ ਯਾਦਗਾਰੀ ਭੂਮਿਕਾ ਨਿਭਾਉਣ ਵਾਲੀ ਪੈਰਸਿੱਧ ਅਦਾਕਾਰਾ ਜੇਨ ਪਾਵੇਲ 92 ਸਾਲ ਦੀ ਉਮਰ ਵਿਚ ਆਪਣੇ ਚਹੇਤਿਆਂ ਨੂੰ ਅਲਵਿਦਾ ਕਹਿ ਗਈ। ਪਾਵੇਲ ਦੇ ਲੰਬਾ ਸਮਾਂ ਮਿੱਤਰ ਰਹੇ ਸੂਸਾਨ ਗਰੈਂਜਰ ਨੇ ਉਸ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੇ ਵਿਲਟਨ, ਕੋਨੈਕਟੀਕਟ ਵਿਚ ਆਪਣੇ ਘਰ ਵਿਚ ਆਖਰੀ ਸਾਹ ਲਿਆ। ਉਹ ਕੁੱਦਰਤੀ ਮੌਤ ਮਰੀ ਹੈ ਤੇ ਕਿਸੇ ਵੀ ਬਿਮਾਰੀ ਤੋਂ ਪੀੜਤ ਨਹੀਂ ਸੀ। ਪਾਵੇਲ ਨੇ 5 ਸਾਲ ਦੀ ਉਮਰ ਵਿਚ ਪੋਰਟਲੈਂਡ, ਓਰਗੋਨ, ਵਿਚ ਰੇਡੀਓ ਉਪਰ ਗੀਤ ਗਾ ਕੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। 16 ਸਾਲ ਦੀ ਉਮਰ ਵਿਚ ਉਸ ਨੂੰ ਪਹਿਲੀ ਫਿਲਮ ਮਿਲੀ।

# ਅਮੈਰੀਕਨ ਸਿੱਖੋ ਐਨੀਮੇਟਡ ਲਘੂ ਫਿਲਮ ਰਲੀਜ਼



**ਸੈਕਰਾਮੈਂਟੋ 19 ਸਤੰਬਰ** –ਪਿਛਲੇ ਦਿਨ ਅਮੈਰੀਕਨ ਸਿੱਖੋ ਇਕ ਨਵੀਂ ਐਨੀਮੇਟਡ ਲਘੂ ਫਿਲਮ ਰਲੀਜ਼ ਹੋਈ। ਇਸ ਫਿਲਮ ਦੇ ਨਿਰਮਾਤਾ ਵਿਸ਼ਵਜੀਤ ਸਿੰਘ ਹਨ ਜੋ ਸਿੱਖਟੂਨਜ ਡਾਟ ਕਾਮ ਦੇ ਸੰਸਥਾਪਕ ਹਨ। ਫਿਲਮ ਦੇ ਨਿਰਦੇਸ਼ਕ ਰਿਆਨ ਵੈਸਟਰਾ ਹਨ ਜੋ ਚੈਪਮੈਨ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਹਨ। ਇਹ ਫਿਲਮ ਵਿਸ਼ਵਜੀਤ ਸਿੰਘ ਦੀ ਆਪਣੀ ਕਹਾਣੀ ਉਪਰ ਅਧਾਰਤ ਹੈ ਕਿ ਕਿਸ ਤਰਾਂ ਇਕ ਸਿੱਖ 1984 ਤੇ 9/11 ਸਮੇਤ ਆਈਆਂ ਹੋਰ ਔਕੜਾਂ ਦੌਰਾਨ ਆਪਣੀ ਜੀਵਨ ਯਾਤਰਾ ਜਾਰੀ ਰਖਦਾ ਹੈ ਤੇ ਉਹ ਹਿੰਸਾ ਨਾਲ ਇਕ ਵਿਲਖਣ ਤਰੀਕੇ 'ਕਲਾ ਦੀ ਸ਼ਕਤੀ' ਰਾਹੀਂ ਲੜਦਾ ਹੈ।

# ਐਫ ਡੀ ਏ ਨੇ 65 ਸਾਲ ਤੋਂ ਉਪਰ ਤੇ ਅੱਤ ਜੋਖਮ ਵਾਲੇ ਮਾਮਲਿਆਂ ਵਿਚ ਤੀਸਰਾ ਟੀਕਾ ਲਾਉਣ ਦੀ ਕੀਤੀ ਸਿਫਾਰਿਸ਼

**ਸੈਕਰਾਮੈਂਟੋ 18 ਸਤੰਬਰ** –ਲੰਬਾ ਸਮਾਂ ਵਿਚਾਰ ਵਟਾਂਦਰੇ ਉਪਰੰਤ ਇਕ ਪ੍ਰਮੁੱਖ ਸੰਘੀ ਸਲਾਹਕਾਰ ਕਮੇਟੀ ਨੇ 65 ਸਾਲ ਤੋਂ ਉਪਰ ਤੇ ਕੋਰੋਨਾ ਦੇ ਗੰਭੀਰ ਜੋਖਮ ਵਾਲੇ ਮਾਮਲਿਆਂ ਵਿਚ ਫਾਈਜ਼ਰ- ਬਾਇਓਨਟੈਕ ਕੋਵਿਡ-19 ਦੀ ਤੀਸਰੀ ਖੁਰਾਕ ਲਾਉਣ ਦੀ ਸਿਫਾਰਿਸ਼ ਕੀਤੀ ਹੈ।

ਇਹ ਬੂਸਟਰ ਵੈਕਸੀਨੇਸ਼ਨ ਉਨ੍ਹਾਂ ਵਿਅਕਤੀਆਂ ਨੂੰ ਲਾਈ ਜਾਵੇਗੀ ਜਿਨ੍ਹਾਂ ਦੇ ਮੁਕੰਮਲ ਟੀਕਾਕਰਣ ਨੂੰ 6 ਮਹੀਨੇ ਦਾ ਸਮਾਂ ਹੋ ਗਿਆ ਹੋਵੇਗਾ। ਸ਼ੁਰੂ ਵਿਚ ਇਹ ਸਵਾਲ ਪੈਦਾ ਹੋਇਆ ਸੀ ਕਿ ਕਿਉਂ ਨਾ 16 ਸਾਲ ਤੋਂ ਉਪਰ ਹਰ ਇਕ ਨੂੰ ਬੂਸਟਰ ਵੈਕਸੀਨੇਸ਼ਨ ਲਾਈ ਜਾਵੇ ਪਰੰਤੂ ਹੁਣ ਫੂਡ ਐਂਡ ਡਰੱਗ ਪ੍ਰਸ਼ਾਸ਼ਨ ਦੀ ਵੈਕਸੀਨ ਤੇ ਬਾਇਆਲੋਜੀ ਉਤਪਾਦਨਾਂ ਬਾਰੇ ਸਲਾਹਕਾਰ ਕਮੇਟੀ ਨੇ ਕਿਹਾ ਹੈ ਕਿ 65 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਤੀਸਰੀ ਖੁਰਾਕ ਦੀ ਲੋੜ ਸਬੰਧੀ ਲੋੜੀਂਦੇ ਸਬੂਤ ਨਾ ਕਾਫੀ ਹਨ।

ਕਮੇਟੀ ਮੈਂਬਰਾਂ ਨੇ ਸਪੱਸ਼ਟ ਕੀਤਾ ਹੈ ਕਿ ਅੱਤ ਜੋਖਮ ਵਾਲੇ ਮਾਮਲਿਆਂ ਵਿਚ ਸਿਹਤ ਸੰਭਾਲ ਵਰਕਰ ਤੇ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੂੰ ਕੰਮ ਦੌਰਾਨ ਕੋਵਿਡ ਦੇ ਵਧੇਰੇ ਖਤਰੇ ਦੀ ਸੰਭਾਵਨਾ ਹੋਵੇ।

***

# ਕਾਬੁਲ ਡਰੋਨ ਹਮਲਾ ਦੁੱਖਦਾਈ ਗਲਤੀ ਸੀ, ਪੈਂਟਾਗਨ ਨੇ ਕੀਤਾ ਸਵੀਕਾਰ

**ਸੈਕਰਾਮੈਂਟੋ 18 ਸਤੰਬਰ** –ਅਮਰੀਕਾ ਦੇ ਰੱਖਿਆ ਵਿਭਾਗ ਨੇ ਮੰਨਿਆ ਹੈ ਕਿ ਪਿਛਲੇ ਮਹੀਨੇ ਕਾਬੁਲ ਵਿਚ ਕੀਤਾ ਡਰੋਨ ਹਮਲਾ ਇਕ ਭਿਆਨਕ ਗਲਤੀ ਸੀ ਜਿਸ ਵਿਚ ਕੋਈ ਵੀ ਅੱਤਵਾਦੀ ਨਹੀਂ ਮਰਿਆ ਜਦ ਕਿ 7 ਬੱਚਿਆਂ ਸਮੇਤ 10 ਨਿਰਦੋਸ਼ ਲੋਕ ਮਾਰੇ ਗਏ ਸਨ। ਸ਼ੁਰੂ ਵਿਚ ਅਮਰੀਕਾ ਨੇ ਇਸ ਹਮਲੇ ਵਿਚ ਅੱਤਵਾਦੀ ਮਾਰੇ ਜਾਣ ਦਾ ਦਾਅਵਾ ਕੀਤਾ ਸੀ ਤੇ ਇਸ ਹਮਲੇ ਨੂੰ ਉਚਿਤ ਠਹਿਰਾਇਆ ਸੀ। ਅਮਰੀਕੀ ਸੈਂਟਰਲ ਕਮਾਂਡ ਦੇ ਮੁੱਖੀ ਜਨਰਲ ਫਰੈਂਕ ਮੈਕਨਜੀ ਨੇ ਕਿਹਾ ਹੈ ਕਿ ਸਾਡੀ ਜਾਂਚ ਹੁਣ ਮੁਕੰਮਲ ਹੋਈ ਹੈ ਤੇ ਅਸੀਂ ਇਸ ਸਿੱਟੇ ਉਪਰ ਪੁੱਜੇ ਹਾਂ ਕਿ ਇਹ ਹਮਲਾ ਦੁਖਦਾਈ ਗਲਤੀ ਸੀ। ਮੈਕਨਜੀ ਨੇ ਕਿਹਾ ਕਿ ਅਮਰੀਕੀ ਫੌਜੀਆਂ ਨੇ ਇਕ ਚਿੱਟੇ ਰੰਗ ਦੀ ਟੋਇਟਾ ਕੋਰੋਲਾ ਦਾ ਲਗਾਤਾਰ 8 ਘੰਟੇ ਪਿੱਛਾ ਕੀਤਾ ਤੇ ਉਹ ਇਸ ਸਿੱਟੇ ਉਪਰ ਪੁੱਜੇ ਕਿ ਇਹ ਟੋਇਟਾ ਕੋਰੋਲਾ ਸਾਡੇ ਲਈ ਖਤਰਾ ਹੈ। ਸਾਨੂੰ 60 ਤੋਂ ਵਧ ਖੁਫੀਆ ਸੂਚਨਾਵਾਂ ਮਿਲੀਆਂ ਸਨ ਜਿਨ੍ਹਾਂ ਵਿਚ ਸੰਕੇਤ ਦਿੱਤਾ ਗਿਆ ਸੀ ਕਿ ਹਮਲਾ ਹੋਣ ਵਾਲਾ ਹੈ। ਇਸ ਉਪਰੰਤ 6 ਰੀਪਰ ਡਰੋਨ ਨੇ ਟੋਇਟਾ ਕੋਰੋਲਾ ਦਾ ਪਿੱਛਾ ਕਰਕੇ ਉਸ ਨੂੰ ਨਸ਼ਟ ਕਰ ਦਿੱਤਾ। ਇਹ ਹਮਲਾ ਪਿਛਲੇ ਮਹੀਨੇ 29 ਅਗਸਤ ਨੂੰ ਉਸ ਵੇਲੇ ਕੀਤਾ ਗਿਆ ਸੀ ਜਦੋਂ ਅਫ਼ਗਾਨਿਸਤਾਨ ਵਿਚੋਂ ਅਮਰੀਕੀਆਂ ਤੇ ਹੋਰ ਲੋਕਾਂ ਨੂੰ ਕੱਢਣ ਲਈ ਅਫਰਾ ਤਫਰੀ ਦਾ ਮਾਹੌਲ ਬਣਿਆ ਹੋਇਆ ਸੀ। ਅਮਰੀਕੀ ਫੌਜ ਨੇ ਦਾਅਵਾ ਕੀਤਾ ਸੀ ਕਿ ਇਸ ਹਮਲੇ ਵਿਚ ਕਈ ਫਿਦਾਇਨ ਮਾਰੇ ਗਏ ਹਨ ਜੋ ਹਾਮਿਦ ਕਰਜ਼ਈ ਕੌਮਾਂਤਰੀ ਹਵਾਈ ਅੱਡੇ ਉਪਰ ਹਮਲਾ ਕਰਨ ਦੀ ਤਾਕ ਵਿਚ ਸਨ। ਇਹ ਵੀ ਦਾਅਵਾ ਕੀਤਾ ਸੀ ਕਿ ਜਿਸ ਗੱਡੀ ਵਿਚ ਫਿਦਾਇਨ ਸਵਾਰ ਸਨ ਉਹ ਧਮਾਕਾਖੇਜ਼ ਸਮੱਗਰੀ ਨਾਲ ਭਰੀ ਪਈ ਸੀ। ਇਸ ਦਾਅਵੇ ਦੇ ਤੁਰੰਤ ਬਾਅਦ ਅਮਰੀਕੀ ਫੌਜ ਦੇ ਹਮਲੇ ਵਿਚ ਇਕ ਪਰਿਵਾਰ ਦੇ ਕਈ ਮੈਂਬਰਾਂ ਦੇ ਮਾਰੇ ਜਾਣ ਦੀ ਰਿਪੋਰਟ ਸਾਹਮਣੇ ਆਈ ਸੀ ਜਿਸ 'ਤੇ ਪੈਂਟਾਗਨ ਨੇ ਵੀ ਆਮ ਨਾਗਰਿਕਾਂ ਦੇ ਮਾਰੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਸੀ।

# ਬਾਈਡਨ ਦੇ ਆਦੇਸ਼ 'ਤੇ ਹਜਾਰਾਂ ਹੈਤੀ ਪਰਵਾਸੀਆਂ ਨੂੰ ਭੇਜਿਆ ਜਾਵੇਗਾ ਵਾਪਿਸ

**ਸੈਕਰਾਮੈਂਟੋ 19 ਸਤੰਬਰ** –ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਹਰੀ ਝੰਡੀ ਮਿਲਣ ਉਪਰੰਤ ਪਿਛਲੇ ਦਿਨਾਂ ਦੌਰਾਨ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਏ ਹਜਾਰਾਂ ਹੈਤੀ ਵਾਸੀਆਂ ਨੂੰ ਵਾਪਿਸ ਭੇਜਣ ਲਈ ਬਾਈਡਨ ਪ੍ਰਸ਼ਾਸਨ ਨੇ ਕਮਰਕੱਸੇ ਕਰ ਲਏ ਹਨ। ਹਜ਼ਾਰ ਹੈਤੀ ਨਾਗਰਿਕ ਡੈਲ ਰੀਓ ਟੈਕਸਾਸ ਵਿਚ ਇਕ ਪੁਲ ਦੇ ਨੇੜੇ ਬੈਠੇ ਹਨ ਜਿਨ੍ਹਾਂ ਨੂੰ ਜਹਾਜ਼ਾਂ ਰਾਹੀਂ ਵਾਪਿਸ ਹੈਤੀ ਭੇਜਣ ਵਾਸਤੇ ਬਾਈਡਨ ਪ੍ਰਸ਼ਾਸਨ ਨੇ ਰਾਜ ਦੇ ਗਵਰਨਰ ਗਰੇਗ ਅਬੋਟ ਨਾਲ ਗੱਲਬਾਤ ਕਰਕੇ ਇਕ ਯੋਜਨਾ ਤਿਆਰ ਕਰ ਲਈ ਹੈ। ਗਵਰਨਰ ਅਮਰੀਕਾ ਵਿਚ ਆਏ ਹੈਤੀ ਪਰਵਾਸੀਆਂ ਦੇ ਹੜ੍ਹ ਨੂੰ ਸਰਹੱਦੀ ਸੰਕਟ ਕਰਾਰ ਦੇ ਚੁੱਕੇ ਹਨ। ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ਹੈਤੀ ਪਰਵਾਸੀਆਂ ਦੀ ਅਮਰੀਕਾ ਤੋਂ ਵਾਪਸੀ ਬਹੁਤ ਛੇਤੀ ਸ਼ੁਰੂ ਹੋ ਜਾਵੇਗੀ। ਇਹ ਵਾਪਸੀ ਬਾਈਡਨ ਪ੍ਰਸ਼ਾਸਨ ਦੀ 6 ਨੁਕਾਤੀ ਰਣਨੀਤੀ ਦਾ ਹਿੱਸਾ ਹੈ ਜਿਸ ਰਣਨੀਤੀ ਦਾ ਮਕਸਦ ਡੈਲ ਰੀਓ, ਟੈਕਸਾਸ ਵਿਚ ਸਰਹੱਦ ਰਾਹੀਂ ਦਾਖਲ ਹੁੰਦੇ ਪਰਵਾਸੀਆਂ ਨੂੰ ਰੋਕਣਾ ਹੈ। ਇਸ ਰਣਨੀਤੀ ਤਹਿਤ ਸਰਹੱਦ ਉਪਰ ਹੋਰ ਸੰਘੀ ਸੁਰੱਖਿਆ ਜਵਾਨ ਤਾਇਨਾਤ ਕੀਤੇ ਜਾਣਗੇ। ਪਰਵਾਸੀਆਂ ਨੂੰ ਲੱਭਿਆ ਹੋਵੇਗਾ ਤੇ ਅਮਰੀਕਾ ਵਿਚ ਪਰਵਾਸੀਆਂ ਲਈ ਰਹਿਣ ਸਹਿਣ ਦੇ ਹਾਲਾਤ ਵਿਚ ਸੁਧਾਰ ਕੀਤਾ ਜਾਵੇਗਾ। ਅਗਲੇ 48 ਘੰਟਿਆਂ ਦੌਰਾਨ 400 ਹੋਰ ਯੂ ਐਸ ਕਸਟਮਜ਼ ਤੇ ਬਾਰਡਰ ਰਖਿਆ ਜਵਾਨ ਤੇ ਅਫਸਰ ਡੈਲ ਰੀਓ ਭੇਜੇ ਜਾਣਗੇ ਤਾਂ ਜੋ ਪਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ ਤੇ ਖੇਤਰ ਉਪਰ ਕਾਰਗਰ ਨਿਗਰਾਨੀ ਕੀਤੀ ਜਾ ਸਕੇ। ਗ੍ਰਹਿ ਸੁਰੱਖਿਆ ਵਿਭਾਗ ਅਨੁਸਾਰ ਲੋੜ ਪੈਣ ਤੇ ਹੋਰ ਸੁਰੱਖਿਆ ਅਫਸਰ ਤੇ ਜਵਾਨ ਭੇਜੇ ਜਾਣਗੇ।



# ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਤੋਂ ਵਿਸ਼ਵ ਦੇ ਸਭ ਤੋਂ ਵੱਡੇ ਤੇ ਪੁਰਾਣੇ ਦਰੱਖਤਾਂ ਨੂੰ ਪੈਦਾ ਹੋਇਆ ਖਤਰਾ

## ਅੱਗ ਬੁਝਾਊ ਅਮਲੇ ਨੇ ਦਰੱਖਤਾਂ ਦੁਆਲੇ ਵਿਸ਼ੇਸ਼ ਤਰਾਂ ਦੀ ਧਾਤ ਨਾਲ ਤਿਆਰ ਚਾਦਰਾਂ ਲਪੇਟੀਆਂ

**ਸੈਕਰਾਮੈਂਟੋ 20 ਸਤੰਬਰ** –ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਵਿਸ਼ਾਲ ਜੰਗਲ ਵਿਚ ਸਥਿੱਤ ਸੇਕੂਆ ਨੈਸ਼ਨਲ ਪਾਰਕ ਤੱਕ ਪੁੱਜ ਗਈ ਹੈ ਜਿਸ ਕਾਰਨ ਇਸ ਪਾਰਕ ਵਿਚਲੇ ਵਿਸ਼ਵ ਦੇ ਸਭ ਤੋਂ ਵੱਡੇ ਤੇ ਪੁਰਾਣੇ ਦਰੱਖਤਾਂ ਨੂੰ ਖਤਰਾ ਪੈਦਾ ਹੋ ਗਿਆ ਹੈ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਅੱਗ ਜੋ 21777 ਏਕੜ ਵਿਚ ਫੈਲ ਚੁੱਕੀ ਹੈ, ਚਾਰ ਗਾਰਡਜਮੈਨ ਖੇਤਰ ਵਿਚ ਪਹੁੰਚ ਗਈ ਹੈ ਜਿਥੇ ਪਿਛਲੇ ਦਿਨਾਂ ਵਿਚ ਅੱਗ ਬੁਝਾਊ ਅਮਲੇ ਨੇ ਦਰੱਖਤਾਂ ਨੂੰ ਬਚਾਉਣ ਲਈ ਕਈ ਕਦਮ ਉਠਾਏ ਹਨ। ਦਰੱਖਤਾਂ ਦੁਆਲੇ ਇਕ ਖਾਸ ਕਿਸਮ ਦੀ ਧਾਤ ਦੀਆਂ ਚਾਦਰਾਂ ਲਪੇਟੀਆਂ ਗਈਆਂ ਹਨ ਜਿਨਾਂ ਉਪਰ ਅੱਗ ਅਸਰ ਨਹੀਂ ਕਰਦੀ। ਕੇ ਐਨ ਪੀ ਕੰਪਲੈਕਸ ਤੱਕ ਪਹੁੰਚੀ ਅੱਗ ਦੇ ਅੱਗੇ ਤੇਜੀ ਨਾਲ ਵਧਣ ਦੀ ਸੰਭਾਵਨਾ ਹੈ ਜਿਸ ਕਾਰਨ ਚਿਤਾਵਨੀ ਵਜੋਂ ਆਲੇ ਦੁਆਲ ਲਾਲ ਝੰਡੇ ਲਾ ਦਿੱਤੇ ਗਏ ਹਨ। ਅਧਿਕਾਰੀਆਂ ਅਨੁਸਾਰ 600 ਤੋਂ ਵਧ ਮੁਲਾਜ਼ਮ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਅੱਗ ਇਸ ਮਹੀਨੇ ਦੇ ਸ਼ੁਰੂ ਵਿਚ ਤਿੰਨ ਥਾਵਾਂ 'ਤੇ ਲੱਗੀ ਸੀ । ਨੈਸ਼ਨਲ ਪਾਰਕ ਸਰਵਿਸ ਅਨੁਸਾਰ ਇਨਾਂ ਵਿਚੋਂ ਇਕ ਜਗਾ 'ਤੇ ਅੱਗ ਨੂੰ ਮੁਕੰਮਲ ਰੂਪ ਵਿਚ ਬੁਝਾ ਦਿੱਤਾ ਗਿਆ ਹੈ ਪਰੰਤੂ ਬਾਕੀ ਦੋ ਸਥਾਨਾਂ ਉਪਰ ਅੱਗ ਉਪਰ ਕਾਬੂ ਨਹੀਂ ਪਾਇਆ ਜਾ ਸਕਿਆ। ਸੇਕੂਆ ਨੈਸ਼ਨਲ ਪਾਰਕ ਅਜੇ ਖੁਲਾ ਹੈ ਪਰ ਇਸ ਖੇਤਰ ਵਿਚ ਹਵਾ ਦੀ ਗੁਣਵਤਾ ਖਰਾਬ ਹੋ ਚੁੱਕੀ ਹੈ।

ਇਥੇ ਜਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਦੱਖਣੀ ਸੀਰਾ ਨੇਵਾਡਾ ਪਹਾੜੀ ਦੀਆਂ ਪੱਛਮੀ ਢਲਾਨਾਂ ਉਪਰ ਸੇਕੂਆ ਦਰੱਖਤ ਕੁੱਦਰਤੀ ਤੌਰ 'ਤੇ ਉੱਗੇ ਹਨ ਤੇ ਇਹ ਦਰੱਖਤ 200 ਫੁੱਟ ਤੋਂ ਵਧ ਲੰਬੇ ਹਨ ਤੇ 3000 ਸਾਲ ਪੁਰਾਣੇ ਹਨ । ਸੇਕੂਆ ਨੈਸ਼ਨਲ ਪਾਰਕ ਦੇ ਸੁਪਰਡੈਂਟ ਕਲੇਟਨ ਜੋਰਡਨ ਨੇ ਕਿਹਾ ਹੈ ਕਿ ਸਾਡਾ ਮੁੱਢਲਾ ਕੰਮ ਲੋਕਾਂ ਨੂੰ ਅੱਗ ਤੋਂ ਬਚਾਉਣ ਦਾ ਹੈ।

ਅੱਗ ਬੁਝਾਊ ਅਮਲਾ ਲੋਕਾਂ ਦੀ ਹਿਫਾਜਤ ਵਿਚ ਲੱਗਾ ਹੋਇਆ ਹੈ। ਇਸ ਦੇ ਨਾਲ ਹੀ ਪਾਰਕ ਦੇ ਸਟਾਫ ਦੀ ਅਗਵਾਈ ਵਿਚ ਇਕ ਵਿਸ਼ੇਸ਼ ਟੀਮ ਸਦੀਆਂ ਪੁਰਾਣੇ ਖਾਸ ਕਿਸਮ ਦੇ ਦਰੱਖਤਾਂ ਨੂੰ ਬਚਾਉਣ ਦਾ ਕੰਮ ਕਰ ਰਹੀ ਹੈ।

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਸਪੇਸ ਐਕਸ ਨੇ 4 ਯਾਤਰੀਆਂ ਨੂੰ ਪੁਲਾੜ ਯਾਤਰਾ 'ਤੇ ਭੇਜਿਆ

**ਫਰਿਜ਼ਨੋ (ਕੈਲੀਫੋਰਨੀਆ)–** ਪੁਲਾੜ (ਸਪੇਸ) ਏਜੰਸੀ ਸਪੇਸ ਐਕਸ ਨੇ ਬੁੱਧਵਾਰ ਨੂੰ ਪਹਿਲੀ ਪ੍ਰਾਈਵੇਟ ਸਪੇਸ ਫਲਾਈਟ ਨੂੰ ਲਾਂਚ ਕੀਤਾ ਜਿਸ ਵਿਚਲੇ ਸਾਰੇ 4 ਯਾਤਰੀ ਪੇਸ਼ੇਵਰ ਪੁਲਾੜ ਯਾਤਰੀ ਨਹੀਂ ਹਨ। ਇੱਕ ਪੂਰੀ ਤਰ੍ਹਾਂ ਆਟੋਮੈਟਿਕ ਰਾਕੇਟ/ਕੈਪਸੂਲ ਵਿੱਚ ਚਾਰ ਪ੍ਰਾਈਵੇਟ ਨਾਗਰਿਕ ਦੋ ਪੁਰਸ਼ ਅਤੇ ਦੋ ਔਰਤਾਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਲਗਭਗ 75 ਮੀਲ ਉਚਾਈ 'ਤੇ ਦੁਨੀਆ ਦਾ ਚੱਕਰ ਲਗਾਉਂਦੇ ਹੋਏ ਤਿੰਨ ਦਿਨ ਬਿਤਾਉਣਗੇ। ਇਹ ਮਿਸ਼ਨ ਜਿਸ ਨੂੰ 'ਇੰਸਪਾਈਰੇਸ਼ਨ 4' ਕਿਹਾ ਗਿਆ ਹੈ, ਨੂੰ ਨਾਸਾ ਦੇ ਕੇਪ ਕੈਨਾਵੇਰਲ, ਫਲੋਰਿਡਾ ਵਿੱਚ ਕੈਨੇਡੀ ਸਪੇਸ ਸੈਂਟਰ ਤੋਂ ਰਾਤ 8 ਵਜੇ ਦੇ ਬਾਅਦ ਲਾਂਚ ਕੀਤਾ ਗਿਆ। ਇਸ ਯਾਤਰਾ ਵਿਚ ਸ਼ਾਮਲ 4 ਪੁਲਾੜ ਯਾਤਰੀ ਜੇਰੇਡ ਇਸਾਕਮੈਨ, ਹੇਲੇ ਆਰਸੀਨੌਕਸ, ਕ੍ਰਿਸ ਸੇਮਬਰੋਸਕੀ ਅਤੇ ਡਾ. ਸਿਆਨ ਪ੍ਰਾਕਟਰ ਹਨ। ਦੱਸਣਯੋਗ ਹੈ ਕਿ ਇਹ ਚਾਰੋਂ ਪੇਸ਼ੇਵਰ ਪੁਲਾੜ ਯਾਤਰੀ ਨਹੀਂ ਹਨ ਪਰ ਮਾਰਚ ਵਿੱਚ ਫਲਾਈਟ ਕਰੂ ਦੇ ਐਲਾਨ ਤੋਂ ਬਾਅਦ ਇਹ ਯਾਤਰਾ ਸਬੰਧੀ ਸਿਖਲਾਈ ਲੈ ਰਹੇ ਸਨ। ਇਸਾਕਮੈਨ ਜੋ ਕਿ ਇੱਕ ਨਿਪੁੰਨ ਜੈੱਟ ਪਾਇਲਟ ਅਤੇ ਪੇਮੈਂਟ ਪ੍ਰੋਸੈਸਿੰਗ ਫਰਮ ਸ਼ਿਫਟ 4 ਪੇਮੈਂਟਸ ਦੇ ਸੰਸਥਾਪਕ ਅਤੇ ਸੀ ਈ ਓ ਹਨ, ਇਸ ਮਿਸ਼ਨ ਦੇ ਕਮਾਂਡਰ ਵਜੋਂ ਕੰਮ ਕਰਨਗੇ।



38 ਸਾਲਾਂ ਇਸਾਕ ਦੀ ਅੰਦਾਜ਼ਨ ਕੁੱਲ ਸੰਪਤੀ 2.4 ਬਿਲੀਅਨ ਡਾਲਰ ਹੈ ਅਤੇ ਉਸਨੇ ਉਡਾਣ ਲਈ ਸਪੇਸ ਐਕਸ ਨੂੰ 200 ਮਿਲੀਅਨ ਦਾ ਭੁਗਤਾਨ ਕੀਤਾ ਹੈ।

ਇਸਾਕਮੈਨ ਨੇ ਇਸ ਮਿਸ਼ਨ ਲਈ ਦੋ ਸੀਟਾਂ ਦਾਨ ਕੀਤੀਆਂ, ਜਿਸ ਵਿੱਚੋਂ 1 ਅਰਸੀਨੌਕਸ (29) ਨੂੰ ਦਿੱਤੀ ਗਈ ਹੈ, ਜੋ ਇੱਕ ਬੋਨ ਕੈਂਸਰ ਤੋਂ ਠੀਕ ਹੋਣ ਦੇ ਬਾਅਦ ਸੇਂਟ ਜੂਡ ਫਿਜ਼ੀਸ਼ੀਅਨ ਸਹਾਇਕ ਹਨ।ਅਰਸੀਨੌਕਸ ਇਸ ਮਿਸ਼ਨ ਦੇ ਚੀਫ ਮੈਡੀਕਲ ਅਧਿਕਾਰੀ ਵਜੋਂ ਕੰਮ ਕਰਨਗੇ।

ਇਹਨਾਂ ਦੇ ਇਲਾਵਾ ਕ੍ਰਿਸ ਸੇਮਬਰੋਸਕੀ (42) ਸਾਬਕਾ ਏਅਰ ਫੋਰਸ ਅਧਿਕਾਰੀ ਨੇ ਇਸ ਯਾਤਰਾ ਲਈ ਸੀਟ ਪ੍ਰਾਪਤ ਕੀਤੀ। ਆਖਰੀ ਚੌਥੀ ਯਾਤਰੀ ਸਿਆਨ ਪ੍ਰੋਕਟਰ (51) ਅਰੀਜ਼ੋਨਾ ਦੇ ਟੈਂਪੇ ਵਿੱਚ ਇੱਕ ਕਮਿਊਨਿਟੀ ਕਾਲਜ ਅਧਿਆਪਕ ਹੈ।

ਉਸਨੇ ਇਸਾਕਮੈਨ ਦੇ ਸ਼ਿਫਟ 4 ਸ਼ੌਪ ਈ - ਕਾਮਰਸ ਪਲੇਟਫਾਰਮ ਦੁਆਰਾ ਆਯੋਜਿਤ ਇੱਕ ਮੁਕਾਬਲਾ ਜਿੱਤ ਕੇ ਪੁਲਾੜ ਵਿੱਚ ਆਪਣੀ ਟਿਕਟ ਹਾਸਲ ਕੀਤੀ। ਪੁਲਾੜ ਯਾਤਰਾ ਦੇ ਦੇ ਤਿੰਨ ਦਿਨਾਂ ਬਾਅਦ, ਇਹ ਯਾਤਰੀ ਸ਼ਨੀਵਾਰ ਦੇਰ ਰਾਤ ਜਾਂ ਐਤਵਾਰ ਦੇ ਸ਼ੁਰੂ ਵਿੱਚ ਫਲੋਰਿਡਾ 'ਚ ਅਟਲਾਂਟਿਕ ਮਹਾਂਸਾਗਰ ਵਿੱਚ ਉਤਰਨਗੇ।

# ਫਰਿਜ਼ਨੋ ਸਿਟੀ ਨੇ ਮਨਾਇਆ ਮੈਕਸੀਕਨ ਸੁਤੰਤਰਤਾ ਦਿਵਸ





**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿੱਚ ਬੀਤੇ ਦਿਨੀਂ ਮੈਕਸੀਕਨ ਆਜਾਦੀ ਦਿਹਾੜਾ ਮਨਾਇਆ ਗਿਆ। ਸਿਟੀ ਹਾਲ 'ਚ ਸ਼ਹਿਰ ਦੇ ਅਧਿਕਾਰੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਬੁੱਧਵਾਰ ਨੂੰ ਮੈਕਸੀਕੋ ਦਾ ਆਜ਼ਾਦੀ ਦਿਵਸ ਮਨਾਉਦਿਆਂ ਝੰਡਾ ਲਹਰਾਇਆ।ਸਵੇਰ ਦੀ ਸ਼ੁਰੂਆਤ ਸ਼ਹਿਰ ਦੇ ਨੇਤਾਵਾਂ ਦੇ ਭਾਸ਼ਣਾਂ ਨਾਲ ਹੋਈ , ਜਿਸ ਤੋਂ ਬਾਅਦ ਝੰਡਾ ਚੜ੍ਹਾਉਣ ਦੀ ਰਸਮ ਹੋਈ। ਇਸ ਸਮਾਗਮ ਵਿੱਚ ਸਿਟੀ ਕੌਂਸਲ ਦੇ ਮੈਂਬਰ, ਫਰਿਜ਼ਨੋ ਪੁਲਿਸ ਮੁਖੀ ਅਤੇ ਫਰਿਜ਼ਨੋ ਮੇਅਰ ਆਦਿ ਸਾਰੇ ਹਾਜ਼ਰ ਸਨ। ਇਸ ਮੌਕੇ ਫਰਿਜ਼ਨੋ ਸਿਟੀ ਕੌਂਸਲ ਦੇ ਪ੍ਰੈਜੀਡੈਂਟ ਲੁਈਸ ਸ਼ਾਵੇਜ਼ ਨੇ ਕਿਹਾ ਕਿ ਇਹ ਸੰਸਕ੍ਰਿਤੀ, ਕਲਾਵਾਂ, ਭੋਜਨ, ਪਰੰਪਰਾਵਾਂ ਦੀ ਮਾਨਤਾ ਦਾ ਜਸ਼ਨ ਹੈ।ਸ਼ਾਵੇਜ਼ ਨੇ ਇਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਹਾ ਕਿ ਉਨ੍ਹਾਂ ਨੇ ਮੇਅਰ ਵਿਭਾਗ ਦੇ ਅੰਦਰ ਪ੍ਰਵਾਸੀ ਮਾਮਲਿਆਂ ਦਾ ਦਫਤਰ ਸਥਾਪਤ ਕੀਤਾ ਹੈ, ਜਿਸਨੂੰ ਜਲਦੀ ਖੋਲ੍ਹਿਆ ਜਾ ਰਿਹਾ ਹੈ।

ਉਹਨਾਂ ਫਰਿਜ਼ਨੋ ਨੂੰ ਇੱਕ ਵਿਭਿੰਨਤਾਵਾਂ ਵਾਲਾ ਸ਼ਹਿਰ ਦੱਸਿਆ ਅਤੇ ਕਿਹਾ ਕਿ ਫਰਿਜ਼ਨੋ ਵਿੱਚ ਭਾਵੇਂ ਤੁਸੀਂ ਮੈਕਸੀਕਨ, ਸਾਲਵਾਡੋਰਨ, ਮੱਧ ਅਮਰੀਕੀ, ਪੰਜਾਬੀ, ਏਸ਼ੀਅਨ ਹੋ, ਹਰ ਤਰ੍ਹਾਂ ਦੇ ਲੋਕਾਂ ਦਾ ਸਵਾਗਤ ਹੈ।

# ਨਕਲੀ ਕੋਵਿਡ ਵੈਕਸੀਨ ਕਾਰਡ ਕੀਤੇ ਗਏ ਜ਼ਬਤ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵਿੱਚ ਕੋਰੋਨਾ ਟੀਕਾਕਰਨ ਮੁਹਿੰਮ ਜਾਰੀ ਹੈ। ਕੋਰੋਨਾ ਵੈਕਸੀਨ ਲਗਵਾਉਣ ਵਾਲੇ ਵਿਅਕਤੀ ਨੂੰ ਇਸਦੇ ਸਬੂਤ ਵਜੋਂ ਇੱਕ ਵੈਕਸੀਨ ਕਾਰਡ ਦਿੱਤਾ ਜਾਂਦਾ ਹੈ। ਇਸ ਕਾਰਡ ਵਿੱਚ ਵਿਅਕਤੀ ਅਤੇ ਵੈਕਸੀਨ ਨਾਲ ਸਬੰਧਿਤ ਜਾਣਕਾਰੀ ਦਰਜ ਹੁੰਦੀ ਹੈ। ਪਰ ਅਮਰੀਕਾ 'ਚ ਕੁੱਝ ਲੋਕਾਂ ਵੱਲੋਂ ਨਕਲੀ ਵੈਕਸੀਨ ਕਾਰਡਾਂ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ ਅਤੇ ਪ੍ਰਸ਼ਾਸਨ ਵੱਲੋਂ ਸੈਂਕੜੇ ਨਕਲੀ ਵੈਕਸੀਨ ਕਾਰਡ ਜ਼ਬਤ ਵੀ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਦੇ ਅਧਿਕਾਰੀਆਂ ਨੇ ਚੀਨ ਤੋਂ ਆਏ ਨਕਲੀ ਕੋਵਿਡ -19 ਟੀਕੇ ਦੇ ਕਾਰਡਾਂ ਦੀਆਂ ਦੋ ਹੋਰ ਖੇਪਾਂ ਜ਼ਬਤ ਕੀਤੀਆਂ ਹਨ, ਜਿਹਨਾਂ ਵਿੱਚ 70 ਨਕਲੀ ਕੋਵਿਡ -19 ਟੀਕਾਕਰਨ ਕਾਰਡ ਸ਼ਾਮਲ ਹਨ।

ਅਧਿਕਾਰੀਆਂ ਨੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਕਿ ਜਾਅਲੀ ਕਾਰਡਾਂ ਦੇ ਤਾਜ਼ਾ ਬੈਚ ਨੂੰ ਪਿਟਸਬਰਗ, ਪੈਨਸਿਲਵੇਨੀਆ ਵਿੱਚ ਕਸਟਮ ਅਤੇ ਬਾਰਡਰ ਪੈਟਰੋਲਿੰਗ ਅਧਿਕਾਰੀਆਂ ਨੇ ਰੋਕਿਆ ਹੈ। ਪੁਲਿਸ ਅਨੁਸਾਰ ਕਾਰਡਾਂ ਦੀ ਪਹਿਲੀ ਖੇਪ 24 ਅਗਸਤ ਨੂੰ ਪਹੁੰਚੀ ਸੀ ਅਤੇ ਇਸ ਵਿੱਚ 20 ਕਾਰਡ ਸਨ ਅਤੇ ਦੂਜਾ ਪਾਰਸਲ ਜੋ ਕਿ ਉਸੇ ਹੀ ਵਿਅਕਤੀ ਲਈ ਨਿਰਧਾਰਤ ਸੀ , ਮੰਗਲਵਾਰ ਨੂੰ 50 ਕਾਰਡਾਂ ਦੇ ਨਾਲ ਜ਼ਬਤ ਕੀਤਾ ਗਿਆ। ਧਿਕਾਰੀਆਂ ਅਨੁਸਾਰ ਇਸ ਸਾਲ ਦੇ ਸ਼ੁਰੂ ਵਿੱਚ ਟੇਨੇਸੀ ਵਿੱਚ ਚੀਨ ਤੋਂ ਆਏ 3,000 ਤੋਂ ਵੱਧ ਜਾਅਲੀ ਵੈਕਸੀਨ ਕਾਰਡ ਜ਼ਬਤ ਕੀਤੇ ਗਏ। ਇਸ ਦੇ ਇਲਾਵਾ ਪਿਛਲੇ ਮਹੀਨੇ, ਐਂਕਰਜ ਹਵਾਈ ਅੱਡੇ 'ਤੇ ਵੀ ਧੋਖਾਧੜੀ ਵਾਲੇ ਕਾਰਡ ਜ਼ਬਤ ਕੀਤੇ ਗਏ।






# ਸਕਾਟਲੈਂਡ: ਮੋਟਰਵੇਅ 'ਤੇ ਹੋਏ ਹਾਦਸੇ ਵਿੱਚ ਪੰਜਾਬੀ ਨੌਜਵਾਨ ਮਨਵੀਰ ਬਿਨਿੰਗ ਦੀ ਮੌਤ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਵਿੱਚ ਐਤਵਾਰ ਨੂੰ ਮੋਟਰਵੇਅ 8 (ਐੱਮ 8) 'ਤੇ ਵਾਪਰੇ ਕਾਰ ਹਾਦਸੇ ਵਿੱਚ 3 ਵਿਅਕਤੀਆਂ ਦੀ ਮੌਤ ਹੋਣ ਦੇ ਨਾਲ 5 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਇਸ ਹਾਦਸੇ ਦੀ ਜਾਣਕਾਰੀ ਦਿੰਦਿਆਂ ਸਕਾਟਲੈਂਡ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਰੇਨਫਰਿਊਸ਼ਾਇਰ ਵਿੱਚ ਜੰਕਸ਼ਨ 31 ਦੇ ਨੇੜੇ ਐਤਵਾਰ ਸਵੇਰੇ ਕਰੀਬ 5.05 ਵਜੇ ਵਾਪਰਿਆ। ਇਸ ਹਾਦਸੇ ਵਿੱਚ ਇੱਕ ਨੀਲੀ ਆਡੀ ਕਿਊ 7 ਦੁਰਘਟਨਾ ਗ੍ਰਸਤ ਹੋਈ। ਹਾਦਸੇ ਉਪਰੰਤ ਐਮਰਜੈਂਸੀ ਸੇਵਾਵਾਂ ਨੇ ਕਾਰਵਾਈ ਕਰਦਿਆਂ 27 ਸਾਲ ਦੀ ਉਮਰ ਦੇ ਦੋ ਅਤੇ 31 ਸਾਲ ਦੇ ਇੱਕ ਵਿਅਕਤੀ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਐਲਾਨ ਦਿੱਤਾ। ਇਹਨਾਂ ਮ੍ਰਿਤਕਾਂ ਦੀ ਪਛਾਣ ਮਨਵੀਰ ਸਿੰਘ ਬਿਨਿੰਗ, ਡੇਵਿਡ ਪੇਟਨ ਤੇ ਮਾਰਕ ਡਾਊਨੀ ਵਜੋਂ ਨਸ਼ਰ ਕੀਤੀ ਗਈ ਹੈ। ਇਸਦੇ ਇਲਾਵਾ ਪੰਜ ਹੋਰ ਆਦਮੀਆਂ ਨੂੰ ਗੰਭੀਰ ਸੱਟਾਂ ਦੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਇੱਕ 35 ਸਾਲਾਂ ਵਿਅਕਤੀ ਨੂੰ ਸੜਕੀ ਆਵਾਜਾਈ ਉਲੰਘਣਾ ਦੇ ਅਪਰਾਧਾਂ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ



ਗਿਆ ਹੈ। ਸਕਾਟਲੈਂਡ ਪੁਲਿਸ ਨੇ ਇਸ ਟੱਕਰ ਦੀ ਜਾਂਚ ਸ਼ੁਰੂ ਕੀਤੀ ਹੈ ਅਤੇ ਲੋਕਾਂ ਕੋਲੋਂ ਜਿਆਦਾ ਜਾਣਕਾਰੀ ਲਈ ਅਪੀਲ ਕੀਤੀ ਹੈ। ਸਕਾਟਲੈਂਡ ਪੁਲਿਸ ਦੀ ਰੋਡ ਪੁਲਿ-ਸਿੰਗ ਯੂਨਿਟ ਦੇ ਅਧਿਕ-ਾਰੀਆਂ ਨੇ ਇਸ ਹਾਦਸੇ ਦੇ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਹਮ-ਦਰਦੀ ਪ੍ਰਗਟ ਕੀਤੀ ਹੈ ਅਤੇ ਇਸ ਸਬੰਧੀ ਕੀਤੀ ਜਾ ਰਹੀ ਪੁੱਛਗਿੱਛ ਬਾਰੇ ਦੱਸਿਆ।

ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿਚ ਜਾਨ ਗੁਆ ਬੈਠਿਆ ਮਨਵੀਰ ਬਿਨਿੰਗ (ਸਪੁੱਤਰ ਸਵ: ਵਰਿੰਦਰ ਸਿੰਘ ਬਿਨਿੰਗ) ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਦੇ ਸੈਕਟਰੀ ਸ੍ਰ: ਨਿਰੰਜਨ ਸਿੰਘ ਬਿਨਿੰਗ ਦਾ ਪੋਤਰਾ ਸੀ। ਇਸ ਦੁੱਖ ਦੀ ਘੜੀ ਵਿੱਚ ਬਿਨਿੰਗ ਪਰਿਵਾਰ ਤੇ ਦੂਜੇ ਮ੍ਰਿਤਕ ਨੌਜਵਾਨਾਂ ਦੇ ਪਰਿਵਾਰਾਂ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਚੌਧਰੀ, ਮੀਤ ਪ੍ਰਧਾਨ ਮੇਲਾ ਸਿੰਘ ਧਾਮੀ, ਹਰਬੰਸ ਸਿੰਘ ਖਹਿਰਾ, ਸਕੱਤਰ ਜਸਪਾਲ ਸਿੰਘ ਖਹਿਰਾ, ਬਖਸ਼ੀਸ਼ ਸਿੰਘ ਦੀਹਰੇ, ਡਾ: ਇੰਦਰਜੀਤ ਸਿੰਘ, ਗੁਰਨਾਮ ਸਿੰਘ ਧਾਮੀ, ਕਸ਼ਮੀਰ ਸਿੰਘ ਉੱਪਲ, ਇੰਦਰਜੀਤ

# ਰਾਇਲ ਮੇਲ ਵੱਲੋਂ ਇਲੈਕਟ੍ਰਿਕ ਵਾਹਨਾਂ ਨਾਲ ਕੀਤੀ ਜਾਵੇਗੀ ਛੋਟੇ ਪਾਰਸਲਾਂ ਦੀ ਡਿਲੀਵਰੀ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਯੂਕੇ ਦੀ ਡਾਕ ਸੇਵਾ ਰਾਇਲ ਮੇਲ ਦੁਆਰਾ ਵਾਤਾਵਰਨ ਵਿੱਚੋਂ ਗੈਸੀ ਨਿਕਾਸ ਘੱਟ ਕਰਨ ਦੇ ਮੰਤਵ ਨਾਲ ਛੋਟੇ ਪਾਰਸਲਾਂ ਦੀ ਡਿਲੀਵਰੀ ਕਰਨ ਲਈ ਮਾਈਕਰੋ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਉਦੇਸ਼ ਲਈ ਵਿਭਾਗ ਵੱਲੋਂ ਬਿਜਲੀ ਨਾਲ ਚੱਲਣ ਵਾਲੇ ਛੋਟੇ ਵਾਹਨਾਂ ਦੇ ਟ੍ਰਾਇਲ ਸ਼ੁਰੂ ਕੀਤੇ ਜਾ ਰਹੇ ਹਨ। ਛੇ ਮਹੀਨਿਆਂ ਦੇ ਇਹ ਟ੍ਰਾਇਲ ਐਡਿਨਬਰਾ, ਕ੍ਰੇਵੇ, ਲਿਵਰਪੂਲ, ਸਵਿੰਡਨ ਅਤੇ ਲੰਡਨ ਵਿੱਚ ਹੋਣਗੇ ਜਿਸ ਵਿੱਚ ਗੋਲਫ-ਬੱਗੀ ਕਿਸਮ ਦੇ ਮਾਈਕ੍ਰੋ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਚਿੱਠੀਆਂ ਅਤੇ ਛੋਟੇ ਪਾਰਸਲ ਦੇਣ ਲਈ ਕੀਤੀ ਜਾਵੇਗੀ। ਇਹਨਾਂ ਛੋਟੇ ਵਾਹਨਾਂ ਦਾ ਮੁਲਾਂਕਣ ਰਿਹਾਇਸ਼ੀ ਖੇਤਰਾਂ ਵਿੱਚ ਵੱਡੀਆਂ ਵੈਨਾਂ ਦੇ ਮੁਕਾਬਲੇ ਘੱਟ ਕਾਰਬਨ ਨਿਕ-




ਾਸੀ ਵਿਕਲਪ ਵਜੋਂ ਕੀਤਾ ਜਾਵੇਗਾ। ਰਾਇਲ ਮੇਲ ਵੱਲੋਂ ਇਸ ਕਦਮ ਦਾ ਉਦੇਸ਼ ਗੈਸਾਂ ਦੇ ਨਿਕਾਸ ਨੂੰ ਹੋਰ ਘਟਾਉਣ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰਨਾ ਹੈ। ਇਹਨਾਂ ਵਾਹਨਾਂ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਹੈ ਤਾਂ ਜੋ ਡਾਕ ਕਰਮ-ਚਾਰੀਆਂ ਨੂੰ ਚਿੱਠੀਆਂ ਅਤੇ ਛੋਟੇ ਪਾਰਸਲ ਡਿਲੀਵਰ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਰਾਇਲ ਮੇਲ ਅਨੁਸਾਰ ਡਰੋਨ ਤੋਂ ਲੈ ਕੇ ਇਲੈਕਟ੍ਰਿਕ ਵਾਹਨਾਂ, ਬਾਲਣ- ਐਫੀਸੈਂਟ ਟਾਇਰਾਂ ਤੋਂ ਲੈ ਕੇ ਬਾਇਓ-ਸੀ ਐਨ ਜੀ ਟਰੱਕਾਂ ਤੱਕ ਵਿਭਾਗ ਦੁਆਰਾ ਵਾਤਾਵਰਣ ਪ੍ਰਭਾਵ ਨੂੰ ਹੋਰ ਵੀ ਘੱਟ ਕਰਨ ਲਈ ਨਵੀਨਤਾ ਜਾਰੀ ਰਹੇਗੀ। ਰਾਇਲ ਮੇਲ ਦੇ ਇਹ ਛੋਟੇ ਇਲੈਕਟ੍ਰਿਕ ਵਾਹਨ ਇੱਕ ਸਟੈਂਡਰਡ ਤਿੰਨ-ਪਿੰਨ ਪਲੱਗ ਦੀ ਵਰਤੋਂ ਕਰਕੇ ਚਾਰਜ ਕੀਤੇ ਜਾਂਦੇ ਹਨ।

# ਸਾਵਧਾਨ! ਧੋਖੇ ਵਾਲੀਆਂ ਕਾਲਾਂ ਤੋਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਕੁਝ ਫੋਨ ਨੰਬਰਾਂ ਉਤੇ 912259941117 ਤੋਂ ਫੋਨ ਕਾਲ ਆਉਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਜੇਕਰ ਤੁਸੀਂ ਵੈਕਸੀਨੇਸ਼ਨ (ਕਰੋਨਾ ਦਾ ਟੀਕਾ) ਲਗਵਾਇਆ ਹੈ ਨਤਾਂ ਫੋਨ ਦੇ ਕੀ ਪੈਡ ਤੋਂ 1 ਨੰਬਰ ਦੱਬੋ। ਕਈ ਲੋਕ ਇਸ ਨੂੰ ਸਿਹਤ ਵਿਭਾਗ ਨਾਲ ਜੁੜਿਆ ਪ੍ਰਸ਼ਨ ਸਮਝ ਲੈਂਦੇ ਹਨ ਅਤੇ ਫੋਨ ਦੇ ਕੀ-ਪੈਡ ਤੋਂ 1 ਨੰਬਰ ਦੱਬ ਦਿੰਦੇ ਹਨ। 1 ਨੰਬਰ ਦੱਬਦਿਆਂ ਹੀ ਤੁਹਾਡਾ ਫੋਨ ਲਾਲ ਰੰਗ ਦੀ ਸਕਰੀਨ ਵਾਲਾ ਹੋ ਜਾਵੇਗਾ ਅਤੇ ਫੋਨ ਹੈਕ (ਤਕਨੀਕੀ ਤੌਰ 'ਤੇ ਦੂਜੇ ਦੇ ਪ੍ਰਬੰਧ ਵਿਚ) ਹੋ ਜਾਵੇਗਾ। ਤੁਹਾਡਾ ਫੋਨ ਕੰਮ ਕਰਨਾ ਬੰਦ ਕਰ ਦੇਵੇਗਾ ਅਤੇ ਤੁਹਾਡੀ ਸਾਰੀ ਜਾਣਕਾਰੀ ਹੈਕਰ ਦੇ ਕੋਲ ਚਲੇ ਜਾਵੇਗੀ। ਸੋ ਬਚੋ ਅਜਿਹੀਆਂ ਧੋਖੇ ਵਾਲੀਆਂ ਕਾਲਾਂ ਤੋਂ। ਵਰਨਣਯੋਗ ਹੈ ਕਿ ਤੇਲੰਗਾਨਾ ਵਿਖੇ ਅਜਿਹੀਆਂ ਖਬਰਾਂ ਅਪ੍ਰੈਲ ਮਹੀਨੇ ਛਪੀਆਂ ਸਨ ਅਤੇ ਇਹੀ ਨੰਬਰ ਉਥੇ ਵੀ ਦੱਸਿਆ ਗਿਆ ਸੀ। ਇਸ ਨੰਬਰ ਤੋਂਵੱਟਸਐਪ ਸੰਦੇਸ਼ ਵੀ ਤੁਹਾਨੂੰ ਪ੍ਰਾਪਤ ਹੋ ਸਕਦਾ ਹੈ। ਅਜਿਹੀਆਂ ਕਾਲਾਂ ਇੰਡੀਆ ਦੇ ਵਿਚ ਵੀ ਪ੍ਰਾਪਤ ਹੋ ਸਕਦੀਆਂ ਹਨ। ਸੋ ਸਾਵਧਾਨ ਜੇਕਰ ਕਿਸੇ ਜਾਣਕਾਰ ਦਾ ਨੰਬਰ ਨਹੀਂ ਲਗਦਾ ਤਾਂ ਸਾਵਧਾਨੀ ਵਰਤਿਓ ਅਤੇ ਕੋਈ ਨੰਬਰ ਆਦਿ ਨਾਲ ਦੱਬਿਓ।




# 'ਕੁਆਰਨਟੀਨ-ਫ੍ਰੀ-ਟ੍ਰੈਵਲ' ਯਾਤਰਾ ਨੂੰ ਦੋ ਹੋਰ ਮਹੀਨਿਆ ਲਈ ਬੰਦ ਕੀਤਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਸਰਕਾਰ ਨੇ ਆਸਟਰੇਲੀਆ ਦੇ ਨਾਲ 'ਕੁਆਰਨਟੀਨ-ਫ੍ਰੀ-ਟਰੈਵਲ' ਯਾਤਰਾ ਉਤੇ ਅਗਲੇ 2 ਮਹੀਨਿਆ ਤੱਕ ਰੋਕ ਲਗਾ ਦਿੱਤੀ ਹੈ। ਇਹ ਰੋਕ 23 ਜੁਲਾਈ ਨੂੰ ਲਗਾਈ ਗਈ ਸੀ ਅਤੇ 24 ਸਤੰਬਰ ਤੱਕ ਲੱਗੀ ਹੋਈ ਸੀ। ਇਹ ਸਾਰਾ ਕੁਝ ਡੈਲਟਾ ਦੇ ਦਾਖਲੇ ਨੂੰ ਬੰਦ ਕਰਨ ਵਾਸਤੇ ਕੀਤਾ ਗਿਆ ਹੈ। ਜਿਹੜੇ ਲੋਕ ਐਮ. ਆਈ. ਕਿਊ. ਦੇ ਵਿਚ ਰਹਿਣ ਦੀ ਸਹੂਲਤ ਅਨੁਸਾਰ ਆਉਣਾ ਚਾਹੁਣਗੇ ਉਹ 20 ਸਤੰਬਰ ਤੋਂ ਆਈਸੋਲੇਸ਼ਨ ਵਾਸਤੇ ਬੁਕਿੰਗ ਕਰ ਸਕਦੇ ਹਨ। ਇਨ੍ਹਾਂ ਨੂੰ ਅਕਤੂਬਰ ਅਤੇ ਨਵੰਬਰ ਵਿਚ ਕਮਰੇ ਮਿਲਣਗੇ। ਇਕ ਫਲਾਈਟ 26 ਸਤੰਬਰ ਨੂੰ ਆ ਰਹੀ ਹੈ ਇਹ ਉਹ ਹੈ ਜਿਹੜੇ 5 ਅਤੇ 15 ਸਤੰਬਰ ਦੀ ਰੈਡ ਫਲਾਈਟ ਦੇ ਵਿਚ ਆਉਣੋ ਰਹਿ ਗਏ ਸਨ। ਇਹ ਉਹ ਲੋਕ ਹੋਣਗੇ ਜਿਹੜੇ ਐਮਰਜੈਂਸੀ ਹਲਾਤਾਂ ਦੇ ਵਿਚ ਉਥੇ ਗਏ ਹੋਣਗੇ। 72 ਘੰਟੇ ਪਹਿਲਾਂ ਕਰੋਨਾ ਟੈਸਟ ਹੋਣਾ ਜਰੂਰੀ ਹੋਵੇਗਾ ਅਤੇ ਉਨ੍ਹਾਂ ਨੂੰ ਇਥੇ 14 ਦਿਨ ਰਹਿਣ ਦਾ ਖਰਚਾ ਦੇਣਾ ਪਵੇਗਾ। ਸਰਕਾਰ ਨਵੰਬਰ ਦੇ ਅੱਧ ਵਿਚ ਦੁਬਾਰਾ ਸੋਚੇਗੀ ਕਿ ਆਸਟਰੇਲੀਆ ਤੋਂ ਕੁਆਰਨਟੀਨ ਮੁਕਤ ਫਲਾਈਟ ਚਲਾਈ ਜਾਵੇ ਕਿ ਨਾ। ਇਸ ਤੋਂ ਇਲਾਵਾ ਸਮੁੰਦਰੀ ਯਾਤਰਾ ਵੀ ਬੰਦ ਹੈ ਅਤੇ 2022 ਦੇ ਵਿਚ ਵਿਚਾਰੀ ਜਾਵੇਗੀ। ਸੋ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਬਈ ਆਸਟਰੇਲੀਆ ਵਾਲਿਆ ਅਜੇ ਰੁਕ ਜਾਓ ਦੋ ਕੁ ਹੋਰ ਮਹੀਨੇ ਫਿਰ ਦੇਖਦੇ ਆ ਕਿ ਫਲਾਈਟਾਂ ਖੋਲ੍ਹੀਏ ਕਿ ਨਾ...




# ਖ਼ਾਲਸਾ ਕਾਲਜ ਐਜੂਕੇਸ਼ਨ ਵਿਖੇ 'ਬੈਸਟ ਟੀਚਰ ਆਫ਼ ਦਾ ਯੀਅਰ' ਐਵਾਰਡ ਦਾ ਆਯੋਜਨ ਕੀਤਾ ਗਿਆ

## ਦੇਸ਼ ਦੀ ਉਨਤੀ ਤੇ ਤਰੱਕੀ 'ਚ ਅਧਿਆਪਕਾਂ ਦਾ ਅਹਿਮ ਰੋਲ ਹੁੰਦਾ : ਰਜਿੰਦਰ ਮੋਹਨ ਸਿੰਘ ਛੀਨਾ







**ਅੰਮ੍ਰਿਤਸਰ-** ਸਤੰਬਰ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ.ਟੀ. ਰੋਡ ਵਲੋਂ ਖ਼ਾਲਸਾ ਗਲੋਬਲ ਰੀਚ ਫਾਊਂਡੇਸ਼ਨ ਦੇ ਸਹਿਯੋਗ ਨਾਲ 'ਪੰਜਾਬ ਟੀਚਰ ਆਫ਼ ਦਾ ਯੀਅਰ' ਐਵਾਰਡ ਦਾ ਆਯੋਜਨ ਕੀਤਾ ਗਿਆ। ਜਿਸ 'ਚ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਧੀਆ ਅਧਿਆਪਕਾਂ ਨੂੰ ਸਨਮਾਨ ਭੇਟ ਕਰਨ ਉਪਰੰਤ ਬੱਚਿਆਂ ਨੂੰ ਅਧਿਆਪਕ ਦੀ ਅਹਿਮੀਅਤ ਅਤੇ ਇਕ ਸਫ਼ਲ ਇਨਸਾਨ ਪਿੱਛੇ ਟੀਚਰ ਦੀ ਦੇਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਉਨਤੀ ਤੇ ਤਰੱਕੀ 'ਚ ਅਧਿਆਪਕਾਂ ਦਾ ਇਕ ਅਹਿਮ ਰੋਲ ਹੁੰਦਾ ਹੈ।


ਇਸ ਤੋਂ ਪਹਿਲਾਂ ਪ੍ਰੋਗਰਾਮ ਦਾ ਆਗਾਜ਼ ਕਾਲਜ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕਰਕੇ ਕੀਤਾ ਗਿਆ। ਇਸ ਉਪਰੰਤ ਸ: ਛੀਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਭਰ ਦੇ ਅਧਿਆਪਕਾਂ ਦੁਆਰਾ ਅਧਿਆਪਨ ਅਤੇ ਸਮ-ਾਜਿਕ ਖੇਤਰ 'ਚ ਦਿੱਤੇ ਯੋਗਦਾਨ ਲਈ ਖਾਸ ਪਹਿਚਾਨ ਦਿਵ-ਾਉਣ ਲਈ ਉਕਤ ਐਵਾਰਡ ਲਈ ਐਂਟਰੀਆਂ ਮੰਗਵਾਈਆਂ ਗਈਆਂ ਸਨ ਜਿਸ 'ਚ ਪੰਜਾਬ ਭਰ ਤੋਂ 50 ਦੇ ਕਰੀਬ ਅਧਿਆਪਕਾਂ ਨੇ ਅਪਲਾਈ ਕੀਤਾ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਕਾਲਜ ਅਤੇ ਖ਼ਾਲਸਾ ਗਲੋਬਲ ਰੀਚ ਫਾਊਂਡੇਸ਼ਨ ਦੇ ਕੋਆਰਡੀਨੇਟਰ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ ਸਾਂਝੇ ਤੌਰ 'ਤੇ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਅਧਿਆਪਕ ਦਾ ਕਿੱਤਾ ਬਹੁਤ ਮਹਾਨ ਹੈ। ਕਿਉਂਕਿ ਬੱਚਿਆਂ ਦਾ ਜੀਵਨ ਸੰਵਾਰਨ 'ਚ ਵਧੇਰੇ ਸਮਾਂ ਅਧਿਆਪਕਾਂ ਦਾ ਹੁੰਦਾ ਹੈ, ਜੋ ਕਿ ਉਸ ਨੂੰ ਸਮਾਜ 'ਚ ਵਿਚਰਨ, ਜ਼ਿੰਦਗੀ ਦੇ ਅਹਿਮ ਫ਼ੈਸਲੇ ਅਤੇ ਅਨੁਸ਼ਾਸ਼ਨ ਸਬੰਧੀ ਭਰਪੂਰ ਜਾਣਕਾਰੀ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਕ ਅਧਿਆਪਕ ਦੀ ਸਖਤ ਮਿਹਨਤ ਸਦਕਾ ਹੀ ਬੱਚੇ ਸਿਖ਼ਰਾਂ ਨੂੰ ਛੂਹਦੇ ਹੋਏ ਜੀਵਨ 'ਚ ਆਪਣੇ ਅਸਲ ਮਕਸਦ ਨੂੰ ਪਛਾਣਦੇ ਹਨ। ਇਸ ਸਮਾਰੋਹ ਮੌਕੇ ਸ: ਛੀਨਾ ਨੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਅਤੇ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ ਨਾਲ ਮਿਲ ਕੇ ਸ: ਹਰਮੀਤ ਸਿੰਘ (ਲੈਕਚਰਾਰ, ਪੋਲੀਟੀਕਲ ਸਾਇੰਸ, ਬਾਬਾ ਸੋਹਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਕਨਾਂ ਕਲਾਂ) ਨੂੰ 'ਬੈਸਟ ਟੀਚਰ' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਜਿਸ 'ਚ ਉਨ੍ਹਾਂ ਨੂੰ ਇਕ ਲੱਖ ਰੁਪਏ ਦੀ ਰਾਸ਼ੀ ਅਤੇ ਪ੍ਰਸੰਸਾ ਪੱਤਰ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੂਸਰੇ ਨੰਬਰ 'ਤੇ ਸ੍ਰੀਮਤੀ ਪ੍ਰੇਰਨਾ ਖੰਨਾ (ਸਪੈਸ਼ਲ ਐਜੂਕੇਟਰ, ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ) ਨੂੰ ਪ੍ਰਸੰਸਾ ਪੱਤਰ ਅਤੇ 25000 ਰੁਪਏ ਦੀ ਰਾਸ਼ੀ, ਸ: ਸੁਨਿੰਦਰਪਾਲ ਸਿੰਘ (ਈ.ਟੀ.ਟੀ. ਅਧਿਆਪਕ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ, ਮੁਰਾਦਪੁਰ ਨਰਿਆਲ) ਨੂੰ ਰੁ: 15000 ਰੁਪਏ ਅਤੇ ਪ੍ਰਸੰਸਾ ਪੱਤਰ ਨਾਲ ਨਿਵਾਜਿਆ ਗਿਆ।

ਇਸ ਮੌਕੇ ਉਕਤ ਤੋਂ ਇਲਾਵਾ ਸ਼ਾਰਟਲਿਸਟ ਕੀਤੇ ਗਏ 5 ਹੋਰ ਅਧਿਆਪਕ ਸ੍ਰੀ ਦੀਪਕ ਕੁਮਾਰ, ਸ: ਅਮਨਿੰ-ਦਰਜੀਤ ਸਿੰਘ ਕੋਹਲੀ, ਮੈਡਮ ਗੁਨੀਤ ਅਰੋੜਾ, ਸ੍ਰੀਮਤੀ ਅਮਿਤਾ ਸ਼ਿੰਗਾਰੀ ਨੂੰ ਵੀ ਸ਼ਾਲ ਅਤੇ ਪ੍ਰਸੰਸਾ ਪੱਤਰ ਨਾਲ ਸਨ-ਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਇਸ ਮੌਕੇ ਪ੍ਰਿੰ: ਡਾ. ਹਰਪ੍ਰੀਤ ਕੌਰ ਨੇ ਅਧਿਆਪਕਾਂ ਜੋ ਕਿ ਬੱਚੇ ਦੀ ਜੀਵਨ ਨੂੰ ਉਜਵਲ ਲਈ ਜਦੋਂ ਜਹਿਦ ਕਰਦੇ ਹਨ ਅਤੇ ਉਨ੍ਹਾਂ ਨੂੰ ਆਧੁਨਿਕ ਨਾਲ ਭਰਪੂਰ ਸੁਵਿਧਾਵਾਂ ਬਾਰੇ ਜਿੱਥੇ ਗਿਆਨ ਸਾਂਝੇ ਕਰਦੇ ਹੋਏ, ਉਥੇ ਬੀਤੇ ਕੋਵਿਡ19 ਦੌਰਾਨ ਵੀ ਅਧਿਆਪਕਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦਿਆਂ ਬੱਚਿਆਂ ਦੇ ਭਵਿੱਖ ਲਈ ਕਈ ਅਜਿਹੇ ਉਪਰਾਲੇ ਕੀਤੇ ਕਿ ਵਿਦਿਆਰਥੀਆਂ ਦਾ ਪੜ੍ਹਾਈ ਪੱਖੋਂ ਸਮਾਂ ਨਾ ਖ਼ਰਾਬ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਐਵਾਰਡ ਦਾ ਆਯੋਜਨ ਡਾ: ਨਿਰਮਲਜੀਤ ਕੌਰ ਸੰਧੂ, ਡਾ: ਗੁਰਜੀਤ ਕੌਰ, ਡਾ: ਬਿੰਦੂ ਸ਼ਰਮਾ, ਡਾ: ਮਨਿੰਦਰ ਕੌਰ, ਸ੍ਰੀਮਤੀ ਰਾਜਵਿੰਦਰ ਕੌਰ ਅਤੇ ਡਾ: ਅਵਨੀਤ ਦੀ ਯੋਗ ਅਗਵਾਈ ਹੇਠ ਕੀਤਾ ਗਿਆ।

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



## ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ



ਅਨੁਸੂਚਿਤ ਜਾਤੀ ਦੇ ਨੁਮਾਇੰਦੇ, ਪੜ੍ਹੇ-ਲਿਖੇ ਤੇ ਸੂਝਵਾਨ ਨੌਜਵਾਨ
ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ



## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ (ਐਸ. ਸੀ.) ਮੁੱਖ ਮੰਤਰੀ ਬਣਨ 'ਤੇ ਲੱਖ-ਲੱਖ ਵਧਾਈਆਂ



ਸੰਤੋਖ ਸਿੰਘ ਗਿੱਲ
ਜਨਰਲ ਸਕੱਤਰ



ਪ੍ਰੇਮ ਲਾਲ ਸੌਂਧੀ
ਚੇਅਰਮੈਨ



ਪਲਵਿੰਦਰ ਸਿੰਘ ਸਹੋਤਾ
ਵਾਈਸ ਚੇਅਰਮੈਨ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਰਜਿ: 1946023

# ਸਿੱਖਿਆ ਮਹਿਕਮੇ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਜਸਵੀਰ ਸਿੰਘ ਗੜ੍ਹੀ ਨਾਲ ਕੀਤੀ ਮੁਲਾਕਾਤ

**ਫਗਵਾੜਾ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਹਾਜ਼ਰੀ ਵਿੱਚ ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਮੀਟਿੰਗਾਂ ਕਰਕੇ ਆਪਣੀਆਂ ਮੁਸ਼ਕਲਾਂ ਤੋਂ ਸ. ਗੜ੍ਹੀ ਨੂੰ ਜਾਣੂ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਕੜੀ ਦੇ ਤਹਿਤ ਸਿੱਖਿਆ ਮਹਿਕਮੇ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਤੋਂ ਸ. ਗੜ੍ਹੀ ਨੂੰ ਜਾਣੂ ਕਰਵਾਇਆ। ਇਸ ਮੌਕੇ ਏਡਿਡ ਸਕੂਲ ਇੰਪਲਾਈਜ਼ ਐਸੋਸੀਏਸ਼ਨ ਦੇ ਵਫਦ ਨੇ ਵੀ ਸੂਬਾ ਪ੍ਰਧਾਨ ਮਾਸਟਰ ਬਲਦੇਵ ਸਿੰਘ ਦੀ ਅਗਵਾਈ ਹੇਠ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਕੀਤੀ। ਸਿੱਖਿਆ ਮਹਿਕਮੇ ਦੇ ਇਨ੍ਹਾਂ ਆਗੂਆਂ ਨੇ ਮੁੱਦਾ ਰੱਖਦੇ ਹੋਏ ਦਸਿਆ ਕਿ ਪੇ ਕਮਿਸ਼ਨ'ਚ 2.25 ਤੋਂ 2.59 ਦਾ ਵਾਧਾ ਦਿੱਤਾ ਗਿਆ ਹੈ ਜੋਕਿ ਤਰੁੱਟੀਆਂ ਵਾਲਾ ਹੈ। ਉਨ੍ਹਾਂ ਕਿਹਾ ਕਿ ਏਡਿਡ ਸਕੂਲਾਂ ਦੀਆਂ ਤਕਰੀਬਨ 7 ਹਜ਼ਾਰ ਅਸਾਮੀਆਂ ਜੋ ਖਾਲੀ ਪਈਆਂ ਹਨ ਨੂੰ ਭਰਿਆ ਜਾਵੇ ਅਤੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੇ ਪੈਟਰਨ ਤੇ ਏਡਿਡ ਸਕੂਲਾਂ ਨੂੰ ਸਰਕਾਰ ਅਡਾਪਟ ਕਰੇ। ਇਸ ਤੋਂ ਇਲਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂ ਪਰਮਿੰਦਰਪਾਲ ਸਿੰਘ ਨੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਦੌਰਾਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਰੱਖੀ। ਇਸ ਮੌਕੇ ਉਕਤ ਆਗੂਆਂ ਦੀ ਅਗਵਾਈ ਹੇਠ ਬਸਪਾ ਪ੍ਰਧਾਨ ਗੜ੍ਹੀ ਨਾਲ ਮੁਲਾਕਾਤ ਕਰਨ ਲਈ ਆਏ ਵਫਦ ਦੇ ਮੈਂਬਰਾਂ ਵੱਲੋਂ ਇੱਕ ਲਿਖਤੀ ਮੰਗ ਪੱਤਰ ਵੀ ਸ. ਗੜ੍ਹੀ ਨੂੰ ਦਿੱਤਾ ਗਿਆ। ਇਸ ਦੌਰਾਨ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਏ ਹੋਏ ਸਾਰੇ ਹੀ ਮੁਲਾਜ਼ਮ ਆਗੂਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਮੇਂ ਦੀ ਹਕੂਮਤ ਵੱਲੋਂ ਨਾ ਤਾਂ ਲੋਕਾਂ ਦੀ ਭਲਾਈ ਲਈ ਕੁੱਝ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਮੁਲਾਜ਼ਮਾਂ ਦੀ ਮੰਗਾਂ ਤੇ ਗੌਰ ਫਰਮਾਇਆ ਜਾ ਰਿਹਾ ਹੈ ਜਿਸ ਕਰਕੇ ਸੂਬੇ ਵਿੱਚ ਹਰ ਪਾਸੇ ਹਰ ਵਰਗ ਸਰਕਾਰ ਤੋਂ ਦੁਖੀ ਦੇਖਿਆ ਜਾ ਸਕਦਾ ਹੈ। ਸ. ਗੜ੍ਹੀ ਨੇ ਸਾਰੇ ਹੀ ਆਗੂਆਂ ਨੂੰ ਭਰੋਸਾ ਦਵਾਇਆ ਕਿ 2022 ਵਿੱਚ ਅਕਾਲੀ-ਬਸਪਾ ਦੇ ਸੱਤਾ ਵਿੱਚ ਆਉਣ ਤੇ ਹਰ ਮਹਿਕਮੇ ਦੀਆਂ ਮੰਗਾਂ ਕਾਨੂੰਨ ਦਾ ਦਾਇਰੇ ਵਿੱਚ ਰਹਿ ਪ੍ਰਵਾਨ ਕੀਤੀ ਜਾਣਗੀਆਂ ਤਾਂ ਜੋ ਮੁਲਾਜ਼ਮ ਵਰਗ, ਜਿਹੜਾ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਵਿੱਚ ਚੱਲ ਰਿਹਾ ਹੈ, ਨੂੰ ਆਪਣੇ ਸੁਰੱਖਿਅਤ ਭਵਿੱਖ ਦਾ ਅਹਿਸਾਸ ਹੋ ਸਕੇ। ਉਨ੍ਹਾਂ ਕਿਹਾ ਕਿ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਇੱਕੋ ਹੀ ਸੰਦੇਸ਼ ਹੁੰਦਾ ਹੈ ਕਿ ਵਾਅਦਾ ਉਹ ਹੀ ਕਰਨਾ ਜਿਸਨੂੰ ਪੂਰਾ ਕੀਤਾ ਜਾ ਸਕੇ ਅਤੇ ਬਸਪਾ ਦਾ ਇਹ ਇਤਿਹਾਸ ਰਿਹਾ ਹੈ ਕਿ ਬਸਪਾ ਆਪਣੇ ਕੀਤੇ ਵਾਅਦਿਆਂ ਨੂੰ ਹਰ ਹਾਲ ਵਿੱਚ ਪੂਰਾ ਕਰਦੀ ਹੈ ਅਤੇ ਜਿਸ ਵਾਅਦੇ ਨੂੰ ਬਸਪਾ ਪੂਰਾ ਨਾ ਕਰ ਸਕਦੀ ਹੋਵੇ ਉਹ ਵਾਅਦਾ ਬਸਪਾ ਵੱਲੋਂ ਕਦੇ ਕੀਤਾ ਹੀ ਨਹੀਂ ਜਾਂਦਾ।





ਇਸ ਮੌਕੇ ਆਏ ਸਾਰੇ ਆਗੂਆਂ ਨੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦਾ ਉਨ੍ਹਾਂ ਦੇ ਮਸਲਿਆਂ ਨੂੰ ਪੂਰੀ ਸੰਜੀਦਗੀ ਨਾਲ ਸੁਣਦੇ ਹੋਏ ਉਨ੍ਹਾ ਦੇ ਢੁੱਕਵੇਂ ਹੱਲ ਦਾ ਭਰੋਸਾ ਦਵਾਏ ਜਾਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਮਾਸਟਰ ਜਸਵੀਰ ਸਿੰਘ ਸੈਣੀ, ਮਾਸਟਰ ਬਲਦੇਵ ਸਿੰਘ, ਮੁਕੇਸ਼ ਗੁਪਤਾ, ਮਨੀ ਉਪਲ, ਨਰੇਸ਼ ਧੀਰ, ਪਰਮਿੰਦਰਪਾਲ ਸਿੰਘ ਅਤੇ ਬਸਪਾ ਦੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਅਤੇ ਲੇਖਰਾਜ ਜਮਾਲਪੁਰੀ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਮੈਂਬਰ ਹਾਜ਼ਰ ਰਹੇ।

# ਆਜ਼ਾਦੀ ਦੇ 74 ਸਾਲ ਬਾਅਦ ਦਲਿਤਾਂ ਪ੍ਰਤੀ ਕਾਂਗਰਸ ਦਾ ਪ੍ਰੇਮ ਜਾਗਣਾ ਬਸਪਾ ਦੀ ਵੱਧਦੀ ਤਾਕਤ ਦੇ ਚੱਲਦਿਆਂ ਬਣੀ ਦਹਿਸ਼ਤ ਦਾ ਨਤੀਜਾ: ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ/ ਜਲੰਧਰ–** ਪੰਜਾਬ ਕਾਂਗਰਸ ਦੇ ਕਲੇਸ਼ ਦਰਮਿਆਨ ਚਰਨਜੀਤ ਸਿੰਘ ਚੰਨੀ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਏ ਜਾਣ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਜ਼ਾਦੀ ਦੇ 74 ਸਾਲਾਂ ਬਾਅਦ ਯਾਨਿ ਕਿ ਪੌਣੀ ਸਦੀ ਬਾਅਦ ਕਾਂਗਰਸ ਦਾ ਪੰਜਾਬ ਵਿੱਚ ਦਲਿਤ ਪ੍ਰੇਮ ਜਾਗਣਾ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਵਿੱਚ ਵਧੀ ਤਾਕਤ ਦੇ ਚਲਦਿਆਂ ਕਾਂਗਰਸ ਵਿੱਚ ਪਈ ਦਹਿਸ਼ਤ ਦਾ ਨਤੀਜਾ ਹੈ। ਬਸਪਾ ਪ੍ਰਧਾਨ ਗੜ੍ਹੀ ਨੇ ਮੁੱਖ ਮੰਤਰੀ ਬਣਨ ਤੇ ਜਿੱਥੇ ਚਰਨਜੀਤ ਸਿੰਘ ਚੰਨੀ ਨੂੰ ਵਧਾਈ ਦਿੱਤੀ ਉਥੇ ਹੀ ਉਨ੍ਹਾਂ ਕਾਂਗਰਸ ਤੇ ਤੰਜ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਇੰਨੇਂ ਲੰਬੇ ਸਮੇਂ ਬਾਅਦ ਪੰਜਾਬ ਵਿੱਚ ਦਲਿਤ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਲੈਣਾ ਕਾਂਗਰਸ ਦੀ ਨਲਾਇਕੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਜੇ ਦਲਿਤ ਚਿਹਰਾ ਦੇਣਾ ਹੀ ਸੀ ਤਾਂ ਉਸ ਤਰੀਕੇ ਦਾ ਕੋਈ ਦਲਿਤ ਚਿਹਰਾ ਦਿੰਦੇ ਜਿਹੜਾ ਦਲਿਤ ਸਮਾਜ ਦੇ ਹੱਕਾਂ ਦੀ ਰਾਖੀ ਲਈ ਵੀ ਜੂਝਦਾ ਹੁੰਦਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਿਛਲੇ ਸਮੇਂ ਤੋਂ ਜਿਵੇਂ ਬਸਪਾ ਨੇ ਕੰਮ ਕੀਤਾ ਅਤੇ ਦਲਿਤ ਅਤੇ ਪੱਛੜੇ ਵਰਗ ਦੇ ਲੋਕ



ਬਸਪਾ ਨਾਲ ਵੱਡੀ ਗਿਣਤੀ ਵਿੱਚ ਜੁੜੇ ਹਨ ਇਹੋ ਕਾਰਣ ਹੈ ਕਿ ਕਾਂਗਰਸ ਨੇ ਬਸਪਾ ਨੂੰ ਰੋਕਣ ਦੇ ਲਈ ਹੀ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਜਿਹੜਾ ਦਲਿਤ ਚਿਹਰਾ ਸ੍ਰੀ ਚੰਨੀ ਜੀ ਨੂੰ ਕਾਂਗਰਸ ਨੇ ਮੁੱਖ ਮੰਤਰੀ ਬਣਾਇਆ ਇਹ ਪੰਜਾਬ ਦਾ ਤਾਂ ਕੀ ਹੋਣਾ ਇਹ ਦਲਿਤਾਂ ਵੀ ਨਹੀਂ ਹੋਇਆ ਕਿਉਂਕਿ ਸਾਢੇ ਚਾਰ ਸਾਲ ਸ੍ਰੀ ਚੰਨੀ ਜੀ ਕੈਬਨਿਟ ਮੰਤਰੀ ਰਹੇ ਪਰ ਇਨ੍ਹਾਂ ਸਾਢੇ ਚਾਰ ਸਾਲਾਂ ਵਿੱਚ ਦਲਿਤਾਂ ਦੀ ਇੱਕ ਵੀ ਮੰਗ ਨੂੰ ਪੂਰਾ ਨਹੀਂ ਕਰਵਾਇਆ। ਪ੍ਰਧਾਨ ਗੜ੍ਹੀ ਨੇ ਕਿਹਾ ਕਿ ਜਿਹੜਾ ਮੁੱਖ ਮੰਤਰੀ ਕਾਂਗਰਸ ਨੇ ਚੁਣਿਆ ਉਸਦਾ ਚਰਿੱਤਰ ਬਹੁਤ ਦਾਗੀ ਹੈ ਕਿਉਂਕਿ ਪੰਜਾਬ ਦੀਆਂ ਮਹਿਲਾ ਅਫਸਰਾਂ ਨੇ ਸ੍ਰੀ ਚੰਨੀ ਜੀ ਦੇ ਅਸ਼ਲੀਲ ਮੈਸੇਜ ਨੂੰ ਲੈਕੇ ਮੀ-ਟੂ ਦੇ ਕੇਸ ਤੱਕ ਵੀ ਦਰਜ ਕਰਵਾਏ, ਮੀ-ਟੂ ਦੀਆਂ ਸ਼ਿਕਾਇਤਾਂ ਦਰਜ ਹੋਈਆਂ, ਮਹਿਲਾ ਕਮਿਸ਼ਨ ਕੋਲ ਵੀ ਕੇਸ ਚੱਲਦਾ ਹੈ ਅਤੇ ਇਸ ਕਰਕੇ ਬਹੁਜਨ ਸਮਾਜ ਪਾਰਟੀ ਦਲਿਤ ਚਿਹਰੇ ਦਾ ਤਾਂ ਸਵਾਗਤ ਕਰਦੀ ਹੈ ਪਰ ਕਾਂਗਰਸ ਦੀ ਨਲਾਇਕੀ ਅਤੇ ਕਾਂਗਰਸ ਦੀ ਇਸਦੇ ਪਿੱਛੇ ਜੋ ਕੁਟਿਲ ਮਨਸ਼ਾ ਹੈ ਉਸਦੀ ਨਿੰਦਾ ਵੀ ਕਰਦੀ ਹੈ।


# ਕਾਂਗਰਸ ਵੱਲੋਂ ਮੁੱਖ ਮੰਤਰੀ ਬਦਲਣਾ ਬਹੁਜਨ ਸਮਾਜ ਪਾਰਟੀ ਦੀ ਜਿੱਤ: ਜਸਵੀਰ ਸਿੰਘ ਗੜ੍ਹੀ

ਚੰਡੀਗੜ੍ਹ/ ਜਲੰਧਰ- ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਬਦਲਣਾ ਬਹੁਜਨ ਸਮਾਜ ਪਾਰਟੀ ਦੀ ਜਿੱਤ ਹੈ ਅਤੇ ਇਹ ਬਸਪਾ ਦੀ ਮਜ਼ਬੂਤੀ ਦੀ ਹੀ ਨਿਸ਼ਾਨੀ ਹੈ ਕਿ ਕਾਂਗਰਸ ਪਾਰਟੀ ਦਾ ਸਾਰਾ ਜ਼ੋਰ ਹੁਣ ਇਸ ਗੱਲ ਤੇ ਲੱਗਿਆ ਹੋਇਆ ਹੈ ਕਿ ਬਸਪਾ ਨੂੰ ਪੰਜਾਬ ਵਿੱਚ ਰੋਕਿਆ ਕਿਵੇਂ ਜਾਵੇ ਪਰ ਬਸਪਾ ਕਾਂਗਰਸ ਦੇ ਰੋਕਿਆਂ ਨਹੀਂ ਰੁਕਣ ਵਾਲੀ ਕਿਉਂਕਿ ਬਸਪਾ ਦੇ ਵਰਕਰਾਂ ਵੱਲੋਂ ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਸਬਕ ਸਿਖਾਉਣ ਦੀਆਂ ਪੂਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਅਤੇ ਹੁਣ ਜੇਕਰ ਇੰਤਜ਼ਾਰ ਹੈ ਤਾਂ ਉਹ ਸਿਰਫ ਤੇ ਸਿਰਫ ਚੋਣਾਂ ਦੇ ਐਲਾਨ ਦਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹ ਪੰਜਾਬ ਦੇ ਤਾਜ਼ਾ ਸਿਆਸੀ ਹਾਲਾਤਾਂ ਦੇ ਸੰਦਰਭ ਵਿੱਚ ਪੱਤਰਕਾਰਾਂ ਨਾਲ ਮੁਖ-ਾਤਬ ਸੀ ਜਿੱਥੇ ਉਨ੍ਹਾਂ ਕਾਂਗਰਸ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਕਿ ਸਾਲ 2002 ਤੋਂ 2007 ਤੱਕ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੀ ਸਨ ਅਤੇ ਉਸ ਸਮੇਂ ਕੈਪਟਨ ਦੇ ਖਿਲਾਫ ਇਸ ਤੋਂ ਵੱਡੀ ਬਗਾਵਤ ਹੋਈ ਸੀ ਪਰ ਉਸ ਬਗਾਵਤ ਦੌਰਾਨ ਕਾਂਗਰਸ ਹਾਈਕਮਾਨ ਕੈਪਟਨ ਦੀ ਪਿੱਠ ਤੇ ਡਟ ਕੇ ਖੜ੍ਹੀ ਸੀ ਜਦਕਿ ਇਸ ਵਾਰ ਅਜਿਹਾ ਨਹੀਂ ਹੋ ਸਕਿਆ ਕਿਉਂਕਿ ਕਾਂਗਰਸ ਦੀ ਪੰਜਾਬ ਲੀਡਰਸ਼ਿਪ ਅਤੇ ਹਾਈਕਮਾਨ ਨੂੰ ਇਸ ਗੱਲ ਦਾ ਸਪੱਸ਼ਟ ਤੌਰ ਤੇ ਪਤਾ ਲੱਗ ਚੁਕਿਆ ਹੈ ਕਿ ਬਸਪਾ ਨੇ ਪੰਜਾਬ ਵਿੱਚ ਕਾਂਗਰਸ ਦੀਆਂ ਜੜ੍ਹਾਂ ਹਿਲਾਕੇ ਰੱਖ ਦਿੱਤੀਆਂ ਹਨ ਅਤੇ ਇਹ ਬਸਪਾ ਵਲੋਂ ਹਿਲਾਈਆਂ ਹੋਈਆਂ ਜੜ੍ਹਾਂ ਦਾ ਹੀ ਅਸਰ ਹੈ ਕਿ ਕਾਂਗਰਸ ਦਾ ਮੁੱਖ ਮੰਤਰੀ ਆਪਣੀ ਕੁਰਸੀ ਤੋਂ ਭੁੜਕਕੇ ਹੇਠਾਂ ਜਾ ਡਿੱਗਿਆ ਹੈ।

ਸ. ਗੜ੍ਹੀ ਨੇ ਕਿਹਾ ਕਿ ਉਹ ਇਸ ਗੱਲ ਦੀ ਕਾਂਗਰਸ ਨੂੰ ਚੁਣੌਤੀ ਦਿੰਦੇ ਹਨ ਕਿ ਜਿਹੜਾ ਦੂਸਰਾ ਵੀ ਮੁੱਖ ਮੰਤਰੀ ਬਿਠਾਉਣਗੇ ਜਾਂ ਦੂਸਰੇ ਦੇ ਨਾਲ ਜਾਤੀਵਾਦੀ ਰਾਜਨੀਤੀ ਦੇ ਤਹਿਤ ਹੋਰ ਵੀ ਇੱਕ ਦੋ ਬਾਹਾਂ ਬਿਠਾ ਸਕਦੇ ਹਨ, ਪਰ ਬਸਪਾ ਕਾਂਗਰਸ ਨੂੰ 2022 'ਚ ਸਬਕ ਸਿਖਾਏਗੀ ਹੁਣ ਜਿੰਨੇ ਮਰਜ਼ੀ ਇਹ ਮੁੱਖ ਮੰਤਰੀ ਬਦਲ ਲੈਣ ਕੋਈ ਫਰਕ ਨਹੀਂ ਪਵੇਗਾ। ਅਸਲ ਵਿੱਚ ਕਾਂਗਰਸ ਜਿਹੜੀ ਫੇਲ੍ਹ ਹੋਈ ਹੈ ਉਸਦਾ ਇੱਕੋ ਇੱਕ ਕਾਰਣ ਇਹ ਹੀ ਹੈ ਕਿ ਜਿਹੜੇ ਵਾਅਦੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਸੀ ਉਹ ਵਾਅਦੇ ਪੂਰੇ ਨਹੀਂ ਕੀਤੇ।





ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਦੱਸਿਆ ਜਾਂਦਾ ਹੈ ਕਿ ਵਿਧਾਨ ਸਭਾ ਦਸੂਹਾ ਤੋਂ ਸ੍ਰੀ ਸੁਸ਼ੀਲ ਕੁਮਾਰ ਸ਼ਰਮਾ (ਪਿੰਕੀ ਸ਼ਰਮਾ) ਜੀ ਅਤੇ ਵਿਧਾਨ ਸਭਾ ਲੁਧਿਆਣਾ ਉਤਰੀ ਤੋਂ ਸ੍ਰੀ ਗੁਰਮੇਲ ਸਿੰਘ ਜੀਕੇ ਹਲਕਾ ਇੰਚਾਰਜ ਹੋਣਗੇ। ਭਵਿੱਖ ਵਿਚ ਬਸਪਾ ਵਲੋਂ ਐਲਾਨੇ ਗਏ ਹਲਕਾ ਇੰਚਾਰਜ ਸੰਭਾਵੀ ਉਮੀਦਵਾਰ ਹੋਣਗੇ।

**ਸਹੀ/-**
**ਰਣਧੀਰ ਸਿੰਘ ਬੈਣੀਵਾਲ**
**ਸੂਬਾ ਇੰਚਾਰਜ**
**(ਪੰਜਾਬ, ਹਰਿਆਣਾ ਤੇ ਚੰਡੀਗੜ੍ਹ)**

# ਸਮਤਾ ਸੈਨਿਕ ਦਲ ਦਾ ਸੋਵੀਨਰ 14 ਅਕਤੂਬਰ ਨੂੰ ਹੋਵੇਗਾ ਜਾਰੀ

## ਸੋਵੀਨਰ ਦੇ ਸੰਪਾਦਕੀ ਮੰਡਲ 'ਚ ਕੁਲਦੀਪ ਭੱਟੀ ਐਡਵੋਕੇਟ ਹੋਏ ਸ਼ਾਮਲ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਅੰਬੇਡਕਰ ਭਵਨ, ਜਲੰਧਰ ਵਿਖੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਦੀ ਪ੍ਰਧਾਨਗੀ ਹੇਠ ਹੋਈ। ਜਸਵਿੰਦਰ ਵਰਿਆਣਾ ਨੇ ਦੱਸਿਆ ਕਿ ਬਾਬਾ ਸਾਹਿਬ ਡਾ: ਬੀ. ਆਰ. ਅੰਬੇਡਕਰ ਨੇ 10 ਸਾਲ ਪੁਰਾਣੀ ਨਿਰੰਤਰਤਾ ਦੇ ਸਮਾਜਿਕ ਸੰਘਰਸ਼ ਦੇ ਮੱਦੇਨਜ਼ਰ ਰਾਜਨੀਤਿਕ ਅਤੇ ਸਮਾਜਿਕ ਸਥਿਤੀ ਦੀ ਸਮੀਖਿਆ ਕਰਨ ਦੇ ਮੱਦੇਨਜ਼ਰ, 13 ਅਕਤੂਬਰ, 1935 (ਐਤਵਾਰ), ਯੇਓਲਾ (ਜ਼ਿਲ੍ਹਾ ਨਾਸਿਕ) ਵਿਖੇ ਨਿਰਾਸ਼ ਵਰਗਾਂ ਦੀ ਇੱਕ ਕਾਨਫਰੰਸ ਕਰਨ ਦਾ ਫੈਸਲਾ ਕੀਤਾ। ਉਸ ਕਾਨਫਰੰਸ ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਨੇ ਕਿਹਾ ਕਿ ਬਦਕਿਸਮਤੀ ਨਾਲ ਮੈਂ ਇੱਕ ਹਿੰਦੂ ਅਛੂਤ ਪੈਦਾ ਹੋਇਆ ਸੀ ਪਰ ਮੈਂ ਇੱਕ ਹਿੰਦੂ ਨਹੀਂ ਮਰਾਂਗਾ। ਪੂਰੇ 21 ਸਾਲ ਸਾਰੇ ਧਰਮਾਂ ਦੇ ਅਧਿਐਨ ਤੋਂ ਬਾਅਦ ਉਨ੍ਹਾਂ ਨੇ 14 ਅਕਤੂਬਰ, 1956 ਨੂੰ ਨਾਗਪੁਰ ਵਿਖੇ ਆਪਣੇ ਲੱਖਾਂ ਪੈ-ਰੋਕਾਰਾਂ ਨਾਲ ਹਿੰਦੂ ਧਰਮ ਤਿਆਗ ਕੇ ਭਾਂਤੇ ਚੰਦਰਮਨੀ ਕੋਲੋਂ ਬੁੱਧ ਧੱਮ ਦੀ ਦੀਕਸ਼ਾ ਲੈ ਲਈ ਸੀ। ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਇਸ ਦਿਨ 14 ਅਕਤੂਬਰ ਨੂੰ 'ਧੱਮ ਚੱਕਰ ਪਰਿਵਰਤਨ ਦਿਵਸ' ਵਜੋਂ ਹਰ ਸਾਲ ਮਨਾਉਂਦੀ ਹੈ। ਉਨ੍ਹਾਂ ਨੇ ਦੱਸਿਆ ਕਿ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਇਸ ਦਿਨ 14 ਅਕਤੂਬਰ ਨੂੰ ਆਪਣਾ ਸੋਵੀਨਰ ਜਾਰੀ ਕਰੇਗਾ। ਸੋਵੀਨਰ ਦੇ ਸੰਪਾਦਕੀ ਮੰਡਲ 'ਚ ਕੁਲਦੀਪ ਭੱਟੀ ਐਡਵੋਕੇਟ ਨੂੰ ਸ਼ਾਮਲ ਕੀਤਾ ਗਿਆ। ਇਸ ਸੋਵੀਨਰ ਵਿਚ 'ਭਾਰਤ ਵਿੱਚ ਲੋਕਤੰਤਰ ਦਾ ਭਵਿੱਖ' ਵਿਸ਼ੇ ਤੇ ਵਿਦਵਾਨਾਂ ਦੇ ਆਰਟੀਕਲ ਹੋਣਗੇ। ਇਹ ਜਾਣਕਾਰੀ ਦਲ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਮੀਡੀਆ ਨੂੰ ਦਿੱਤੀ। ਇਸ ਮੌਕ ਜਸਵਿੰਦਰ ਵਰਿਆਣਾ, ਐਡਵੋਕੇਟ ਕੁਲਦੀਪ ਭੱਟੀ, ਤਿਲਕ ਰਾਜ, ਚਮਨ ਲਾਲ, ਰਾਮ ਲਾਲ ਦਾਸ ਅਤੇ ਨਿਰਮਲ ਬਿਨਜੀ ਹਾਜਰ ਸਨ।



# ਅਮਰੀਕਾ 'ਚ 1000 ਸਾਲ ਪੁਰਾਣੀ ਗੁਫਾ ਹੋਈ ਨੀਲਾਮ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਸਟੇਟ ਮਿਸੂਰੀ ਵਿੱਚ ਇੱਕ 1000 ਸਾਲ ਦੇ ਕਰੀਬ ਪੁਰਾਣੀ ਗੁਫਾ (ਕੇਵ), ਜਿਸ ਵਿੱਚ ਮੂਲ ਅਮਰੀਕੀ ਚਿੱਤਰਾਂ ਦੀ ਕਲਾਕਾਰੀ ਸ਼ਾਮਲ ਹੈ, ਨੂੰ ਮੰਗਲਵਾਰ ਨੂੰ ਨਿਲਾਮੀ ਵਿੱਚ ਵੇਚਿਆ ਗਿਆ ਹੈ। ਸੇਂਟ ਲੂਈਸ ਤੋਂ 60 ਮੀਲ (97 ਕਿਲੋਮੀਟਰ) ਪੱਛਮ ਵਿੱਚ ਵਾਰੇਨਟਨ ਸ਼ਹਿਰ ਦੇ ਨੇੜੇ 43 ਪਹਾੜੀ ਏਕੜ ਦੇ ਨਾਲ 'ਪਿਕਚਰ ਕੇਵ' ਦੇ ਨਾਮ ਨਾਲ ਜਾਣੀ ਜਾਂਦੀ ਇਸ ਗੁਫਾ ਦੇ ਮਾਲਕਾਂ ਨੂੰ ਨਿਲਾਮੀ ਵਿੱਚ ਇੱਕ ਬੋਲੀਕਾਰ 2.2 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤ ਹੋਇਆ। ਨੀਲਾਮੀ ਨੂੰ ਆਯੋਜਿਤ ਕਰਨ ਵਾਲੀ ਸੇਂਟ ਲੂਈਸ ਸਥਿਤ ਫਰਮ ਸੇਲਕਿਰਕ ਨਿਲਾਮੀ ਅਤੇ ਮੁਲਾਂਕਣ ਦੇ ਅਨੁਸਾਰ ਇਸ ਨਿਲਾਮੀ ਦੇ ਜੇਤੂ ਬੋਲੀਕਾਰ ਦਾ ਨਾਮ ਫਿਲਹਾਲ ਗੁਪਤ ਰੱਖਿਆ ਗਿਆ ਹੈ।

ਨਿਲਾਮੀ ਵੈਬਸਾਈਟ ਦੇ ਅਨੁਸਾਰ ਇਹ ਗੁਫਾ ਪਵਿੱਤਰ ਰਸਮਾਂ ਅਤੇ ਮੁਰਦਿਆਂ ਦੇ ਦਫਨਾਉਣ ਦਾ ਸਥਾਨ ਸੀ ਅਤੇ ਇਸ ਵਿੱਚ 290 ਤੋਂ ਵੱਧ ਪੂਰਵ -ਇਤਿਹਾਸਕ ਗਲੈਫਸ, ਜਾਂ ਹਾਇਓਰੋਗਲਾਈਫਿਕ ਚਿੰਨ੍ਹ ਹਨ, ਜੋ ਆਵਾਜ਼ਾਂ ਜਾਂ ਅਰਥਾਂ ਨੂੰ ਦਰਸਾਉਣ ਲਈ ਵਰਤੇ ਜਾਂਦੇ ਸਨ। ਇਸ ਗੁਫਾ ਵਿੱਚ ਲੋਕਾਂ, ਜਾਨਵਰਾਂ, ਪੰਛੀਆਂ ਅਤੇ ਮਿਥਿਹਾਸਕ ਜੀਵਾਂ ਦੇ ਚਿੱਤਰ ਹਨ ਅਤੇ ਇਸ ਕਲਾ ਨੂੰ ਬਣਾਉਣ ਲਈ ਵੱਖ-ਵੱਖ ਸਾਧਨਾਂ ਦੀ ਵਰਤੋਂ ਕੀਤੀ ਗਈ ਸੀ।

ਇਸਦੇ ਇਲਾਵਾ ਕਈ ਪੱਥਰਾਂ ਨੂੰ ਖੁਰਚ ਕੇ ਵੀ ਚਿੱਤਰਕਾਰੀ ਕੀਤੀ ਗਈ ਹੈ।

# ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਫ਼ਦ ਨੇ ਡੀਸੀ.ਅੰਮ੍ਰਿਤਸਰ ਨੂੰ ਜੱਲ੍ਹਿਆਂਵਾਲਾ ਬਾਗ਼ ਸਬੰਧੀ ਦਿੱਤਾ ਮੈਮੋਰੈਂਡਮ

**ਜਲੰਧਰ–** ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਇਤਿਹਾਸਕ ਸਮਾਰਕ ਜਲ੍ਹਿਆਂਵਾਲਾ ਬਾਗ਼ ਨਾਲ ਸੁੰਦਰੀਕਰਨ ਤੇ ਨਵੀਨੀਕਰਨ ਦੇ ਨਾਂਅ 'ਤੇ ਕੀਤੀ ਛੇੜਛਾੜ ਵਿਰੁੱਧ ਦੇਸ਼ ਭਗਤ ਯਾਦਗਾਰ ਕਮੇਟੀ ਦਾ ਇੱਕ ਵਫ਼ਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਖਹਿਰਾ ਨੂੰ ਮੈਮੋਰੈਂਡਮ ਪੇਸ਼ ਕੀਤਾ। ਕਮੇਟੀ ਦੇ ਪ੍ਰਧਾਨ ਕਾ.ਅਜਮੇਰ ਸਿੰਘ, ਮੀਤ ਪ੍ਰਧਾਨ ਕਾ.ਸੀਤਲ ਸਿੰਘ ਸੰਘਾ, ਜਨਰਲ ਸਕੱਤਰ ਕਾ. ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਕਾ.ਰਣਜੀਤ ਸਿੰਘ ਔਲਖ ਅਤੇ ਟਰੱਸਟ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੇ ਵਫ਼ਦ ਨੇ ਡਿਪਟੀ ਕਮਿਸ਼ਨਰ ਨਾਲ ਮਿਲ ਕੇ ਉਨ੍ਹਾਂ ਨੂੰ ਨਵੀਨੀਕਰਣ ਦੇ ਨਾਂਅ 'ਤੇ ਸਰਕਾਰ ਵਲੋਂ ਕੀਤੀਆਂ ਤਬਦੀਲੀਆਂ ਬਾਰੇ ਵਿਸਥਾਰ-ਪੂਰਵਕ ਗੱਲਬਾਤ ਕੀਤੀ ਅਤੇ ਰੋਸ ਪ੍ਰਗਟ ਕੀਤਾ ਕਿ ਇਹ ਤਬਦੀਲੀਆਂ ਏਸ ਇਤਿਹਾਸ ਧਰੋਹਰ ਨਾਲ ਕੋਝਾ ਮਜ਼ਾਕ ਹੈ, ਜਿਸ ਨੂੰ ਦੇਸ਼ ਭਗਤ ਆਵਾਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਗੱਲਬਾਤ ਦੌਰਾਨ ਬਾਗ਼ ਦੀ



ਮੁੱਖ ਗਲੀ ਜਿਸ ਰਾਹੀਂ ਜਨਰਲ ਡਾਇਰ ਅੰਦਰ ਗਿਆ ਸੀ, ਇਕੱਠ 'ਤੇ ਗੋਲੀ ਚਲਾਉਣ ਵਾਲੀ ਥਾਂ, ਸ਼ਹੀਦੀ ਜੋਤੀ, ਸ਼ਹੀਦੀ ਖੂਹ ਅਤੇ ਗੈਲਰੀਆਂ ਵਿੱਚ ਸਾਕੇ ਨਾਲ ਸਬੰਧਤ ਕੁਝ ਤਸਵੀਰ ਹਟਾਉਣ ਅਤੇ ਲਗੀਆਂ ਕੁਝ ਤਸਵੀਰ ਹੇਠ ਗਲਤ ਨਾਂਅ ਲਿਖੇ ਜਾਣ ਬਾਰੇ ਵਿਸਥਾਰ ਵਿੱਚ ਦਸਿਆ ਗਿਆ ਕਿ ਕਿਸ ਤਰ੍ਹਾਂ ਅੰਗਰੇਜ਼ ਸਾਮਰਾਜ ਵੱਲੋਂ ਕੀਤੇ ਉਸ ਖੂਨੀ ਸਾਕੇ ਦੀ ਲੋਅ ਨੂੰ ਮੱਧਮ ਕਰਨ ਲਈ ਸੁੰਦਰੀਕਰਨ ਦੇ ਨਾਂਅ 'ਤੇ ਵਿਗਾੜ ਕੀਤਾ ਗਿਆ ਹੈ, ਜਦੋਂ ਕਿ ਇਸ ਯਾਦਗਾਰ ਦੀ ਅਸਲ ਇਤਿਹਾਸਕ ਦਿੱਖ ਨੂੰ ਸੰਭਾਲਣ ਦੀ ਲੋੜ ਸੀ। ਡਿਪਟੀ ਕਮਿਸ਼ਨਰ ਸ੍ਰੀ ਖਹਿਰਾ ਨੇ ਵਫ਼ਦ ਦੀਆਂ ਮੰਗਾਂ ਨੂੰ ਬਹੁਤ ਸੰਜੀਦਗੀ ਨਾਲ ਸੁਣਿਆ ਅਤੇ ਵਿਸ਼ਵਾਸ਼ ਦੁਆਇਆ ਕਿ ਉਹ ਕਮੇਟੀ ਦੇ ਇਨ੍ਹਾਂ ਜਜਬਾਤ ਅਤੇ ਮੰਗਾਂ ਨੂੰ ਸਬੰਧਤ ਵਿਭਾਗ ਅਤੇ ਅਧਿਕਾਰੀਆਂ ਕੋਲ ਪਹੁੰਚਾਉਣਗੇ। ਉਨ੍ਹਾਂ ਦੱਸਿਆ ਕਿ ਮੁੱਖ ਤੌਰ 'ਤੇ ਜਲ੍ਹਿਆਂਵਾਲਾ ਬਾਗ਼ ਦੀ ਸੰਭਾਲ ਕੌਮੀ ਜੱਲ੍ਹਿਆਂਵਾਲਾ ਟਰੱਸਟ ਦੇ ਅਧੀਨ ਹੈ, ਜਿਸ ਦੇ ਚੇਅਰਮੈਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਹਨ।

# ਬੰਗਾ ਦੀ ਪੁਸਤਕ 'ਸੱਚ ਨੂੰ ਮਿਲਦੇ ਮੇਵੇ' ਨਿੱਕੀਆਂ ਕਰੂੰਬਲਾਂ ਵੱਲੋਂ ਜਾਰੀ

**ਮਾਹਿਲਪੁਰ–** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਮਾਹਿਲਪੁਰ ਵਿਖੇ ਪੁਸਤਕ ਰਿਲੀਜ਼ ਸਮਾਰੋਹ ਦਾ ਆਯੋਜਨ ਸਟੇਟ ਅਵਾਰਡੀ ਟੀਚਰ ਸੁੱਚਾ ਰਾਮ ਬੰਗਾ ਰਿਟਾਇਰਡ ਬੀਪੀਈਓ ਦੀ ਪਹਿਲੀ ਬਰਸੀ ਮੌਕੇ ਉਹਨਾਂ ਦੀ ਜੀਵਨ ਸਾਥਣ ਨਿਰਮਲ ਕੌਰ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਉਨੈਹਾਂ ਦੀ ਬਾਲ ਕਵਿਤਾਵਾਂ ਅਤੇ ਗੀਤਾਂ ਦੀ ਪੁਸਤਕ 'ਸੱਚ ਨੂੰ ਮਿਲਦੇ ਮੇਵੇ' ਸੰਪਾਦਕ ਬਲਜਿੰਦਰ ਮਾਨ, ਸਾਹਿਤਕਾਰ ਵਿਜੇ ਬੰਬੇਲੀ , ਸਟੇਟ ਅਵਾਰਡੀ ਟੀਚਰ ਅਵਤਾਰ ਲੰਗੇਰੀ ,ਬੱਗਾ ਸਿੰਘ ਆਰਟਿਸਟ ਅਤੇ ਸੁਰਿੰਦਰ ਸਿੰਘ ਰਿਟਾਇਰਡ ਬੀਪੀਈਓ ਵੱਲੋਂ ਜਾਰੀ ਕੀਤੀ ਗਈ। ਪੁਸਤਕ ਬਾਰੇ ਬੋਲਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਉਨੈਹਾਂ ਨੇ ਜਿੰਨੀਆਂ ਰਚਨਾਵਾਂ ਰਚੀਆਂ ਉਨੈਹਾਂ ਵਿੱਚੋਂ ਚੋਣਵੀਆਂ ਰਚਨਾਵਾਂ ਦਾ ਇਹ ਇਕ ਰੌਚਿਕ ਸੰਗੈਰਹਿ ਹੈ। ਜਿਸ ਵਿੱਚ ਬਾਲ ਮਾਨਸਿਕਤਾ ਦਾ ਖਾਸ ਤੌਰ ਤੇ ਖਿਆਲ ਰੱਖਿਆ ਗਿਆ ਹੈ। ਇਹ ਸਭ ਰਚਨਾਵਾਂ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਨਾਲ ਜੋੜ ਕੇ ਆਦਰਸ਼ ਨਾਗਰਿਕ ਬਣਾਉਂਦੀਆਂ ਹਨ। ਸੁਖਮਨ ਸਿੰਘ ਅਤੇ ਅਵਤਾਰ ਲੰਗੇਰੀ ਨੇ ਕਿਹਾ ਕਿ ਸੁੱਚਾ ਰਾਮ ਬੰਗਾ ਨੇ ਆਪਣੇ ਜੀਵਨ ਵਿੱਚ ਹਮੇਸ਼ਾਂ ਸਮਾਜਿਕ ਕਦਰਾਂ ਕੀਮਤਾਂ ਤੇ ਪਹਿਰਾ ਦਿੱਤਾ ਅਤੇ ਹਰ ਕਿਸੇ ਦੀ ਮਦਦ ਕੀਤੀ।



ਇਸ ਮੌਕੇ ਸੀਐਚਟੀ ਜਸਬੀਰ ਸਿੰਘ, ਪੰਕਜ ਸ਼ਰਮਾ, ਪਰਮਜੀਤ ਸਿੰਘ ਕਾਤਿਬ ਅਤੇ ਸੰਤੋਖ ਦਾਸ ਨੇ ਕਿਹਾ ਕਿ ਉਹ ਇਕ ਵਧੀਆ ਸਾਥੀ ਅਤੇ ਉੱਤਮ ਦਰਜੇ ਦੇ ਸਾਹਿਤਕਾਰ ਸਨ। ਗਾਇਕ ਉਪਕਾਰ ਸਿੰਘ ਪੱਟੀ ਅਤੇ ਪੰਮੀ ਖੁਸ਼ਹਾਲਪੁਰੀ ਨੇ ਸੁੱਚਾ ਰਾਮ ਬੰਗਾ ਬਾਰੇ ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ।

ਇਸ ਪੈਰੋਗਰਾਮ ਦੇ ਆਯੋਜਨ ਵਿਚ ਨਵਤੇਜ ਸਿੰਘ ਗੁਲਵੰਤ ਸਿੰਘ ਅਤੇ ਮਨਜਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ। ਇਸ ਸਮਾਰੋਹ ਵਿੱਚ ਸਵਰਨ ਸਿੰਘ, ਮੈਡਮ ਸੰਤੋਸ਼ ਕੁਮਾਰੀ, ਸਤਵੀਰ ਕੌਰ ,ਸੱਤਪਾਲ, ਅਰਸ਼ਦੀਪ ਸਿੰਘ, ਗਗਨਦੀਪ ਕੌਰ, ਰਘੁਵੀਰ ਸਿੰਘ ਕਲੋਆ ਅਤੇ ਸਰਪੰਚ ਸੰਤੋਖ ਦਾਸ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ।ਅੰਤ ਵਿਚ ਸਭ ਦਾ ਧੰਨਵਾਦ ਕਰਦਿਆਂ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸੁਰ ਸੰਗਮ ਵਿੱਦਿਅਕ ਟਰੱਸਟ ਨਰੋਏ ਸਾਹਿਤ ਦੇ ਪੈਰਕਾਸ਼ਨ ਲਈ ਹਮੇਸਾਂ ਯਤਨ ਜਾਰੀ ਰੱਖੇਗਾ।

# ਵਰਜੀਨੀਆ ਹਾਈ ਸਕੂਲ 'ਚ ਹੋਈ ਗੋਲੀਬਾਰੀ ਨਾਲ 2 ਵਿਦਿਆਰਥੀ ਹੋਏ ਜ਼ਖਮੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਸਕੂਲਾਂ ਵਿੱਚ ਵਿਅਕਤੀਗਤ ਕਲਾਸਾਂ ਸ਼ੁਰੂ ਹੋਣ ਦੇ ਬਾਅਦ ਗੋਲੀਬਾਰੀ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਇਸ ਦੀ ਇੱਕ ਨਵੀਂ ਘਟਨਾ ਵਿੱਚ ਵਰਜੀਨੀਆਂ ਦੇ ਇੱਕ ਸਕੂਲ ਵਿੱਚ ਸੋਮਵਾਰ ਨੂੰ ਹੋਈ ਗੋਲੀਬਾਰੀ ਨਾਲ ਸਕੂਲ ਦੇ ਦੋ ਵਿਦਿਆਰਥੀਆਂ ਦੇ ਜਖਮੀ ਹੋਣ ਦੀ ਘਟਨਾ ਵਾਪਰੀ ਹੈ। ਇਸ ਸਬੰਧੀ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਕਾਰੀਆਂ ਨੇ ਦੱਸਿਆ ਕਿ ਵਰਜੀਨੀਆ ਦੇ ਨਿਊਪੋਰਟ ਨਿਊਜ਼ ਦੇ ਹੈਰੀਟੇਜ ਹਾਈ ਸਕੂਲ ਵਿੱਚ ਗੋਲੀਬਾਰੀ ਦੀ ਇਹ ਘਟਨਾ ਵਾਪਰੀ। ਇਸ ਨਾਲ ਦੋ ਵਿਦਿਆਰਥੀ ਜਖਮੀ ਹੋਏ ਅਤੇ ਗੋਲੀਬਾਰੀ ਤੋਂ ਕੁੱਝ ਘੰਟਿਆਂ ਬਾਅਦ, ਪੁਲਿਸ ਨੇ ਇੱਕ ਨਬਾਲਗ ਨੂੰ ਹਿਰਾਸਤ ਵਿੱਚ ਲਿਆ। ਪੁਲਿਸ ਮੁਖੀ ਅਨੁਸਾਰ ਜਖਮੀ ਹੋਏ ਦੋ ਪੀੜਤਾਂ ਦੀ ਉਮਰ 17 ਸਾਲ ਹੈ। ਇਹਨਾਂ ਵਿੱਚੋਂ ਇੱਕ ਪੁਰਸ਼ ਵਿਦਿਆਰਥੀ ਦੇ ਚਿਹਰੇ ਦੇ ਇੱਕ ਪਾਸੇ ਗੋਲੀ ਅਤੇ ਇੱਕ ਮਹਿਲਾ ਵਿਦਿਆਰਥੀ ਦੀ ਲੱਤ ਵਿੱਚ ਗੋਲੀ ਲੱਗੀ ।

ਇਸ ਗੋਲੀਬਾਰੀ ਕਰਕੇ ਘੱਟੋ ਘੱਟ ਚਾਰ ਵਿਦਿਆਰਥੀਆਂ ਨੂੰ ਖੇਤਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ, ਪਰ ਸਿਰਫ ਦੋ ਨੂੰ ਹੀ ਗੋਲੀ ਲੱਗੀ ਸੀ। ਪੁਲਿਸ ਦਾ ਮੰਨਣਾ ਹੈ ਕਿ ਹਮਲਾਵਰ ਅਤੇ ਪੀੜਤ ਵਿਦਿਆਰਥੀ ਇੱਕ ਦੂਜੇ ਨੂੰ ਜਾਣਦੇ ਸਨ ਅਤੇ ਗੋਲੀਬਾਰੀ ਦੀ ਵਜ੍ਹਾ ਕਿਸੇ ਕਿਸਮ ਦੇ ਝਗੜੇ ਨੂੰ ਮੰਨਿਆ ਜਾ ਰਿਹਾ ਹੈ। ਪੁਲਿਸ ਵੱਲੋਂ ਇਸ ਗੋਲੀਬਾਰੀ ਦੇ ਸਬੰਧ ਵਿੱਚ ਅਗਲੀ ਜਾਂਚ ਸ਼ੁਰੂ ਕੀਤੀ ਗਈ ਹੈ।



# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਭਾਈ ਜੈਤਾ

ਪ੍ਰੀਤਮ ਸਿੰਘ 'ਪ੍ਰੀਤਮ'

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਵੀ ਨਹੀਂ, ਭਾਰਤ ਦੇ ਸਮੁੱਚੇ ਇਤਿਹਾਸ ਵਿਚ ਵੀ ਬੜੇ ਦੂਰ ਰਸ ਸਿੱਟੇ ਪੈਦਾ ਕਰਨ ਵਾਲੀ ਘਟਨਾ ਹੋਈ ਹੈ। ਸਭ ਤੋਂ ਵੱਡੀ ਗੱਲ ਜੋ ਉਨ੍ਹਾਂ ਦੀ ਸ਼ਹਾਦਤ ਨਾਲ ਸਾਹਮਣੇ ਆਈ ਅਤੇ ਜਿਸ ਨੂੰ ਅੱਜ ਤੱਕ ਕਿਸੇ ਇਤਿਹਾਸਕਾਰ ਨੇ ਨਹੀਂ ਗੌਲਿਆ, ਉਹ ਇਹ ਕਿ ਉਸ ਸਮੇਂ ਅਖੌਤੀ ਨੀਵੀਂ ਜਾਤੀ ਦੇ ਇਕ ਵਿਅਕਤੀ ਨੇ, ਸ਼ਾਹੀ ਫੁਰਮਾਨ ਨੂੰ ਅਣਗੌਲਿਆ ਕਰਕੇ ਜਾਨ ਦੀ ਪਰਵਾਹ ਨਾ ਕਰਦਿਆਂ, ਇਕ ਸੱਚੇ ਸਿੱਖ ਦਾ ਸਬੂਤ ਦੇ ਕੇ ਗੁਰੂ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਪਹੁੰਚਾਇਆ। ਭਾਈ ਜੈਤੇ ਦੀ ਇਸ ਸੇਵਾ ਨੇ ਸਮੁੱਚੀ ਰੰਘਰੇਟਾ ਜਾਤੀ ਨੂੰ, ਗੁਰੂ ਕੇ ਬੇਟੇ ਹੋਣ ਦਾ ਮਾਣ ਬਖਸ਼ਿਆ। ਕੁਝ ਫਾਰਸੀ ਲਿਖਤਾਂ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 'ਤੇ ਭਾਈ ਜੈਤਾ ਦੇ ਅਦੁੱਤੀ ਕਾਰਨਾਮੇ ਬਾਰੇ ਵਿਸਥਾਰ ਪੂਰਵਕ ਵਰਣਨ ਹੈ।

ਅਹਿਮਦਸ਼ਾਹ ਬਟਾਲਵੀ ਨੇ ਆਪਣੀ ਪੁਸਤਕ ''ਤਵਾਰੀਖ ਹਿੰਦ'' ਜੋ ਸੰਨ 1818 ਵਿਚ ਲਿਖੀ ਗਈ, ਗੁਰੂ ਤੇਗ ਬਹਾਦਰ ਜੀ ਸ਼ਹਾਦਤ 'ਤੇ ਭਾਈ ਜੈਤੇ ਦੇ ਕਾਰਨਾਮੇ ਦਾ ਵਰਣਨ ਕਰਦਿਆਂ ਲਿਖਿਆ ਹੈ "ਜਦੋਂ ਗੁਰੂ ਤੇਗ ਬਹਾਦਰ ਕਤਲ ਕਰ ਦਿੱਤਾ ਗਿਆ ਅਤੇ ਇਹ ਖ਼ਬਰ ਗੋਬਿੰਦ ਸਿੰਘ ਨੂੰ ਮਿਲੀ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਉਸ ਨੇ ਆਪਣੇ ਨਾਮ ਲੇਵਾ ਨੂੰ ਇਕੱਤਰ ਕੀਤਾ ਤੇ ਕਿਹਾ, "ਮੇਰੇ ਪਿਤਾ ਨੂੰ ਦਿੱਲੀ ਵਿਚ ਕਤਲ ਕਰ ਦਿੱਤਾ ਗਿਆ ਹੈ, ਮੈਂ ਬਾਪ ਦਾ ਬਦਲਾ ਜ਼ਰੂਰ ਲਵਾਂਗਾ। ਹੁਣ ਜਦੋਂ (ਮੇਰੇ ਪਿਤਾ ਦੇ) ਸਰੀਰ ਨੂੰ ਉਨ੍ਹਾਂ ਨੂੰ ਲੁਕੋ ਕੇ ਰੱਖਿਆ ਹੈ, ਤੁਹਾਡੇ ਵਿਚੋਂ ਜਿਹੜਾ ਬਹਾਦਰ ਹੈ। ਉਹ ਜਾਵੇ ਤੇ ਉਹਨਾਂ ਦੇ ਸੀਸ ਨੂੰ ਲੈ ਆਵੇ। ਇਕ ਜਣਾ ਉਠਿਆ, ਕਮਰ ਕਸਾ ਕੀਤਾ ਅਤੇ ਦਿੱਲੀ ਵੱਲ ਟੁਰ ਪਿਆ। ਉਥੇ ਉਹ ਮੱਖਣ ਸ਼ਾਹ ਦੇ ਘਰ ਠਹਿਰਿਆ। ਉਸ ਨੇ (ਗੁਰੂ ਸਾਹਿਬ ਦੀ) ਦੇਹ ਨੂੰ ਲਿਆ ਕੇ ਮੱਖਣ ਸ਼ਾਹ ਦੇ ਹਵਾਲੇ ਕਰ ਦਿੱਤਾ ਅਤੇ ਸਿਰ ਆਪਣੇ ਨਾਲ ਗੁਰੂ ਜੀ ਕੋਲ ਲੈ ਗਿਆ। ਗੁਰੂ ਸਾਹਿਬ ਦਾ ਸਿਰ ਜਦੋਂ ਮਾਖੋਵਾਲ ਪਹੁੰਚਿਆ ਤਾਂ ਗੋਬਿੰਦ ਸਿੰਘ ਰੋ ਪਿਆ। ਉਸ ਦਾ ਸਸਕਾਰ ਕੀਤਾ ਤੇ ਗੁਰੂ ਸਾਹਿਬ ਦੀ ਮੜ੍ਹੀ ਮਾਖੋਵਾਲ ਅੰਦਰ ਬਣਾਈ। ਲੁਧਿਆਣੇ ਦੇ ਵਾਸੀ ਬੂਟੇ ਸ਼ਾਹ ਨੇ 'ਤਵਾਰੀਖ ਪੰਜਾਬ' 1848 ਵਿਚ ਲਿਖੀ। ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਬਾਰੇ ਆਪਣੀ ਪੁਸਤਕ ਵਿਚ ਵਰਣਨ ਕਰਦਿਆਂ ਉਹ ਲਿਖਦਾ ਹੈ:



" ਉ ਸ ਰੰਘਰੇਟੇ ਤੋਂ ਗੁਰੂ ਸਾਹਿਬ ਨੇ ਪੁੱਛਿਆ ਕਿ ਤੇਰੇ ਦਿਲ ਵਿਚ ਕੀ ਇੱਛਾ ਹੈ? ਜੋ ਵੀ ਹੈ ਦਸ ਤਾਂ ਕਿ ਬਿਨਾਂ ਕਿਸੇ ਝਿਜਕ ਦੇ ਤੂੰ ਉਸ ਨੂੰ ਪਾ ਲਵੇ। ਉਸ ਘੜੀ ਵਿਚ ਉਸ ਰੰਘਰੇਟੇ ਨੇ ਅਰਜ਼ ਕੀਤੀ ਕਿ ਜੇ ਗੁਰੂ ਦੀ ਮਿਹਰ ਇਸ ਨਿਮਾਣੇ ਉਪਰ ਹੋਈ ਤਾਂ ਇਸ ਸੇਵਕ ਨੂੰ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਕਰਨ ਦੀ ਆਗਿਆ ਹੋਵੇ। ਗੁਰੂ ਸਾਹਿਬ ਨੇ ਫੁਰਮਾਇਆ ਕਿ ਉਸ ਦੀ ਬੇਨਤੀ ਅਨੁਸਾਰ ਉਸ ਨੂੰ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਦੀ ਆਗਿਆ ਹੋਵੇਗੀ। ਉਸ ਦੇ ਰਸਤੇ ਵਿਚ ਕੋਈ ਰੋਕ ਨਹੀਂ ਪਾਵੇਗਾ। ਗੁਰੂ ਦੇ ਦੂਜੇ ਨਾਮ ਲੇਵਾ ਤੇ ਸਿੱਖਾਂ ਨੇ ਜਿਹੜੇ ਉਸ ਵੇਲੇ ਉਥੇ ਮੌਜੂਦ ਸਨ, ਬੇਨਤੀ ਕੀਤੀ ਕਿ ਅੰਮ੍ਰਿਤਸਰ ਦੇ ਸਰੋਵਰ ਵਿਚ ਬ੍ਰਾਹਮਣ, ਖਤਰੀ ਆਦਿ ਜਾਤੀਆਂ ਦੇ ਲੋਕ ਇਸ਼ਨਾਨ ਕਰਦੇ ਹਨ। ਇਨ੍ਹਾਂ ਰੰਘਰੇਟਿਆਂ ਦੇ ਇਸ਼ਨਾਨ ਕਰਨ ਨਾਲ ਦੁਨੀਆਂ ਦੇ ਸਾਰੇ ਕਾਰਜਾਂ ਦਾ ਸ਼ੀਰਾਜਾ ਖਿੰਡ ਪੁੰਡ ਜਾਵੇਗਾ। ਗੁਰੂ ਸਾਹਿਬ ਦੀ ਆਗਿਆ ਦੇ ਬੱਧੇ ਹੋਏ ਹਾਂ, ਇਸ ਲਈ ਜੋ ਹੁਕਮ ਵੀ ਆਪ ਵੱਲੋਂ ਜਾਰੀ ਕੀਤਾ ਜਾਵੇਗਾ ਅਸੀਂ ਉਸ ਨੂੰ ਪੂਰਾ ਕਰਨ ਵਿਚ ਆਪਣੇ ਵੱਡੇ ਭਾਗ ਮੰਨਾਂਗੇ। ਗੁਰੂ ਸਾਹਿਬ ਨੇ ਫੁਰਮਾਇਆ ਕਿ ਰੰਘਰੇਟਿਆਂ ਦਾ ਇਕ ਬੁੰਗਾ ਇਕ ਮਕਾਨ ਵਿਚ ਬਣਾ ਦਿੱਤਾ ਜਾਵੇ। ਫਲਸਰੂਪ ਅੰਮ੍ਰਿਤਸਰ ਦੇ ਦੱਖਣ ਵੱਲ ਬੇਰੀ ਦੇ ਥੱਲੇ, ਦੁੱਖ ਭੰਜਣੀ ਦੇ ਨੇੜੇ, ਰੰਘਰੇਟਿਆਂ ਦਾ ਬੁੰਗਾ ਬਣਿਆ ਹੋਇਆ ਹੈ। ਸਾਰੇ ਉਥੇ ਪਹੁੰਚ ਕੇ ਇਸ਼ਨਾਨ ਕਰਦੇ ਹਨ। ਉਸ ਦਿਨ ਤੋਂ ਉਹ ਗੁਰੂ ਸਾਹਿਬ ਦੇ ਸੇਵਕਾਂ ਦੀ ਲੜੀ ਵਿਚ ਪਰੁਚੇ ਹੋਏ ਹਨ। ਸਿੱਖ ਹੁਣ ਤੱਕ ਭੰਗੀਆਂ ਦੀ ਇਸ ਕੌਮ ਨੂੰ 'ਰੰਘਰੇਟਾ' ਆਖਦੇ ਹਨ। ਇਸ ਤੋਂ ਇਲਾਵਾ 1811 ਦੇ ਲਾਗੇ ਦਾਗੇ ਖੁਸ਼ਵਕਤ ਰਾਏ ਦੀ ਫਾਰਸੀ ਪੁਸਤਕ ਤਵਾਰੀਖ ਸਿੱਖਾਂ ਅਤੇ ਅਲਾਉਦੀਨ ਲਿਖਤ 'ਇਬਾਰਤਨਾਮਾ' ਵਿਚ ਭਾਈ ਜੈਤਾ ਦੀ ਇਸ ਬਹਾਦਰੀ ਦਾ ਵਰਣਨ ਹੈ ਪਰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਨਵੀਂ ਲੱਭਤ 'ਭੱਟ ਵਹੀਆਂ' ਵਿਚ ਮਿਲਦੇ ਨਵੇਂ ਤੱਥਾਂ ਤੋਂ ਬਿਨਾਂ ਭਾਈ ਜੈਤਾ ਬਾਰੇ ਵੀ ਨਵੇਂ ਤੱਥ ਸਾਹਮਣੇ ਆਏ ਹਨ, ਜਿਹਨਾਂ ਤੋਂ ਸਪਸ਼ਟ ਜਾਪਦਾ ਹੈ ਕਿ ਭਾਈ ਜੈਤਾ ਜੋ ਗੁਰੂ ਜੀ ਦਾ ਅਨਿਨ ਸਿੱਖ ਸੀ, ਦਿੱਲੀ ਦਾ ਰਹਿਣ ਵਾਲਾ ਸੀ। ਉਹ ਦਿਲਵਾਲੀ ਮੁਹੱਲੇ ਦਾ ਵਾਸੀ ਸੀ, ਜਿੱਥੇ ਵਧੇਰੇ ਕਰਕੇ ਰੰਘਰੇਟੇ ਸਿੱਖ ਰਹਿੰਦੇ ਸਨ। ਇਸ ਮੁਹੱਲੇ ਵਿਚ ਹੀ ਭਾਈ ਕਲਿਆਣ ਦੀ ਧਰਮਸ਼ਾਲਾ ਸੀ, ਜਿੱਥੇ ਕਿ ਸਾਰੇ ਗੁਰੂ ਸਾਹਿਬ ਦਿੱਲੀ ਜਾਣ ਸਮੇਂ ਰਿਹਾਇਸ਼ ਕਰਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਨਾਲ ਹੀ ਇਹ ਫੁਰਮਾਨ ਵੀ ਜਾਰੀ ਕਰ ਦਿੱਤਾ ਗਿਆ ਕਿ ਜੇ ਕੋਈ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਹੱਥ ਲਾਏਗਾ, ਉਸ ਦਾ ਵੀ ਹਸ਼ਰ ਜੋ ਗੁਰੂ ਤੇਗ ਬਹਾਦਰ ਨਾਲ ਹੋਇਆ ਹੈ। ਇਤਿਹਾਸ ਦਾ ਅਧਿਐਨ ਕਰਨ ਵਾਲੇ ਇਹ ਹੈਰਾਨੀ ਨਾਲ ਪੜ੍ਹਦਾ ਹੈ ਕਿ ਸਾਰੀ ਦਿੱਲੀ ਵਿਚ ਇਕ ਵੀ ਜੁਰਅਤ ਵਾਲਾ ਇਨਸਾਨ ਨਾ ਨਿਕਲਿਆ ਜੋ ਗੁਰੂ ਤੇਗ ਬਹਾਦਰ ਜੀ ਦੇ ਮ੍ਰਿਤਕ ਸਰੀਰ ਨੂੰ ਉਠਾਉਣ ਦੀ ਦਲੇਰੀ ਕਰਦਾ। ਉਹ ਹੀ ਦਿੱਲੀ ਜੋ ਕੁਝ ਦਿਨ ਪਹਿਲਾਂ ਸਿੱਖ ਹੋਣ ਦਾ ਦਮ ਭਰਦੀ ਸੀ। ਕਈ ਸਾਖੀਕਾਰਾਂ ਦੇ ਕਥਨ ਅਨੁਸਾਰ ਪ੍ਰਸ਼ਾਦ ਛਕਣ ਦੀ ਵੀ ਗੁਰੂ ਜੀ ਨੂੰ ਵਾਰੀ ਨਹੀਂ ਸੀ ਆਉਂਦੀ ਪਰ ਉਸੇ ਹੀ ਦਿੱਲੀ ਵਿਚ ਇਕ ਵੀ ਸਿੱਖ ਨਾ ਨਿਕਲਿਆ ਜੋ ਗੁਰੂ ਜੀ ਦਾ ਸਿੱਖ ਹੋਣ ਦਾ ਦਾਅਵਾ ਕਰਦਾ ਤੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨ ਲਈ ਅੱਗੇ ਵਧਦਾ। ਭਾਈ ਜੈਤਾ ਨੇ ਹੀ ਸਿੱਖੀ ਦੀ ਲਾਜ ਰੱਖੀ, ਜਾਨ ਤਲੀ 'ਤੇ ਰੱਖ ਕੇ ਉਹ ਚਾਂਦਨੀ ਚੌਂਕ ਪੁੱਜਾ ਤੇ ਗੁਰੂ ਜੀ ਦਾ ਸੀਸ ਬੜੇ ਸਤਿਕਾਰ ਨਾਲ ਉਠਾ ਕੇ ਆਨੰਦਪੁਰ ਪੁੱਜਾ। ਖ਼ਾਲਸੇ ਦੀ ਸਾਜਨਾ ਤੋਂ ਪਹਿਲਾਂ ਇਸ ਅਦੁੱਤੀ ਕਾਰਨਾਮੇ ਨੂੰ ਕਰਨ ਵਾਲੇ ਭਾਈ ਜੈਤਾ ਨੂੰ ਗੁਰੂ ਜੀ ਨੇ ਆਪਣੇ ਗਲ ਲਾਇਆ ਤੇ ਗਰਜ ਕੇ ਬੋਲੇ ਕਿ ਹੁਣ ਮੈਂ ਐਸਾ ਸਿੱਖ ਪੈਦਾ ਕਰਾਂਗਾ ਜੋ ਲੱਖਾਂ ਵਿਚ ਖਲੋਤਾ ਹੀ ਪਛਾਣਿਆ ਜਾਵੇਗਾ। ਇਹ ਘਟਨਾ ਸਰ ਜਾਦੂ ਨਾਥ ਸਰਕਾਰ ਦੇ ਸ਼ਬਦਾਂ ਵਿਚ 'ਖਾਲਸੇ' ਦੇ ਜਨਮ ਦਾ ਮੁੱਢ ਬਣੀ। ਖਾਲਸੇ ਦੀ ਸਾਜਨਾ ਸਮੇਂ ਇਹ ਸਾਰੇ ਰੰਘਰੇਟੇ ਗੁਰੂ ਜੀ ਤੋਂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ ਤੇ ਗੁਰੂ ਜੀ ਦੀ ਆਗਿਆ ਅਨੁਸਾਰ ਵਫਾਦਾਰ, ਸਿਪਾਹੀਆਂ ਵਾਂਗ ਦੇਸ਼ ਧਰਮ ਦੀ ਰਾਖੀ ਕਰਕੇ ਮੁਗਲਾਂ ਨਾਲ ਲੋਹਾ ਲੈਂਦੇ ਸਮੇਂ ਸ਼ਹੀਦ ਹੋ ਗਏ।

**ਧੰਨਵਾਦ ਸਹਿਤ 'ਕੌਮੀ ਉਡਾਰੀਆਂ' ਜਲੰਧਰ**

# ਰੂੜੀਵਾਦੀ ਮਾਨਸਿਕਤਾ ਬਨਾਮ ਪੰਜਾਬ ਦਾ ਨਵਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ !



ਕੇਹਰ ਸ਼ਰੀਫ
+49 173 3546050

ਪੰਜਾਬ ਨੂੰ "ਰਾਜਾਸ਼ਾਹੀ ਮਾਨਸਿਕਤਾ ਦੀ ਵਿਅਕਤੀਵਾਦੀ ਵਲਗਣ" ਚੋਂ ਕੱਢ ਕੇ ਪੰਜਾਬ ਅੰਦਰ ਹਕੂਮਤ ਕਰ ਰਹੀ ਪਾਰਟੀ ਨੇ ਗਰੀਬ ਪਰਵਾਰ ਵਿਚ ਜਨਮੇ ਕਿਰਤੀ ਵਰਗ ਦੇ ਪੜ੍ਹੇ ਲਿਖੇ ਨੌਜਵਾਨ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਹੈ। ਪਰ ਦੋ ਦਿਨ ਤੋਂ ਭੈਂਗੀ ਸਿਆਸਤ ਤੇ ਟੀਰੀ ਸੋਚ ਵਾਲੇ ਲੋਕ ਜਿਵੇਂ ਚੰਨੀ ਨਾਲ ਘਟੀਆ ਜਹੇ ਵਿਸ਼ੇਸ਼ਣ ਜੋੜ ਕੇ ਹੀਣਤਾ ਭਰੇ ਸੰਬੋਧਨ ਕਰ ਰਹੇ ਹਨ, ਉਸਤੋਂ ਪਤਾ ਲਗਦਾ ਹੈ ਕਿ ਸਾਡੇ ਸਮਾਜ ਅੰਦਰ ਬਹੁਤੇ ਲੋਕ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।" ਦੇ ਬਰਾਬਰੀ ਭਰੇ ਹੋਕੇ ਦਾ ਪੱਲਾ ਨਹੀਂ ਫੜ ਸਕੇ, ਇਸ ਸੋਚ ਨੂੰ ਅਮਲ 'ਚ ਅਪਣਾ ਨਹੀਂ ਸਕੇ, ਇਸ ਦੇ ਲੜ ਅਜੇ ਤੱਕ ਨਹੀਂ ਲੱਗ ਸਕੇ। ਸੋਚਣ-ਸਮਝਣ ਤੋਂ ਅਸਮਰੱਥ ਬਹੁਤੇ ਅਜੇ ਵੀ ਨਾ-ਬਰਾਬਰੀ ਵਾਲੀ ਮਨੂਵਾਦੀ ਵਰਣ ਵੰਡ ਵਾਲੀ ਦਕਿਆਨੂਸੀ ਸੋਚ ਦੇ ਸ਼ਿਕਾਰ ਹਨ। ਇਹ ਲੋਕ ਕਦੋਂ ਸੋਚਣਾ ਅਤੇ ਉਸ ਉੱਤੇ ਅਮਲ ਕਰਨਾ ਸ਼ੁਰੂ ਕਰਨਗੇ ਜੋ ਪੰਜਾਬ ਦੀ ਇਸ ਧਰਤੀ ਨੂੰ "ਪੰਜਾਬ ਵਸਦਾਂ ਗੁਰਾਂ ਦੇ ਨਾਂ 'ਤੇ " ਪ੍ਰਚਾਰਦੇ ਹਨ। ਕੀ ਗਰੀਬ ਘਰ ਜੰਮ ਕੇ ਸਮਰੱਥਾਵਾਨ, ਗਿਆਨਵਾਨ ਹੋਣਾ ਸੌਖਾ ਹੁੰਦਾ ਹੈ ? ਸ੍ਰੀ ਚੰਨੀ ਪਿਛਲੇ ਮੁੱਖ ਮੰਤਰੀਆ ਅਤੇ ਡਿਪਟੀ ਮੁੱਖਮੰਤਰੀਆਂ ਤੋਂ ਵੱਧ ਪੜ੍ਹਿਆ-ਲਿਖਿਆ ਸੂਝਵਾਨ ਇਨਸਾਨ ਹੈ। ਪਤਾ ਲੱਗ ਰਿਹਾ ਕਿ ਅਜੇ ਉਹ ਪੀ ਐਚ ਡੀ ਕਰ ਰਿਹਾ ਹੈ। ਇਹ ਬਹੁਤ ਵੱਡੀ ਗੱਲ ਹੈ ਲਗਾਤਾਰ ਸਿੱਖਦੇ ਰਹਿਣਾ ਅਤੇ ਗਿਆਨ ਦੇ ਲੜ ਲੱਗੇ ਰਹਿਣਾ। ਇਹ ਤਾਂ ਆਤਮ ਵਿਸ਼ਵਾਸ ਦਾ ਧਾਰਨੀ ਮਨੁੱਖ ਹੀ ਕਰ ਸਕਦਾ ਹੈ ।

ਪੰਜਾਬ ਤੋਂ ਬਾਹਰ ਰਹਿਣ ਵਾਲੇ ਲੋਕ ਹੈਰਾਨ ਹਨ&; ਤੇ ਪੁੱਛਦੇ ਹਨ ਕੀ ਸਿੱਖਾਂ ਵਿਚ ਵੀ ਜਾਤ-ਪਾਤ ਹੁੰਦੀ ਹੈ? ਸਿਆਣਿਆਂ ਦਾ ਜਵਾਬ ਹੁੰਦਾ ਹੈ ਸਿਧਾਂਤਕ ਪੱਖੋਂ ਤਾਂ ਨਹੀਂ ਪਰ ਅਮਲ ਵਿਚ ਬਾਕੀ ਫਿਰਕਿਆਂ ਵਾਂਗ ਹੀ ਹੈ। ਫੇਰ ਗੁਰੂ ਸਾਹਿਬਾਨਾਂ ਦੀਆਂ ਸਿਖਿਆਵਾਂ ਦਾ ਕੀ ਬਣਿਆਂ ? ਕੀ ਕਰਮਕ-ਾਂਡੀ ਤੇ ਜਾਤ-ਪਾਤੀ ਲੋਕਾਂ ਨੂੰ ਸਿੱਖ ਮੰਨਿਆਂ ਜਾਣਾ ਚਾਹੀਦਾ ਹੈ ? ਸਿੱਖ ਗੁਰੂ ਦੇ ਕਹਾਉਣਾ ਅਤੇ ਅਮਲ ਵਰਣਵੰਡ ਵਾਲੀ "ਵਿਚਾਰਧਾਰਾ" 'ਤੇ ਕਰਨਾ, ਇਹ ਗਲਤ ਹੀ ਨਹੀਂ ਆਤਮਘਾਤੀ ਰਾਹ / ਜੀਵਨ ਜਾਚ ਹੈ ਜੋ ਇਨਸਾਨ ਨੂੰ ਇਨਸਾਨ ਹੀ ਨਹੀਂ ਰਹਿਣ ਦਿੰਦੀ ।



ਇਹ ਜੀਵਨ ਜਾਚ ਦੁੱਧ ਵਿਚ ਕਾਂਜੀ ਘੋਲਣ ਵਰਗੀ ਹੈ, ਜਿਸ ਤੋਂ ਬਾਅਦ ਦੁੱਧ, ਦੁੱਧ ਨਹੀਂ ਰਹਿੰਦਾ। ਆਪਣੇ ਆਪ ਨੂੰ ਸਿੱਖ ਸਕਾਲਰ / ਸਿੱਖ ਬੁੱਧੀਜੀਵੀ ਕਹਿਣ-ਕਹਾਉਣ ਵਾਲਿਆਂ ਵਲੋਂ ਇਹ ਸਵਾਲ ਉਭਾਰਿਆ ਜਾਣਾ ਚਾਹੀਦਾ ਹੈ, ਜੇ ਉਹ ਸੱਚਮੁੱਚ ਬੁੱਧੀਜੀਵੀ ਹਨ ਤਾਂ ਇਸ ਸਵਾਲ ਦਾ ਜਵਾਬ ਵੀ ਦੇਣਾ ਚਾਹੀਦਾ ਹੈ, ਤਾਂ ਜੋ ਜਾਣੇ-ਅਣਜਾਣੇ ਹਨੇਰੇ ਵਿਚ ਟੱਕਰਾਂ ਮਾਰ / ਵਿਚਰ ਰਹੇ ਲੋਕ ਚਾਨਣ ਦੇ ਲੜ ਲੱਗ ਸਕਣ।

ਆਪਣੇ ਆਪ ਨੂੰ ਮੱਲੋਮੱਲੀ "ਪੰਥ ਦੀ ਪਾਰਟੀ" ਕਹਿਣ ਵਾਲੇ ਪਿਛਲੇ ਕਿੰਨੇ ਸਮੇਂ ਤੋਂ ਸਿਆਸੀ ਬਿਆਨਬਾਜ਼ੀ ਵਿਚ ਕਹਿੰਦੇ ਆ ਰਹੇ ਹਨ ਕਿ ਜੇ ਚੋਣਾਂ ਵਿਚ ਅਸੀਂ ਜਿੱਤੇ ਤਾਂ ਅਸੀਂ "ਦਲਿੱਤ" (ਕਿਰਤੀ ਲੋਕ ਕਿਉਂ ਨਹੀਂ ਕਹਿੰਦੇ), ਡਿਪਟੀ ਸੀ ਐਮ ਬਣਾਵਾਂਗੇ । ਭਲਾਂ ਆਪ ਇਹੋ ਕੌਣ ਹਨ ਜੋ ਜਗਤ ਪਾਲ ਕਿਰਤੀ ਵਰਗ ਨੂੰ ਹੀਣੇ ਸਮਝ ਰਹੇ ਹਨ ? ਕੀ ਇਨ੍ਹਾਂ ਸਿਆਸੀ ਧੰਦੇਬਾਜਾਂ ਨੂੰ ਪਤਾ ਹੈ ਮਹਾਂਪੁਰਸ਼ ਕਬੀਰ ਜੀ ਨੇ ਬਰਾਬਰੀ ਨੂੰ ਕਿਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ, ਜੇ ਨਹੀਂ ਜਾਣਦੇ ਤਾਂ ਸੁਣੋ ਕਬੀਰ ਜੀ ਨੇ ਕਿਹਾ ਸੀ " ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥ ਹੁਣ ਤਾਂ ਦੂਜਿਆਂ ਨੂੰ ਆਪਣੇ ਆਪ ਤੋਂ ਹੀਣੇ ਸਮਝਣ ਵਾਲਿਆਂ ਨੂੰ ਵੀ ਦੱਸਣਾ ਪਵੇਗਾ, (ਕਬੀਰ ਜੀ ਨੂੰ ਜਵਾਬ ਦੇਣਾ ਪਵੇਗਾ) ਉਹ ਕਿਵੇਂ "ਉੱਚੇ" ਹਨ, ਕਿਹੜੇ ਰਾਹੋਂ ਆਏ ਹਨ ? ਸਮਾਜ ਅੰਦਰ ਧਾਰਮਿਕ ਰਹਿਬਰ ਬਣ ਕੇ ਵਿਚਰਨ ਵਾਲਿਆਂ ਦੀ ਵੀ ਕੋਈ ਜੁੰਮੇਵਾਰੀ /ਜਵਾਬਦੇਹੀ ਹੁੰਦੀ ਹੈ, ਅਜਿਹੇ ਸਮੇਂ ਉਨ੍ਹਾ ਦਾ ਬੋਲਣਾ, ਸੱਚ ਉੱਤੇ ਪਹਿਰਾ ਦੇਣਾ ਵੀ ਜਰੂਰੀ ਹੁੰਦਾ ਹੈ। ਚੁੱਪ ਰਹਿ ਕੇ ਉਹ ਆਪਣੇ ਫ਼ਰਜ਼ ਤੋਂ ਕੋਤਾਹੀ ਕਰਦੇ ਹਨ। ਅੱਜ ਦਾ ਯੁੱਗ ਇਨ੍ਹਾਂ ਆਪਣੇ ਆਪ ਨੂੰ ਉੱਚੇ ਸਮਝਣ ਵਾਲਿਆਂ ਤੋਂ ਜਵਾਬ ਮੰਗਦਾ ਹੈ ਕਿ ਬਾਬਾ ਨਾਨਕ ਤਾਂ ਆਪਣੇ ਆਪ ਨੂੰ "ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ, ਨਾਨਕ ਤਿਨ ਕੇ ਸੰਗਿ ਸਾਥ ਵੱਡਿਆਂ ਸਿਉ ਕਿਆ ਰੀਸ" ਨੂੰ ਆਪਣੀ ਪਹਿਚਾਣ ਬਣਾਉਂਦੇ ਹਨ। ਉਹ ਮਲਕ ਭਾਗੋ ਨੂੰ ਨਕਾਰ ਕੇ ਭਾਈ ਲਾਲੋ ਨੂੰ ਆਪਣਾ ਦੱਸਦੇ ਹਨ। ਇਹ ਕੌਣ ਲੋਕ ਹਨ ਜੋ ਬਾਬੇ ਦੇ ਉਪਦੇਸ਼ਾਂ ਨੂੰ ਭੁੱਲ ਕੇ ਸਿਆਸੀ ਤਿਕੜਮਬਾਜ਼ੀਆਂ ਕਰ ਰਹੇ ਹਨ, ਕਾਹਦੀ ਖਾਤਰ ? ਇਸ ਤਰ੍ਹਾਂ ਪਦਾਰਥਾਂ ਦੇ ਢੇਰ ਤਾਂ ਤੁਸੀਂ ਲਾ ਲਵੋਗੇ, ਪਰ ਬਾਬੇ ਨਾਲੋਂ ਤੁਹਾਡਾ ਰਿਸ਼ਤਾ ਟੁੱਟ ਜਾਵੇਗਾ।

ਕਈ "ਸਿਆਸਤਦਾਨ" ਆਪਣੇ ਆਪ ਨੂੰ ਆਪ ਹੀ ਗਰੀਬ-ਗੁਰਬੇ ਦੇ ਆਗੂ ਦੱਸਣ ਲੱਗ ਪੈਂਦੇ ਹਨ, ਪਰ ਸਿਆਸਤ ਨੂੰ ਧੰਦਾ ਸਮਝ ਕੇ ਆਪੇ ਹੀ ਆਪਣੇ ਕਿਰਤੀ ਵਰਗ ਨੂੰ ਛੱਡ ਕੇ ਸਾਧਨ ਭਰਪੂਰ ਲੋਕਾਂ ਦੇ ਬਣ ਬਹਿੰਦੇ ਹਨ ਅਤੇ ਆਰਥਿਕ ਮੁਫਾਦ ਖਾਤਰ ਜਾਤ ਅਭਿਮਾਨੀਆਂ ਦੀ ਰਾਖੀ ਦਾ ਚੀਕ-ਚਿਹਾੜਾ ਪਾਉਣ ਲੱਗ ਪੈਂਦੇ ਹਨ। ਅਜਿਹੇ ਲੋਕਾਂ ਦੀ ਉਲਝੀ ਮਾਨਸਿਕ ਅਵਸਥਾ ਸਮਾਜ ਨੂੰ ਬੀਮਾਰ ਸੋਚ ਤੋਂ ਬਿਨਾਂ ਕੁੱਝ ਨਹੀਂ ਦੇ ਸਕਦੀ। ਇਨਸਾਨ ਹੋ ਤਾਂ ਇਨਸਾਨਾਂ ਵਾਲੀ ਗੱਲ ਕਰੋ, ਇਨਸਾਨੀਅਤ ਨੂੰ ਪਿਆਰ ਕਰੋ, ਨਫਰਤਾਂ ਵੰਡਣ ਵਾਲੇ ਹਮੇਸ਼ਾ ਤ੍ਰਿਸਕਾਰ ਦੇ ਭਾਗੀ ਬਣਦੇ ਹਨ। ਜੰਮ ਜੰਮ ਸਿਆਸਤਾਂ ਕਰੋ, ਪਰ ਭੁੱਲੋ ਨਾ ਤੁਸੀਂ ਇਸ ਸਮਾਜ ਦਾ ਅੰਗ ਹੋ। ਸਮਾਜ ਅੰਦਰ ਚੰਗੇ ਵਿਚਾਰਾਂ ਦਾ ਪ੍ਰਵਾਹ ਤੁਹਾਡੀ ਵੀ ਜੁੰਮੇਵਾਰੀ ਹੈ । ਪਤਾ ਹੋਣ ਦੇ ਬਾਵਜੂਦ ਕੋਈ ਵੀ ਗਲਤ ਕੰਮ ਕਰਨ ਲੱਗਿਆਂ ਅਤੇ ਨਿੰਦਿਆਂ ਦੇ ਵਿਹੜੇ ਬੈਠ, ਮੁਹੱਬਤਾਂ ਵੱਲ ਪਿੱਠ ਕਰਕੇ ਨਫਰਤ ਭਰੀ ਸੋਚ ਦੇ ਵੱਸ ਪੈ ਕੇ ਕਿਸੇ ਭਲੇਪੁਰਸ਼ ਵੱਲ ਝੂਠੀ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਵਲ ਨਿਗਾਹ ਮਾਰ ਲਿਉ, ਬਾਬਾ ਫਰੀਦ ਜੀ ਦਾ ਕਿਹਾ ਆਪਣੇ ਚੇਤੇ ਵਿਚੋਂ ਨਾ ਭੁਲਾਇਉ।

ਬਾਬਾ ਫਰੀਦ ਜੀ ਨੇ ਕਿਹਾ ਸੀ -

ਫਰੀਦਾ, ਜੇ ਤੂ ਅਕਲਿ ਲਤੀਫੁ ਕਾਲੇ ਲਿਖ ਨਾ ਲੇਖ ॥
ਆਪਨੜ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥

# ਦੱਬੇ ਕੁਚਲੇ ਵਰਗ ਲਈ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦਾ ਮੁੱਖ ਮੰਤਰੀ ਬਣਨਾ ਮਹੱਤਵਪੂਰਨ ਤੇ ਮਾਣ ਦੀ ਗੱਲ ਹੈ- ਕੈਂਥ

**ਚੰਡੀਗੜ੍ਹ-** ਪੰਜਾਬ ਵਿੱਚ ਅੱਜ ਪਹਿਲਾ ਅਨੁਸੂਚਿਤ ਜਾਤੀ ਦਾ ਮੁੱਖ ਮੰਤਰੀ ਚਮਕੌਰ ਸਾਹਿਬ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰੂਪ ਵਿੱਚ ਮਿਲਿਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਕਾਂਗਰਸ ਵੱਲੋਂ ਚੁੱਕੇ ਗਏ ਇਸ ਕਦਮ ਦਾ ਸਮਾਜ ਦੇ ਹਰ ਵਰਗ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਅੱਜ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਧਾਈ ਦਿੰਦੇ ਹੋਏ ਇਸ ਨੂੰ ਸਹੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਦੱਸਿਆ।

ਇਸ ਨੂੰ ਰਾਜ ਵਿੱਚ ਤਬਦੀਲੀ ਲਈ ਇੱਕ ਉਤਪ੍ਰੇਰਕ ਦੱਸਦੇ ਹੋਏ ਕੈਂਥ ਨੇ ਕਿਹਾ, "ਪੰਜਾਬ, ਭਾਰਤ ਵਿੱਚ ਅਨੁਸੂਚਿਤ ਜਾਤੀਆਂ ਦੀ ਸਭ ਤੋਂ ਵੱਡੀ ਸੰਖਿਆ ਵਾਲਾ ਸੂਬਾ, ਆਜ਼ਾਦੀ ਦੇ 74 ਸਾਲਾਂ ਬਾਅਦ ਅੰਤ ਵਿੱਚ ਇੱਕ ਅਨੁਸੂਚਿਤ ਜਾਤੀ ਦੇ ਸਿਆਸਤਦਾਨ ਦਾ ਨਵੇਂ ਮੁੱਖ ਮੰਤਰੀ ਵਜੋਂ ਸਵਾਗਤ ਕਰਨ ਦੇ ਯੋਗ ਹੋਇਆ। ਭਾਵਨਾਵਾਂ ਬਹੁਤ ਜ਼ਿਆਦਾ ਹਨ ਅਤੇ ਉਮੀਦਾਂ ਵੀ ਹਨ ਪਰ ਇਸ ਤੋਂ ਵੀ ਮਹੱਤਵਪੂਰਣ ਗੱਲ ਇਹ ਹੈ ਕਿ ਇਸ ਸਮੇਂ, ਮੈਂ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਯਾਤਰਾ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ, ਮੈਨੂੰ ਉਮੀਦ ਹੈ ਕਿ ਉਹ ਰਾਜ ਦੇ ਟੁੱਟ ਚੁੱਕੇ ਸਮਾਜਕ ਤਾਣੇ -ਬਾਣੇ ਨੂੰ ਇਕੱਠੇ ਬੁਣਨ ਦੇ ਯੋਗ ਹੋਵੇਗਾ ਜੋ ਅਨੁਸੂਚਿਤ ਜਾਤੀਆਂ ਅਤੇ ਹੋਰ ਪੱਛੜੇ ਸਮੂਹਾਂ ਦੇ ਨਾਲ ਅਪਾਹਜਤਾ ਅਤੇ ਵਿਤਕਰੇ ਤੋਂ ਪੀੜਤ ਹੈ। "



ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਲੰਮੇ ਸਮੇਂ ਤੋਂ ਅਨੁਸੂਚਿਤ ਜਾਤੀ ਦੇ ਮੁੱਖ ਮੰਤਰੀ ਦੀ ਮੰਗ ਕਰ ਰਿਹਾ ਹੈ ਅਤੇ ਜਨਵਰੀ 2021 ਵਿੱਚ ਚੰਡੀਗੜ੍ਹ ਦੇ ਸੈਕਟਰ 25 ਵਿੱਚ 28 ਦਿਨਾਂ ਦੇ ਧਰਨੇ ਦੌਰਾਨ ਸਭ ਤੋਂ ਸਪੱਸ਼ਟ ਸੀ। ਸ੍ਰੀ ਕੈਂਥ ਨੇ ਅੱਗੇ ਕਿਹਾ, "ਵੱਖ -ਵੱਖ ਰਾਜਨੀਤਿਕ ਪਾਰਟੀਆਂ ਆਉਣ ਵਾਲੀਆਂ ਚੋਣਾਂ ਲਈ ਵੱਖ -ਵੱਖ ਪਾਰਟੀਆਂ ਦੁਆਰਾ ਐਸਸੀ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦਾ ਵਾਅਦਾ ਕਰ ਰਹੀਆਂ ਹਨ, ਅਸੀਂ ਅਸਲ ਵਿੱਚ ਇੱਕ ਐਸਸੀ ਮੁੱਖ ਮੰਤਰੀ ਅਤੇ ਰਾਜ ਵਿੱਚ ਅਨੁਸੂਚਿਤ ਜਾਤੀ ਦੀ ਆਬਾਦੀ ਦਾ 32% ਚਾਹੁੰਦੇ ਹੈ (2011 ਦੀ ਮਰਦਮਸ਼ੁਮਾਰੀ ਤੋਂ) ਬਿਲਕੁਲ ਉਹੀ ਸੀ ਜਿਸਦਾ ਇਹ ਹੱਕਦਾਰ ਹੈ। "

ਉਨ੍ਹਾਂ ਕਿਹਾ, "ਸਰਦਾਰ ਚੰਨੀ ਉਸ ਧਰਤੀ ਨਾਲ ਸਬੰਧਤ ਹਨ, ਜਿੱਥੇ ਸਿੱਖ ਸ਼ਹੀਦ ਭਾਈ ਸੰਗਤ ਸਿੰਘ, ਜੋ ਕਿ ਐਸਸੀ ਭਾਈਚਾਰੇ ਨਾਲ ਸਬੰਧਤ ਸਨ, ਨੇ 10 ਵੇਂ ਗੁਰੂ, ਸ੍ਰੀ ਚਮਕੌਰ ਦੀ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਨੂੰ ਬਚਾਉਣ ਲਈ ਆਪਣੇ ਸ਼ੀਸ ਨੂੰ ਕਲਮ ਕਰਵਾ ਲਿਆ। ਸਾਨੂੰ ਉਮੀਦ ਹੈ। ਕਿ ਨਵਾਂ ਮੁੱਖ ਮੰਤਰੀ ਭਾਈਚਾਰੇ ਦੇ ਨਾਇਕਾਂ ਦੇ ਮਾਰਗ ਉਤੇ ਚਲਣ ਦੀ ਕੋਸਿਸ਼ ਕਰੇਗਾ ਅਤੇ ਪੰਜਾਬ ਰਾਜ ਅਤੇ ਅਨੁਸੂਚਿਤ ਜਾਤੀਆਂ ਦੇ ਨਾਲ -ਨਾਲ ਹੋਰ ਹਾਸ਼ੀਏ 'ਤੇ ਰਹਿੰਦੇ ਭਾਈਚਾਰਿਆਂ ਲਈ ਵਧੀਆ ਫੈਸਲੇ ਲੈਣ ਦੀ ਕੋਸ਼ਿਸ਼ਿ ਕਰੇਗਾ।

### ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਪੁਰਬ ’ਤੇ ਵਿਸ਼ੇਸ਼

# ‘ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ’



ਪ੍ਰੋ: ਐਚ.ਐਲ.ਕਪੂਰ

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਜਗਤ ’ਚ ਉਨ੍ਹਾਂ ਦਾ ਸਰਬ-ਉੱਚ ਸਥਾਨ ਹੈ। ਉਹਨਾਂ ਨੂੰ ‘ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ’ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ’ਚ ਅਦੁੱਤੀ ਤੇ ਬੇਮਿਸਾਲ ਹੈ, ਜਿਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਖ਼ੂਨ ਨਾਲ ਸਿੰਜਿਆ ਤੇ ਸਿੱਖੀ ਰੂਪੀ ਲੱਗੇ ਹੋਏ ਬੂਟੇ ਦੀਆਂ ਜੜ੍ਹਾਂ ਨੂੰ ਇਕ ਮਜ਼ਬੂਤ ਆਧਾਰ ਦੇ ਕੇ ਪ੍ਰਫੁੱਲਿਤ ਕੀਤਾ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਸੰਸਕ੍ਰਿਤੀ ਤੇ ਸੱਭਿਆਚਾਰ ਨੂੰ ਨਵੇਂ ਅਰਥ ਦੇ ਕੇ, ਅੱਗੋਂ ਸਿੱਖੀ ਦੇ ਭਵਿੱਖ ਲਈ ਨਵਾਂ ਤੇ ਮਜ਼ਬੂਤ ਰਸਤਾ ਲੱਭਣ ਲਈ ਆਧਾਰ ਵੀ ਪ੍ਰਦਾਨ ਕੀਤਾ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਉਹ ਬੜੇ ਪੁਰ ਅਮਨ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁੱਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ, ਜੋ ਧਰਮ ਦੇ ਨਾਂ ’ਤੇ ਅੱਤਿਆਚਾਰ ਕਰ ਰਹੇ ਸਨ, ਵੀ ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਬਹੁਤ ਹੀ ਲਾਇਕ ਤੇ ਸੁਹਿਰਦ ਸਪੁੱਤਰ ਸਨ। ਉਨ੍ਹਾਂ ਦੀ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਸੀ ਜੋ ਤੀਸਰੇ ਗੁਰੂ ਸਾਹਿਬ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ ਤੇ ਵਿਆਹ 1579 ਈਸਵੀ ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਨ੍ਹਾਂ ਨੇ ਸਿਰਤੋੜ ਯਤਨ ਕੀਤੇ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਮਹਾਨ ਕੇਂਦਰ ‘ਸ੍ਰੀ ਹਰਿਮੰਦਰ ਸਾਹਿਬ’ ਦੀ ਨੀਂਹ, ਇਕ ਮਹਾਨ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਸਿੱਖੀ ਦੇ ਕੇਂਦਰ ਦੀ ਉਸਾਰੀ ਪੂਰੀ ਕਰਾਉਣ ’ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਈਸਵੀ ’ਚ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਨ੍ਹਾਂ ਨੇ ਕਰਵਾਈ।

ਗੁਰੂ ਜੀ ਬਹੁਤ ਹੀ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਆਪਣੇ ਜ਼ਮਾਨੇ ਦੇ ਸਰਵ-ਪ੍ਰਮਾਣਿਤ ਨਾਇਕ ਸਨ ਜੋ ਦਿਨ-ਰਾਤ, ਸਾਧ-ਸੰਗਤ ਦੀ ਸੇਵਾ ’ਚ ਲੱਗੇ ਰਹਿੰਦੇ ਸਨ। ਉਹਨਾਂ ਦੇ ਮਨ ’ਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਨ੍ਹਾਂ ਨੇ ਅਥਾਹ ਕੰਮ ਕੀਤੇ।

ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ ‘ਸ੍ਰੀ ਆਦਿ (ਗੁਰੂ) ਗ੍ਰੰਥ’ ਦੀ ਰਚਨਾ ਤੇ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕਰਵਾਈ। ਇਸ ’ਚ 30 ਰਾਗਾਂ ’ਚ ਬਾਣੀ ਦਰਜ ਹੈ। ਗਿਣਤੀ ਦੇ ਪੱਖੋਂ ‘ਗੁਰੂ ਗ੍ਰੰਥ ਸਾਹਿਬ’ ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। ’ਗੁਰੂ ਗ੍ਰੰਥ ਸਾਹਿਬ’ ਦੀ ਰਚਨਾ ਗੁਰੂ ਸਾਹਿਬ ਦੀ ਇਕ ਅਦੁੱਤੀ ਕਲਾ ਹੈ, ਜਿਸ ’ਚੋਂ ਉਨ੍ਹਾਂ ਦੀ ਵਿਦਵਤਾ ਝਲਕਦੀ ਹੈ। ਉਨ੍ਹਾਂ ਨੇ ਰਾਗਾਂ ਦੇ ਆਧਾਰ ’ਤੇ ਗੁਰੂ ਗ੍ਰੰਥ ਸਾਹਿਬ ’ਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸਦੀ ਭਾਰਤ ਦੇ ਮੱਧਕਾਲ ਯੁੱਗ ’ਚ, ਸਾਹਿਤ ਦੇ ਇਤਿਹਾਸ ’ਚ, ਕਿਧਰੇ ਹੋਰ ਧਾਰਮਿਕ ਗ੍ਰੰਥ ’ਚ ਮਿਸਾਲ ਨਹੀਂ ਮਿਲਦੀ। ਇਹ ਉਨ੍ਹਾਂ ਦੀ ਉਚੇਰੀ ਸੂਝ-ਬੂਝ ਦਾ ਹੀ ਪ੍ਰਣਾਮ ਹੈ ਕਿ ‘ਗੁਰੂ ਗ੍ਰੰਥ ਸਾਹਿਬ’ ’ਚ 36 ਮਹਾਨ ਬਾਣੀਕਾਰਾਂ ਦੀ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸੰਕਲਿਤ ਕੀਤੀ ਗਈ ਹੈ। ‘ਪੰਜਾਬੀ ਸਾਹਿਤ ਦੇ ਇਤਿਹਾਸ ’ਚ 17ਵੀਂ ਸਦੀ ਨੂੰ ‘ਗੁਰੂ ਗ੍ਰੰਥ ਸਾਹਿਬ’ ਦੀ ਰਚਨਾ ਕਾਰਨ ‘ਸੁਨਹਿਰੀ ਯੁੱਗ’ ਵੀ ਕਿਹਾ ਜਾਂਦਾ ਹੈ। ਇਸ ’ਚ ਤਕਰੀਬਨ 600 ਸਾਲਾਂ ਦਾ ਰਚਿਆ ਗਿਆ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ ’ਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ, ਜਿਹਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਮੂਲ-ਸੰਵੇਦਨਾ ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਨ੍ਹਾਂ ਦਾ ਦਿੱਤਾ ਗਿਆ ਯੋਗਦਾਨ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦੇਣ ਦਿੱਤੀ ਹੈ, ਉਸ ਦੀ ਸ਼ਬਦਾਂ ’ਚ ਪ੍ਰਸ਼ੰਸਾ ਕਰਨੀ ਬੜੀ ਕਠਿਨ ਹੈ।

‘ਸੁਖਮਨੀ ਸਾਹਿਬ’ ਸੁੱਖ ਦਾ ਆਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦਾ ਸ਼ੁੱਧੀਕਰਨ ਕਰਨ ਦਾ ਇਕ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ ’ਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਇਕ ਮਹਾਨ ਅਧਿਆਤਮਕ ਕਲਾਕ੍ਰਿਤ ਹੈ, ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾ ਸਕਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਉਨ੍ਹਾਂ ਦੀ ਇਕ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਬਾਣੀ ਦਾ ਪਾਠ ਕਰਨ ਨਾਲ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ ’ਚ 24 ਅਸ਼ਟਪਦੀਆਂ ਹਨ। ਇਹ ਰਚਨਾ ‘ਰਾਗ ਗਾਉੜੀ’ ਵਿਚ ਰਚੀ ਗਈ ਹੈ। ਇਸ ਰਚਨਾ ਦੀ ਸ਼ੈਲੀ ‘ਸੂਤ੍ਰਿਕ’ ਹੈ। ਇਸ ’ਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ ਤੇ ਤਿਆਗ, ਮਾਨਸਿਕ ਸੁੱਖ-ਦੁੱਖ ਅਤੇ ਸ਼ਕਤੀ ਦੀਆਂ ਉਨ੍ਹਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਹਨਾਂ ਦੀ ਪ੍ਰਾਪਤੀ ਕਰਕੇ ਮਾਨਵ ਉਸ ‘ਪਾਰ-ਬ੍ਰਹਮ ਪ੍ਰਭੂ’ ਦੇ ਸੁੱਖਾਂ ਦਾ ਅਹਿਸਾਸ ਕਰ ਸਕਦਾ ਹੈ। ਸੁਖਮਨੀ ਸ਼ਬਦ ਆਪਣੇ ਆਪ ’ਚ ਹੀ ਇਕ ਬਹੁਤ ਭਾਵ-ਪੂਰਤ ਸ਼ਬਦ ਹੈ। ਮਨ ਨੂੰ ਸੁੱਖ ਦੇਣ ਵਾਲੀ ਜਾਂ ਸੁੱਖਾਂ ਦੀ ਮਣੀ ਆਦਿਕ।

ਸੁਖਮਨੀ ਸੁਖ ਅੰਮ੍ਰਿਤ ਪ੍ਰਭੁ ਨਾਮ।
ਭਗਤ ਜਨਾਂ ਕੇ ਮਨ ਬਿਸਰਾਮ।।

ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਸਥਾਰ ਤੇ ਪ੍ਰਚਾਰ ਲਈ ਦੂਰ-ਦੂਰ ਤੱਕ ਮੰਜੀਆਂ ਭਾਵ ਪ੍ਰਚਾਰ ਕੇਂਦਰ, ਜਿਸ ਨੂੰ ‘ਮਸੰਦ ਪ੍ਰਥਾ’ ਵੀ ਕਿਹਾ ਜਾਂਦਾ ਹੈ, ਨੂੰ ਸਥਾਪਤ ਕੀਤਾ। ਇਹਨਾਂ ਕੇਂਦਰਾਂ ਤੋਂ ਸਿੱਖ ਸਿਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਸਾਧ-ਸੰਗਤ ਇਕੱਠੀ ਹੁੰਦੀ ਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਦਾ ਸੰਗੀਤਮਈ ਕੀਰਤਨ, ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ ਜੋ ਰਬਾਬ ਨਾਲ, ਗੁਰੂ ਨਾਨਕ ਦੇਵ ਜੀ ਸੰਗ, ਗੁਰਬਾਣੀ ਦੀਆਂ ਮਿੱਠੀਆਂ ਸੰਗੀਤਕ ਧੁਨਾਂ ਤੇ ਸ਼ਬਦ ਗਾਇਨ ਕਰਦੇ ਸਨ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪ੍ਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖੂਬ ਨਿਭਾਇਆ। ਉਹ ਗੁਰੂ ਘਰ ਦੇ ਬੜੇ ਮਸ਼ਹੂਰ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਦਾ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਤੇ ਸਿੱਖੀ ਸਿਧਾਂਤਾਂ ਨੂੰ ਆਪਣੇ ਲੜ ਬੰਨ੍ਹਦੀਆਂ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਤੇ ਇਸ ਤਰੀਕੇ ਨੇ ਸਿੱਖ ਧਰਮ ਦੇ ਫੈਲਾਅ ਲਈ ਲੋਕਾਂ ’ਚ ਖਿੱਚ ਪੈਦਾ ਕਰ ਦਿੱਤੀ। ਇਸ ਨਾਲ ਹਿੰਦੂ ਤੇ ਮੁਸਲਮਾਨ, ਸਿੱਖ ਧਰਮ ’ਚ ਪ੍ਰਵਰਤਿਤ ਹੋਣ ਲੱਗੇ। ਇਹ ਗੁਰਬਾਣੀ ਦੀ ਸੰਗੀਤਕ ਵਿਆਖਿਆ, ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦੀ ਰਹੀ। ਇਸ ਨਾਲ ਦੂਸਰੇ ਧਰਮਾਂ ਦੇ ਲੋਕਾਂ ’ਚ ਸਿੱਖ ਧਰਮ ਪ੍ਰਤੀ ਤੇ ਗੁਰੂ ਸਾਹਿਬਾਨ ਪ੍ਰਤੀ, ਨਫ਼ਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ ’ਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ ’ਚ ਪ੍ਰਗਟ ਹੋਈ।

ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ, ਉਨ੍ਹਾਂ ਨੇ ਵੀ ਸਿੱਖ ਧਰਮ ਦੀ ਸ਼ੋਭਾ ਬਹੁਤ ਸੁਣੀ ਹੋਈ ਸੀ। ਉਨ੍ਹਾਂ ਇੱਥੇ ਪੰਗਤ ’ਚ ਜ਼ਮੀਨ ਤੇ ਬੈਠ ਕੇ, ਆਮ ਸੰਗਤ ਨਾਲ, ਗੁਰੂ ਦਾ ਸਾਦਾ ਲੰਗਰ ਛਕਿਆ ਤੇ ਬੜੀ ਖੁਸ਼ੀ ਪ੍ਰਾਪਤ ਕੀਤੀ ਤੇ ਇਸ ਤਰ੍ਹਾਂ ਲੰਗਰ ਛਕਣਾ, ਉਨ੍ਹਾਂ ਨੂੰ ਬੜਾ ਚੰਗਾ ਲੱਗਿਆ। ਉਹ ਗੁਰੂ ਅਮਰਦਾਸ ਜੀ ਨੂੰ ਮਿਲ ਕੇ, ਉਨ੍ਹਾਂ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਰਜਨ ਦੇਵ ਜੀ ਦੇ ਦੋਖੀ, ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ ਗੁਰੂ ਜੀ ਨਾਲ ਗੁਰਗੱਦੀ ਨਾ ਮਿਲਣ ਕਾਰਨ ਬਹੁਤ ਨਫ਼ਰਤ ਕਰਦੇ ਸਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਮੁਸਲਮਾਨ ਧਰਮ ਵਿਰੁੱਧ ਗੁਰੂ ਜੀ ਨੇ ‘ਆਦਿ (ਗੁਰੂ) ਗ੍ਰੰਥ’ ਵਿਚ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ ਅਕਬਰ ਤੇ ਕੋਈ ਅਸਰ ਨਾ ਹੋਇਆ। ਇਸ ਸ਼ਿਕਾਇਤ ਪ੍ਰਤੀ ਉਨ੍ਹਾਂ ਨੇ ਸਾਂਈ ਮੀਆਂ ਮੀਰ ਜੀ ਤੋਂ ਸਪਸ਼ਟੀਕਰਨ ਕਰ ਲਿਆ ਕਿ ਇਸ ਤਰ੍ਹਾਂ ਦੀ ਕੋਈ ਟਿੱਪਣੀ ਇਸਲਾਮ ਧਰਮ ਦੇ ਵਿਰੁੱਧ ‘ਆਦਿ (ਗੁਰੂ) ਗ੍ਰੰਥ’ ਵਿਚ ਕੁਝ ਵੀ ਨਹੀਂ ਹੈ ਤੇ ਇਹੋ ਗੱਲ ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਤੇ ਉਨ੍ਹਾਂ ਦੇ ਪੁੱਤਰ ਮਿਹਰਬਾਨ ਨੂੰ ਆਖ ਦਿੱਤੀ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਦੀਆਂ ਚੰਗਿਆਈਆਂ ਦੱਸੀਆਂ ਕਿ ਉਹ ਤਾਂ ਮਨੁੱਖੀ ਸ਼ਾਂਤੀ ਲਈ, ਸਿੱਖ ਧਰਮ ਦਾ ਪ੍ਰਚਾਰ ਬੜੇ ਸ਼ਾਂਤਮਈ ਤਰੀਕੇ ਨਾਲ ਕਰਕੇ, ਮਾਨਵਤਾ ਨੂੰ ਵਧੀਆ ਜੀਵਨ ਜਿਊਣ ਲਈ ਸੇਧ ਦਿੰਦੇ ਹਨ। ਬਾਦਸ਼ਾਹ ਅਕਬਰ ਨੇ ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ਼ ਕੀਤੀ। ਉਨ੍ਹਾਂ ਦੀ ਸ਼ਿਕਾਇਤ ਦਾ ਬਾਦਸ਼ਾਹ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਬਾਦਸ਼ਾਹ ਅਕਬਰ ਦਾ ‘ਦੀਨ-ਏ-ਇਲਾਹੀ’ ਮੱਤ, ਸਭ ਧਰਮਾਂ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਸੀ ਤੇ ਨਾਲੇ ਆਪ ਉਹ, ਇਕ ਕੱਟੜ ਸ਼ਾਸਕ ਵੀ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਬਾਦਸ਼ਾਹ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਮਾਧਿਅਮ ਰਾਹੀਂ 51 ਮੋਹਰਾਂ ਭੇਟ ਕਰਕੇ ਅਫਸੋਸ ਪ੍ਰਗਟ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਵੱਖ-ਵੱਖ ਇਤਿਹਾਸਕਾਰਾਂ ਨੇ ਕਈ ਕਾਰਨ ਦੱਸੇ ਹਨ। ਜਿਵੇਂ: - ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀਚੰਦ ਦਾ ਗੁਰਗੱਦੀ, ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨਾ, ‘ਗੁਰੂ ਗ੍ਰੰਥ ਸਾਹਿਬ’ ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਨਿੱਜੀ ਸੋਚ ਨਾਲ ਜੁੜੇ ਕੁਝ ਨਿੱਜੀ ਕਾਰਨ, ਰਾਜਨੀਤਿਕ ਕਾਰਨ ਤੇ ਕੁਝ ਫੁਟਕਲ ਕਾਰਨ ਹਨ।

‘ਨਕਸ਼ਬੰਦੀ’ ਇਸਲਾਮ ਧਰਮ ਦਾ ਇਕ ਕੱਟੜ ਸੂਫ਼ੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹੰਦੀ ਇਨ੍ਹਾਂ ਦਾ ਮੁੱਖੀ ਸੀ। ਉਹ ਆਪਣੇ ਪੱਧਰ ਤੇ ਵਿਅਕਤਿਤਵ ਨੂੰ ਗੁਰੂ ਸਾਹਿਬ ਦੇ ਪੱਧਰ ਤੋਂ ਉਪਰ ਮੰਨਦਾ ਸੀ। ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੁੰਦੀ ਬਹੁ-ਗਿਣਤੀ ’ਚ ਸੰਗਤ ਤੇ ਸਿੱਖ ਧਰਮ ਦਾ ਹੁੰਦਾ ਫੈਲਾਅ ਦੇਖ ਕੇ ਤੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਅਪਣਾਏ ਜਾ ਰਹੇ ਸਿੱਖ ਧਰਮ ਤੋਂ, ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖ਼ਤਰੇ ਦੀ ਘੰਟੀ ਸਮਝਦਾ ਸੀ। ਦਿਨ ਪ੍ਰਤੀ ਦਿਨ ਸਿੱਖ ਧਰਮ ਦਾ ਫੈਲਾਅ ਹੋ ਰਿਹਾ ਸੀ।



ਧਰਮਸਾਲਾਵਾਂ, ਬਾਉਲੀਆਂ ਅਤੇ ਗੁਰਦੁਆਰਿਆਂ ਦੇ ਨਾਲ-ਨਾਲ ਮੰਜੀਦਾਰ ਅਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਣਾਂ ਦਾ ਉਪਦੇਸ਼ ਦੇਣ ਵਾਲੇ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਨਕਸ਼ਬੰਦੀ, ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਉਹ ਤਾਂ ਸਾਰੇ ਭਾਰਤ ਵਰਸ਼ ’ਚ ਇਸਲਾਮ ਦਾ ਹੀ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਤਾਂ ਉਨ੍ਹਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਨ੍ਹਾਂ ਦੀ ਇਕ ਨਾ ਚੱਲੀ। ਜਦੋਂ 1605 ਈਸਵੀ ’ਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਤੇ ਰਾਜ ਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ ਤੇ ਲੜਾਈ ਝਗੜੇ ਸ਼ੁਰੂ ਹੋ ਗਏ। ਸਲੀਮ ਦੇ ਗੱਦੀ ਪ੍ਰਾਪਤ ਕਰਨ ’ਚ ਸ਼ੇਖ ਫ਼ਰੀਦ ਬੁਖ਼ਾਰੀ ਨੇ ਬਹੁਤ ਮਦਦ ਕੀਤੀ ਜੋ ਬਾਅਦ ’ਚ (ਸ਼ਹਿਜ਼ਾਦਾ ਸਲੀਮ ਤੋਂ ਜਹਾਂਗੀਰ) ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ੇਖ ਫ਼ਰੀਦ ਬੁਖ਼ਾਰੀ ਖੁਦ ਇਕ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ, ਜਿਸ ਦਾ ਮੁਗਲ ਦਰਬਾਰ ’ਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ। ਬਾਦਸ਼ਾਹ ਜਹਾਂਗੀਰ ਨੇ ਤਖਤ ’ਤੇ ਬੈਠਦਿਆਂ ਸਾਰ ਹੀ, ਇਸਲਾਮ ਧਰਮ ਦਾ ਪ੍ਰਚਾਰ ਕਰਨਾ, ਆਪਣਾ ਪਰਮ-ਧਰਮ ਸਮਝਿਆ। ਉਹ ਇਸਲਾਮ ਧਰਮ ਨੂੰ ਫੈਲਾਉਣ ਲਈ ਵਿਰੋਧੀਆਂ ਨੂੰ ਖਤਮ ਕਰਨ ਲਈ ਵਿਉਂਤਾਂ ਘੜਨ ਲੱਗਿਆ। ਸਭ ਤੋਂ ਪਹਿਲਾਂ ਉਸ ਨੇ ਅਕਬਰ ਦੁਆਰਾ ਚਲਾਏ ਗਏ ‘ਦੀਨ-ਏ-ਇਲਾਹੀ’ ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਸਮੇਂ ਗੁਰੂ ਸਾਹਿਬ ਦੇ ਸਬੰਧ, ਉਸ ਨਾਲ ਬੜੇ ਚੰਗੇ ਸਨ ਪਰ ਉਸ ਦੀ ਮੌਤ ਤੋਂ ਬਾਅਦ ਜਹ-ਾਂਗੀਰ ਗੱਦੀ ’ਤੇ ਬੈਠਦਿਆਂ ਹੀ ਗੁਰੂ ਸਾਹਿਬ ਦੇ ਵਿਰੁੱਧ ਹੋ ਗਿਆ। ਸਿੱਖ ਧਰਮ ਵਿਰੁੱਧ, ਉਸ ਦੀ ਨੀਤੀ, ਆਪਣੀ ਸਵੈ-ਜੀਵਨੀ ‘ਤੁਜ਼ਕਿ-ਜਹਾਂਗੀਰੀ’ ਤੋਂ ਪਤਾ ਲੱਗਦਾ ਹੈ, ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ ਕਿ ਗੋਇੰਦਵਾਲ, ਜਿਹੜਾ ਬਿਆਸ ਨਦੀ ਦੇ ਕੰਢੇ ’ਤੇ ਸਥਿਤ ਹੈ, ਪੀਰਾਂ ਫਕੀਰਾਂ ਦੇ ਲਿਬਾਸ ’ਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਝੂਠ ਦੀ ਦੁਕਾਨ (ਦੁਕਾਨੇ ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ ’ਚ ਖਿਆਲ ਆਉਂਦਾ ਹੈ ਕਿ ਇਸ ਝੂਠ ਦੇ ਵਿਪਾਰ ਨੂੰ, ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ ’ਚ ਲੈ ਆਵਾਂ।’’

ਬਾਦਸ਼ਾਹ ਜਹਾਂਗੀਰ ਦੇ ਗੱਦੀ ਉੱਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ, ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਨੂੰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਖੁਸਰੋ ਦੇ ਮੱਥੇ ’ਤੇ ਤਿਲਕ ਲਗਾਇਆ ਤੇ ਆਸ਼ੀਰਵਾਦ ਵੀ ਦਿੱਤਾ। ਇਸ ਮਿਲਾਪ ਨੂੰ ਜਹਾਂ-ਗੀਰ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ, ਕਾਰਵਾਈ ਕਰਨ ਦੇ ਇਕ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ।

ਉਸਨੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਸਬੰਧੀ ਹੁਕਮ ਦਿੰਦਿਆਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਾਜ਼ਰ ਕਰਨ ਅਤੇ ਪਾਤਸ਼ਾਹ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ-ਅਸਬਾਬ ਜ਼ਬਤ ਕਰਕੇ ਡਰਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ, ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ ’ਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ, ਦੇਗ਼ ’ਚ ਉਬਾਲਿਆ ਗਿਆ। ਇਸ ਤਰ੍ਹਾਂ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਅੰਤ 16, 1606 ਈਸਵੀ ਨੂੰ ਰਾਵੀ ਦਰਿਆ ’ਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਸਭ ਕੁਝ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹੋਇਆਂ, ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ ’ਤੇ ਜਰਿਆ। ਤੱਪਦੀ ਤਵੀ, ਉਨ੍ਹਾਂ ਦੇ ਸੀਤਲ ਸੁਭਾਅ ਦੇ ਸਾਹਮਣੇ, ਸੁਖਦਾਇਕ ਬਣ ਗਈ। ਤੱਪਦੀ ਰੇਤ ਨੇ ਵੀ ਉਨ੍ਹਾਂ ਦੀ ਨਿਸ਼ਠਾ ਨੂੰ ਭੰਗ ਨਹੀਂ ਕੀਤਾ। ਗੁਰੂ ਜੀ ਨੇ ਸਭ ਕਸ਼ਟ ਹੱਸਦੇ-ਹੱਸਦੇ ਬਰਦਾਸ਼ਤ ਕੀਤੇ ਅਤੇ ਪ੍ਰਮਾਤਮਾ ਅੱਗੇ ਇਹੀ ਅਰਦਾਸ ਕੀਤੀ :-

ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮ ਪਦਾਰਥ ਨਾਨਕ ਮਾਗੈ।।

ਜਹਾਂਗੀਰ ਬਾਦਸ਼ਾਹ ਖੁਦ ਆਪਣੀ ਸਵੈ ਜੀਵਨੀ ‘ਤੋਜ਼ਕਿ-ਜਹਾਂਗੀਰੀ’ ਵਿਚ ਮੰਨਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧੀ ਤੋਂ ਉਸਨੂੰ ਬਹੁਤ ਈਰਖਾ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਕੌਮਾਂ ’ਚ ਬਹੁਤ ਹਰਮਨ ਪਿਆਰੇ ਸਨ, ਮੇਰਾ ਭਾਵ ਬਾਦਸ਼ਾਹ ਜਹਾਂਗੀਰ ਦੀ ਇਸਲਾਮ ਧਰਮ ਪ੍ਰਤੀ ਕੱਟੜਤਾ ਤੇ ਸ਼ਹਿਜ਼ਾਦਾ ਖ਼ੁਸਰੋ ਨੂੰ ਪਨਾਹ ਦੇਣਾ, ਗੁਰੂ ਅਰਜਨ ਦੇਵ ਜੀ ਦੇ ਕਤਲ ਦਾ ਮੁੱਖ ਕਾਰਨ ਹਨ। ਉਹ ਖ਼ੁਦ ਮੰਨਦਾ ਹੈ ਕਿ ਉਸ ਨੂੰ ਕੱਟੜ ਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ ਪਰ ਉਸ ਨੇ ਸਚਾਈ ਨੂੰ ਜਾਨਣ ਲਈ, ਬਾਦਸ਼ਾਹ ਨੇ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤਾਂ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਹ ਕੱਟੜ ਪੰਥੀਆਂ ਨੂੰ ਖੁਸ਼ ਕਰਨ ਲਈ ਗਲਤ ਕਦਮ (ਭਾਵ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ) ਕਰਨ ਦਾ ਚੁੱਕਿਆ। ਇਹ ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰਕੇ ਤੇ ਸਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਨੇੜਤਾ ਕਰ ਲਈ।

ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਹਾਰਕ ਰੂਪ ’ਚ ਤਬਦੀਲੀ ਲਿਆਂਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਉੱਤੇ ਬਿਰਾਜਮਾਨ ਹੋਣ ਸਮੇਂ, ਦੋ ਤਲਵਾਰਾਂ ਇਕ ’ਮੀਰੀ ਦੀ ਅਤੇ ਇਕ ਪੀਰੀ ਦੀ’ ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਭਗਤੀ-ਸ਼ਕਤੀ ਦੇ ਪ੍ਰਤੀਕ ‘ਸ੍ਰੀ ਅਕਾਲ ਤਖਤ ਸਾਹਿਬ’ ਦੀ ਸਥਾਪਨਾ ਕੀਤੀ। ਬੀਰ ਰਸੀ ਸਾਹਿਤ ‘ਵਾਰਾਂ’ ਦਾ ਗਾਇਨ (ਢਾਡੀ ਪ੍ਰੰਪਰਾ) ਆਰੰਭ ਕਰਵਾਇਆ। ਮੁਗ਼ਲ ਫੌਜਾਂ ਦਾ ਮੈਦਾਨ-ਏ-ਜੰਗ ’ਚ ਡੱਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਅਹਿਸਾਸ ਪੈਦਾ ਹੋਇਆ। ਅੱਜ ਉਨ੍ਹਾਂ ਦੇ ‘ਗੁਰਗੱਦੀ ਪੁਰਬ’ ’ਤੇ ਉਨ੍ਹਾਂ ਨੂੰ ਯਾਦ ਕਰਨ ਦਾ ਅਰਥ ਹੈ, ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ, ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ ਹੈ। ਉਨ੍ਹਾਂ ਨੇ ਸੰਦੇਸ਼ ਦਿੱਤਾ ਸੀ ਕਿ ਮਹਾਨ ਕਦਰਾਂ ਕੀਮਤਾਂ ਦੇ ਲਈ, ਆਤਮ ਬਲੀਦਾਨ ਦੇਣ ਲਈ ਮਾਨਵ ਲੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜਿੰਦਾ ਰਹਿ ਸਕਦੇ ਹਨ। ਉਨ੍ਹਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ’ਚ ‘ਪੰਜ ਪਿਆਰਿਆਂ’ ਦੀ ਸਥਾਪਨਾ ਕਰਕੇ

’ਖਾਲਸਾ-ਪੰਥ’ ਦੇ ਰੂਪ ’ਚ ਪ੍ਰਗਟ ਹੋਇਆ। ਮੇਰੀ ਸਮੂਹ ਮਾਨਵਤਾ ਨੂੰ ਪੁਰਜ਼ੋਰ ਸ਼ਬਦਾਂ ’ਚ ਬੇਨਤੀ ਹੈ ਕਿ ਅੱਜ ਗੁਰੂ ਸਾਹਿਬ ਦੇ ਗੁਰਗੱਦੀ ਦਿਵਸ ’ਤੇ ਉਨ੍ਹਾਂ ਨੂੰ ਯਾਦ ਕਰਦਿਆਂ ਮਨੁੱਖੀ ਅਧਿਕਾਰਾਂ, ਅਨਿਆਂ ਵਿਰੁੱਧ ਚੇਤਨਤਾ, ਜਾਤ-ਪਾਤ ਦਾ ਖੰਡਨ, ਮਨੁੱਖੀ ਬਰਾਬਰੀ ਲਈ ‘ਸਮਾਜਿਕ-ਬਰਾਬਰੀ’, ਸਰਬੱਤ ਦਾ ਭਲਾ ਤੇ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਦੇ ਗੁਰਮਤਿ ਸਿਧਾਂਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਹਿੱਸਾ ਬਣਾਈਏ ਤਾਂ ਜੋ ਇਕ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ।

# ਕੈਨੇਡਾ 'ਚ ਪੀਐੱਮ ਜਸਟਿਨ ਟਰੂਡੋ ਦੀ ਪਾਰਟੀ ਨੇ ਦਰਜ ਕੀਤੀ ਲਗਾਤਾਰ ਤੀਜੀ ਜਿੱਤ

**ਟੋਰਾਂਟੋ–** ਜਸਟਿਸ ਟਰੂਡੋ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਰਹਿਣਗੇ। ਉਨ੍ਹਾਂ ਦੀ ਪਾਰਟੀ ਨੇ ਇਕ ਵਾਰ ਫਿਰ ਤੋਂ ਆਮ ਚੋਣਾਂ 'ਚ ਜਿੱਤ ਹਾਸਲ ਕੀਤੀ ਹੈ। ਦੱਸਿਆ ਗਿਆ ਹੈ ਕਿ ਉਨ੍ਹਾਂ ਦੀ ਲਿਬਰਲ ਪਾਰਟੀ ਦੇ ਕੋਲ ਸਿਰਫ਼ ਘੱਟ ਸੀਟਾਂ ਹੋਣਗੀਆਂ ਤੇ ਟਰੂਡੋ ਦਾ ਸੋਮਵਾਰ ਦੀਆਂ ਚੋਣਾਂ ਤੋਂ ਬਾਅਦ ਸੱਤਾ 'ਤੇ ਕਬਜ਼ਾ ਰਹੇਗਾ। ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਵਿਰੋਧੀ ਨੇ ਹਾਲ ਮੰਨ ਲਈ ਸੀ, ਜਿਸ ਤੋਂ ਬਾਅਦ ਉਹ ਸੋਮਵਾਰ ਨੂੰ ਸੱਤਾ 'ਤੇ ਕਬਜ਼ਾ ਹੋ ਗਿਆ। ਪੀਐੱਮ ਟਰੂਡੋ ਨੇ ਕਿਹਾ, ਉਨ੍ਹਾਂ ਨੇ ਸ਼ਾਸਨ ਕਰਨ ਲਈ ਇਕ ਸਪਸ਼ਟ ਵਤਫਾ ਜਿੱਤਿਆ ਹੈ, ਹਾਲਾਂਕਿ ਉਹ ਬਹੁਮਤ ਹਾਸਲ ਕਰਨ ਤੋਂ ਦੂਰ ਰਹਿ ਗਏ।

ਕੈਨੇਡਾ 'ਚ ਪਹਿਲੀਆਂ ਚੋਣਾਂ ਦਾ ਮਤਦਾਨ ਹੋਣ ਤੋਂ ਬਾਅਦ ਸ਼ੁਰੂਆਤੀ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਜਿਸ ਨਾਲ ਪਤਾ ਚੱਲਦਾ ਹੈ ਕਿ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਭਾਰੀ ਵੱਡੇ ਫਰਕ ਨਾਲ ਜਿੱਤ ਰਹੀ ਹੈ। ਟਰੂਡੋ ਦਾ ਦੁਬਾਰਾ ਪ੍ਰਧਾਨ ਮੰਤਰੀ ਬਣਨਾ ਲਗਪਗ ਤੈਅ ਮੰਨਿਆ ਜਾ ਰਿਹਾ ਹੈ। ਚੋਣ ਅਧਿਕਾਰੀਆਂ ਨੂੰ ਮੇਲ ਕੀਤੇ ਗਏ ਬੈਲੇਟ ਦੀ ਗਿਣਤੀ ਵੀ ਕਰਦੀ ਹੈ। ਟਰੂਡੋ ਤੈਅ ਸਮੇਂ ਤੋਂ ਪਹਿਲਾਂ ਚੋਣਾਂ ਕਰਵਾ ਰਹੇ ਹਨ। ਉਨ੍ਹਾਂ ਦੀ ਪਾਰਟੀ ਨੂੰ ਉਮੀਦ ਹੈ ਕਿ ਕੋਰੋਨਾ ਮਹਾਮਾਰੀ 'ਚ ਚੋਣ ਕਰਵਾਉਣ ਨਾਲ ਪਾਰਟੀ ਨੂੰ ਫਾਇਦਾ ਹੋ ਸਕਦਾ ਹੈ।



ਟਰੂਡੋ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਕੋਰੋਨਾ ਵਾਇਰਸ ਨੂੰ ਚੰਗੀ ਚਰ੍ਹਾਂ ਕੰਟਰੋਲ ਕੀਤਾ ਹੈ। ਇਸ ਤੋਂ ਪਹਿਲਾਂ 2019 ਦੇ ਸੰਘੀ ਚੋਣਾਂ 'ਚ ਪਾਰਟੀ ਬਹੁਮਤ ਨਾਲ ਪਿੱਛੇ ਰਹਿ ਗਈ ਸੀ। 49 ਸਾਲ ਦੇ ਟਰੂਡੋ ਸਾਲ 2015 ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਉਨ੍ਹਾਂ ਨੇ ਚੋਣਾਂ ਦੌਰਾਨ ਲੋਕਾਂ ਦੇ ਵਿਰੋਧ ਦਾ ਸਾਹਮਣਾ ਕੀਤਾ। ਪਿਛਲੀਆਂ ਚੋਣਾਂ ਦੀ ਗੱਲ ਕਰੀਏ ਤਾਂ ਤਦ ਲਿਬਰਲ ਪਾਰਟੀ ਨੇ 157 ਸੀਟ ਜਿੱਤੀ ਸੀ, ਜਦਕਿ ਕੰਜਰਵੇਟਿਵ ਪਾਰਟੀ ਨੇ 121 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ।

ਬਿਲਰਲ ਪਾਰਟੀ ਦੇ ਸੰਸਦ 'ਚ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਸੰਭਾਵਨਾ ਹੈ ਪਰ ਬਹੁਮਤ ਹਾਸਲ ਕਰਨ ਨੂੰ ਲੈ ਕੇ ਸ਼ੱਕ ਹੈ। ਇਸ ਤਰ੍ਹਾਂ ਦੀ ਸਥਿਤੀ 'ਚ ਵਿਰੋਧੀ ਧਿਰ ਦਾ ਸਮਰਥਨ ਦੇ ਬਗੈਰ ਕੋਈ ਬਿੱਲ ਪਾਸ ਕਰਵਾਉਣਾ ਸੰਭਵ ਨਹੀਂ ਹੋਵੇਗਾ।

ਜਸਟਿਨ ਟਰੂਡੋ ਦੀ ਸਰਕਾਰ 'ਚ ਭਾਰਤੀਆਂ ਨੂੰ ਸਭ ਤੋਂ ਜ਼ਿਆਦਾ ਲਾਭ ਹੋਇਆ ਹੈ। ਟਰੂਡੋ ਦੀ ਪਾਰਟੀ ਨੇ ਸਾਲ 2015 ਦੇ ਬਾਅਦ ਐਕਸਪ੍ਰੈੱਸ ਐਂਟਰੀ ਪ੍ਰੋਗਰਮਾ ਤਹਿਤ ਵਿਸਤ੍ਰਿਤ ਅਵਾਸ ਨੀਤੀ ਸੀ। ਅੰਕੜੇ ਦੱਸਦੇ ਹਨ ਕਿ ਸਾਲ 2019 'ਚ ਕੈਨੇਡਾ ਨੇ 3.4 ਸਾਲ ਕੋਲਾਂ ਨੂੰ ਸਥਾਈ ਨਿਵਾਸ ਦਾ ਦਰਜਾ ਦਿੱਤਾ ਗਿਆ।

# ਇੰਡੋ ਕੈਨੇਡੀਅਨ ਪੰਜਾਬੀਆਂ ਨੇ ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਜਿੱਤ ਦੇ ਝੰਡੇ ਗੱਡ ਦਿੱਤੇ



ਉਜਾਗਰ ਸਿੰਘ

ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ ਹੈ, ਜਿਥੇ ਪੰਜਾਬੀਆਂ ਨੇ ਹਰ ਖੇਤਰ ਵਿੱਚ ਮੱਲਾਂ ਨਾ ਮਾਰੀਆਂ ਹੋਣ। ਕੈਨੇਡਾ, ਅਮਰੀਕਾ, ਨਿਊਜੀਲੈਂਡ, ਇੰਡੋਨੇਸ਼ੀਆ ਅਤੇ ਆਸਟਰੇਲੀਆ ਵਿੱਚ ਤਾਂ ਪੰਜਾਬੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਕੈਨੇਡਾ ਦੇ ਕੁਝ ਰਾਜਾਂ ਦੇ ਚੋਣਵੇਂ ਸ਼ਹਿਰਾਂ ਜਿਵੇਂ ਟਰਾਂਟੋ ਬਰੈਪਟਨ, ਸਰੀ, ਕੈਲ-ਗਰੀ ਅਤੇ ਐਡਮਿੰਟਨ ਵਿੱਚ ਤਾਂ ਇਉਂ ਲਗਦਾ ਹੈ, ਜਿਵੇਂ ਇਹ ਪੰਜਾਬ ਹੀ ਹੋਵੇ, ਜਿਥੇ ਬਹੁਤੇ ਪੰਜਾਬੀ ਹੀ ਵਸੇ ਹੋਏ ਹਨ। ਕੈਨੇਡਾ ਵਿੱਚ ਜਿਥੇ ਪੰਜਾਬੀਆਂ ਨੇ ਵਿਓਪਾਰ, ਟਰਾਂਸਪੋਰਟ, ਡਾਕਟਰੀ ਸਿਹਤ, ਇੰਜਿਨੀਅਰਿੰਗ ਅਤੇ ਵਿ-ਗਆਨ ਦੇ ਖੇਤਰ ਵਿੱਚ ਤਾਂ ਨਾਮ ਕਮਾਇਆ ਹੀ ਹੈ, ਉਥੇ ਹੀ ਸਿਆਸੀ ਖੇਤਰ ਵਿੱਚ ਵੀ ਆਪਣੀ ਧਾਂਕ ਜਮਾਈ ਹੀ ਨਹੀਂ ਸਗੋਂ ਉਸ ਧਾਂਕ ਨੂੰ ਬਰਕਰਾਰ ਰੱਖਿਆ ਹੋਇਆ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਸਟਿਨ ਟਰੂਡੋ ਸਰਕਾਰ ਵਿੱਚ 4 ਪੰਜਾਬੀ ਮੰਤਰੀ ਸਨ, ਉਨੈਹਾਂ ਕੋਲ ਵਿਤ ਅਤੇ ਡੀਫੈਂਸ ਵਰਗੇ ਅਹਿਮ ਵਿਭਾਗ ਸਨ। ਪੈਰਵਾਸ ਵਿੱਚ ਜੇਕਰ ਕਿਸੇ ਵਿਅਕਤੀ ਦੀ ਯੋਗਤਾ ਹੁੰਦੀ ਹੈ ਤਾਂ ਹੀ ਉਨੈਹਾਂ ਨੂੰ ਮਹੱਤਵਪੂਰਨ ਵਿਭਾਗਾਂ ਦੇ ਕਾਰਜਭਾਗ ਦਿੱਤੇ ਜਾਂਦੇ ਹਨ। ਪੰਜਾਬੀ ਭਾਵੇਂ ਕਿਸੇ ਵੀ ਦੇਸ਼ ਵਿੱਚ ਰਹਿੰਦੇ ਹਨ ਪਰੰਤੂ ਉਸ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਕੇ ਉਥੋਂ ਦੇ ਕਾਨੂੰਨਾ 'ਤੇ ਪਹਿਰਾ ਦਿੰਦੇ ਹੋਏ ਆਪਣੀ ਦੇਸ਼ ਭਗਤੀ ਦੀ ਬਚਨਵੱਧਤਾ ਕਰਕੇ ਉਥੋਂ ਦੇ ਲੋਕਾਂ ਅਤੇ ਸਰਕਾਰਾਂ ਦਾ ਵਿਸ਼ਵਾਸ਼ ਜਿੱਤ ਲੈਂਦੇ ਹਨ। ਕੈਨੇਡਾ ਵਿੱਚ ਤਾਂ ਪੰਜਾਬੀਆਂ ਨੇ ਰਾਜ ਭਾਗ ਦਾ ਆਨੰਦ ਮਾਣਦਿਆਂ ਪੰਜਾਬੀਆਂ ਦਾ ਨਾਮ ਸੰਸਾਰ ਵਿੱਚ ਚਮਕਾਇਆ ਹੈ। ਕੈਨੇਡੀਅਨ ਪੰਜਾਬੀਆਂ ਨੇ ਇਕ ਵਾਰ ਫਿਰ ਕੈਨੇਡਾ ਦੀਆਂ ਫ਼ੈਡਰਲ ਚੋਣਾ ਵਿੱਚ ਆਪਣੀ ਜਿੱਤ ਦੇ ਝੰਡੇ ਗੱਡ ਦਿੱਤੇ ਹਨ। ਕੈਨੇਡਾ ਵਿੱਚ 20 ਸਤੰਬਰ 2021 ਨੂੰ ਹੋਈਆਂ ਫ਼ੈਡਰਲ ਚੋਣਾ ਵਿੱਚ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਦੀ ਦੂਜੀ ਵਾਰ ਘੱਟ ਗਿਣਤੀ ਸਰਕਾਰ ਫਿਰ ਬਣਨ ਜਾ ਰਹੀ ਹੈ। ਜਸਟਿਨ ਟਰੂਡੋ ਨੇ ਨਿਸਚਤ 4 ਸਾਲ ਦੇ ਸਮੇਂ ਤੋਂ ਦੋ ਸਾਲ ਪਹਿਲਾਂ ਚੋਣ ਹਾਊਸ ਆਫ ਕਾਮਨ ਵਿੱਚ ਪੂਰਨ ਬਹੁਮਤ ਪੈਰਾਪਤ ਕਰਨ ਦੇ ਇਰਾਦੇ ਨਾਲ ਕਰਵਾਈ ਸੀ ਪਰੰਤੂ ਫਿਰ ਵੀ ਉਹ ਪੂਰਨ ਬਹੁਮਤ ਲੈਣ ਵਿੱਚ ਅਸਫਲ ਰਹੇ ਹਨ। ਜਸਟਿਨ ਟਰੂਡੋ ਦੀ ਪਿਛਲੀ ਸਰਕਾਰ ਵੀ ਘੱਟ ਗਿਣਤੀ ਦੀ ਹੀ ਸੀ, ਜਿਸਨੂੰ ਜਗਮੀਤ ਸਿੰਘ ਧਾਲੀਵਾਲ ਦੀ ਐਨ ਡੀ ਪੀ ਦੀ ਸਪੋਰਟ ਮਿਲੀ ਹੋਈ ਸੀ। ਕਿਸੇ ਵੀ ਘੱਟ ਗਿਣਤੀ ਸਰਕਾਰ ਦੀਆਂ ਆਪਣੀਆਂ ਮਜ਼ਬੂਰੀਆਂ ਹੁੰਦੀਆਂ ਹਨ ਕਿਉਂਕਿ ਉਹ ਆਪਣੀਆਂ ਨੀਤੀਆਂ ਸੁਚੱਜੇ ਢੰਗ ਨਾਲ ਲਾਗੂ ਨਹੀਂ ਕਰ ਸਕਦੀਆਂ। ਕੈਨੇਡਾ ਦੀ ਸੰਸਦ ਦੀਆਂ ਕੁਲ 338 ਸੀਟਾਂ ਲਈ ਚੋਣਾ ਹੋਈਆਂ ਸਨ। ਇਨੈਹਾਂ ਚੋਣਾ ਵਿੱਚ ਪੈਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ 158 ਸੀਟਾਂ ਮਿਲੀਆਂ ਹਨ, ਜਦੋਂ ਕਿ ਪਿਛਲੀਆਂ ਚੋਣਾ ਵਿੱਚ 157 ਸੀਟਾਂ ਜਿੱਤੀਆਂ ਸਨ। ਇਸ ਵਾਰ ਸਿਰਫ ਇਕ ਸੀਟ ਦਾ ਵਾਧਾ ਕਰ ਸਕੇ ਹਨ। ਜਸਟਿਨ ਟਰੂਡੋ ਦਾ ਬਹੁਮੱਤ ਨਾਲ ਜਿੱਤਕੇ ਸਰਕਾਰ ਬਣਾਉਣ ਦਾ ਸਪਨਾ ਕੈਨੇਡਾ ਦੇ ਵੋਟਰਾਂ ਨੇ ਚਕਨਾਚੂਰ ਕਰ ਦਿੱਤਾ। ਬਹੁਮਤ ਪੈਰਾਪਤ ਕਰਨ ਲਈ ਉਨੈਹਾਂ ਨੂੰ 170 ਸੀਟਾਂ ਦੀ ਜ਼ਰੂਰਤ ਸੀ, ਪੈਰੰਤੂ ਉਨੈਹਾਂ ਨੂੰ ਬਹੁਮਤ ਤੋਂ 12 ਸੀਟਾਂ ਘੱਟ ਮਿਲੀਆਂ ਹਨ। ਦੂਜੇ ਨੰਬਰ ਤੇ ਆਉਣ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ 119 ਸੀਟਾਂ ਮਿਲੀਆਂ ਹਨ, ਜਦੋਂ ਕਿ ਉਨੈਹਾਂ ਨੂੰ ਪਿਛਲੀ ਸੰਸਦ ਵਿੱਚ 121 ਸੀਟਾਂ 'ਤੇ ਜਿੱਤ ਪੈਰਾਪਤ ਹੋਈ ਸੀ, ਉਨੈਹਾਂ ਨੂੰ ਦੋ ਵੀ ਸੀਟਾਂ ਦਾ ਘਾਟਾ ਪਿਆ ਹੈ। ਭਾਵੇਂ ਜਸਟਿਨ ਟਰੂਡੋ ਘੱਟ ਗਿਣਤੀ ਦੀ ਸਰਕਾਰ ਬਣਾਉਣ ਵਿੱਚ ਸਫਲ ਹੋ ਜਾਣਗੇ ਪੈਰੰਤੂ ਉਨੈਹਾਂ ਨੂੰ ਕਿਸੇ ਹੋਰ ਪਾਰਟੀ ਦੀ ਫਹੁੜੀ ਦੇ ਸਹਾਰੇ ਦੀ ਲੋੜ ਪਵੇਗੀ। ਉਮੀਦ ਹੈ ਜਿਵੇਂ ਪਿਛਲੀ ਵਾਰ ਜਗਮੀਤ ਸਿੰਘ ਧਾਲੀਵਾਲ ਦੀ ਐਨ ਡੀ ਪੀ ਨੇ ਪੈਰਧਾਨ ਮੰਤਰੀ ਜਸਟਿਨ ਟਰੂਡੋ ਸਰਕਾਰ ਨੂੰ ਬਾਹਰੋ ਸਪੋਰਟ ਦਿੱਤੀ ਸੀ, ਕਿਆਸ ਅਰਾਈਆਂ ਹਨ ਕਿ ਇਸ ਵਾਰ ਵੀ ਉਹੀ



ਸਪੋਰਟ ਕਰਨਗੇ। ਬਲੌਕ ਕਿਊਬਕ ਪਾਰਟੀ ਨੂੰ 34 ਸੀਟਾਂ ਮਿ-ਲੀਆਂ ਹਨ, ਉਹ ਇਸ ਵਾਰ ਦੋ ਸੀਟਾਂ ਵਧਾਉਣ ਵਿੱਚ ਸਫਲ ਹੋ ਗਏ ਹਨ। ਜਗਮੀਤ ਸਿੰਘ ਧਾਲੀਵਾਲ ਦੀ ਅਗਵਾਈ ਵਾਲੀ ਐਨ ਡੀ ਪੀ ਨੂੰ 25 ਸੀਟਾਂ ਮਿਲੀਆਂ ਹਨ, ਉਹ ਪਿਛਲੀ ਵਾਰੀ ਦੀਆਂ 24 ਸੀਟਾਂ ਨਾਲੋਂ ਇਕ ਸੀਟ ਵਧਾਉਣ ਵਿੱਚ ਸਫਲ ਹੋਏ ਹਨ। ਗਰੀਨ ਪਾਰਟੀ ਨੂੰ ਸਿਰਫ 2 ਸੀਟਾਂ ਮਿਲੀਆਂ ਹਨ, ਜਦੋਂ ਕਿ ਉਹਨਾਂ ਦੀ ਪਾਰਟੀ ਦੇ ਮੁੱਖੀ ਐਨਮੀ ਪਾਲ ਆਪਣੀ ਸੀਟ ਤੋਂ ਚੋਣ ਹਾਰ ਗਏ ਹਨ। ਪਿਛਲੀ ਸੰਸਦ ਵਿੱਚ ਵੀ ਉਨੈਹਾਂ ਨੇ ਦੋ ਸੀਟਾਂ ਹੀ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਫ਼ ਕੈਨੇਡਾ ਨੂੰ ਵੀ ਕੋਈ ਸੀਟ ਨਹੀਂ ਮਿਲੀ ਅਤੇ ਉਨੈਹਾਂ ਦੀ ਪਾਰਟੀ ਦੇ ਮੁਖੀ ਮੈਕਸਿਮ ਬਰਨੀਅਰ ਵੀ ਚੋਣ ਹਾਰ ਗਏ ਹਨ।

ਇਸ ਵਾਰ 40 ਦੇ ਲਗਪਗ ਇੰਡੋ ਕੈਨੇਡੀਅਨ ਭਾਰਤੀਆਂ/ਪੰਜਾਬੀਆਂ ਨੇ ਚੋਣਾਂ ਲੜੀਆਂ ਸਨ। ਬਹੁਤੀਆਂ ਸੀਟਾਂ 'ਤੇ ਲਿਬਰਲ, ਕੰਜ਼ਰਵੇਟਿਵ ਅਤੇ ਐਨ ਡੀ ਪੀ ਪਾਰਟੀਆਂ ਦੇ ਇੰਡੋ ਕੈਨੇਡੀਅਨ ਪੰਜਾਬੀ ਉਮੀਦਵਾਰਾਂ ਵਿੱਚ ਹੀ ਮੁਕਾਬਲਾ ਸੀ। ਇਨੈਹਾਂ 40 ਵਿੱਚੋਂ ਇੰਡੋ ਕੈਨੇਡੀਅਨ ਸਾਂਝੇ ਭਾਰਤੀ ਮੂਲ ਦੇ 23 ਉਮੀਦਵਾਰ ਚੋਣਾ ਜਿੱਤ ਗਏ ਹਨ, ਜਿਨੈਹਾਂ ਵਿੱਚੋਂ ਵਰਤਮਾਨ ਪੰਜਾਬ ਦੇ 16 ਭਾਰਤੀ ਪੰਜਾਬੀ ਮੂਲ ਦੇ ਹਨ। ਇਨੈਹਾਂ ਤੋਂ ਇਲਾਵਾ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਵਾਲੇ ਭਾਰਤੀ ਮੂਲ ਦੇ 7 ਉਮੀਦਵਾਰ ਚੋਣ ਜਿੱਤੇ ਹਨ। ਇਸ ਵਾਰ ਪਿਛਲੀਆਂ ਫੈਡਰਲ ਚੋਣਾ ਵਿੱਚ 18 ਵਰਤਮਾਨ ਭਾਰਤੀ ਮੂਲ ਦੇ ਉਮੀਦਵਾਰ ਚੋਣ ਜਿੱਤੇ ਸਨ। ਇਹਨਾਂ ਵਿੱਚੋਂ 16 ਇੰਡੋ ਕੈਨੇਡੀਅਨ ਪੰਜਾਬੀ ਹਨ। ਬੀ ਸੀ ਵਿੱਚੋਂ ਸਰੀ ਨਿਊਟਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਸੁੱਖ ਧਾਲੀਵਾਲ, ਲਿਬਰਲ ਪਾਰਟੀ ਦੇ ਸਰੀ ਸੈਂਟਰ ਤੋਂ ਰਣਦੀਪ ਸਰਾਏ, ਲਿਬਰਲ ਪਾਰਟੀ ਦੇ ਹੀ ਵੈਨਕੂਵਰ ਸਾਊਥ ਤੋਂ ਹਰਜੀਤ ਸਿੰਘ ਸੱਜਣ ਸਾਬਕਾ ਡੀਫ਼ੈਂਸ ਮੰਤਰੀ, ਬਰਨਬੀ ਸਾਊਥ ਤੋਂ ਐਨ ਡੀ ਪੀ ਦੇ ਮੁੱਖੀ ਜਗਮੀਤ ਸਿੰਘ ਧਾਲੀਵਾਲ ਅਤੇ ਰਿਚਮੰਡ ਈਸਟ ਤੋਂ ਪਰਮ ਬੈਂਸ ਪਹਿਲੀ ਵਾਰ ਚੋਣ ਜਿੱਤਕੇ ਐਮ ਪੀ ਬਣੇ ਹਨ। ਅਲਬਰਟਾ ਵਿੱਚ ਕੈਲਗਰੀ ਫਾਰੈਸਟ ਲਾਅਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਜਸਰਾਜ ਹੱਲਣ, ਐਡ-ਮਿੰਟਨ ਮਿਲਵੂਡਜ਼ ਤੋਂ ਕੰਜ਼ਰਵੇਟਿਵ ਪਾਰਟੀ ਦੇ ਹੀ ਟਿਮ ਉਪਲ ਅਤੇ ਕੈਲਗਰੀ ਸਕਾਈਵਿਊ ਤੋਂ ਲਿਬਰਲ ਪਾਰਟੀ ਦੇ ਜਾਰਜ ਚਾਹਲ ਪਹਿਲੀ ਵਾਰ ਚੋਣ ਜਿੱਤੇ ਹਨ। ਓਨਟਾਰੀਓ ਵਿੱਚ ਬਰੈਪਟਨ ਈਸਟ ਤੋਂ ਮਨਿੰਦਰ ਸਿੱਧੂ, ਬਰੈਪਟਨ ਨਾਰਥ ਤੋਂ ਰੂਬੀ ਸਹੋਤਾ, ਬਰੈਪਟਨ ਸਾਊਥ ਤੋਂ ਸੋਨੀਆ ਸਿੱਧੂ, ਬਰੈਪਟਨ ਵੈਸਟ ਤੋਂ ਕਮਲ ਖਹਿਰਾ, ਮਿਸੀਗਾਸਾ ਤੋਂ ਇਕਵਿੰਦਰ ਗਹੀਰ, ਓਕਵਿਲ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗੜ ਅਤੇ ਅੰਜੂ ਢਿਲੋਂ ਚੋਣ ਜਿੱਤੇ ਹਨ। ਇਹ ਸਾਰੇ ਲਿਬਰਲ ਪਾਰਟੀ ਦੇ ਹਨ। ਇਕਵਿੰਦਰ ਗਹੀਰ ਸੰਸਦ ਵਿੱਚ ਸਭ ਤੋਂ ਛੋਟੀ ਉਮਰ ਦੇ ਮੈਂਬਰ ਹੋਣਗੇ। ਉਹ ਦੂਜੀ ਵਾਰ ਚੋਣ ਜਿੱਤੇ ਹਨ। ਇਨੈਹਾਂ 16 ਵਿੱਚੋਂ 6 ਇਸਤਰੀਆਂ ਕਮਲ ਖਹਿਰਾ, ਰੂਬੀ ਸਹੋਤਾ, ਸੋ-ਨੀਆਂ ਸਿੱਧੂ, ਬਰਦਿਸ਼ ਚੱਘੜ, ਅੰਜੂ ਢਿਲੋਂ ਅਤੇ ਅਨੀਤਾ ਆਨੰਦ ਹਨ। 6 ਦਸਤਾਰਧ-ਾਰੀ ਸਿੱਖ ਚੋਣ ਜਿੱਤੇ ਹਨ, ਜਿਨੈਹਾਂ ਵਿਚੋਂ 2 ਅੰਮ੍ਰਿਤਧਾਰੀ ਅਤੇ 4 ਸਹਿਜਧਾਰੀ ਹਨ। ਟਿਮ ਉਪਲ ਪੰਜਾਬ ਦੇ ਜਲੰਧਰ ਤੋਂ ਕਾਂਗਰਸ ਪਾਰਟੀ ਦੇ ਵਿਧਾਨਕਾਰ ਪਰਗਟ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਸਾਂਝੇ ਭਾਰਤੀ ਮੂਲ ਦੇ 7 ਜਿੱਤੇ ਉਮਦਵਾਰਾਂ ਵਿੱਚ ਸ਼ੌਕਤ ਅਲੀ, ਆਰੀਆ ਚੰਦਰਾ, ਸੁਮੀਰ ਜ਼ੁਬੇਰੀ, ਯਾਮੀਰ ਨਕਵੀ, ਉਮਾਰ ਅਲਗਬਰਾ, ਮਜ਼ੀਦ ਜਵਾਹਰੀ ਅਤੇ ਅਨੀਤਾ ਆਨੰਦ ਹਨ। ਭਾਰਤੀ ਮੂਲ ਦੇ ਉਮੀਦਵਾਰਾਂ ਨੂੰ ਇਕੱਲੇ ਸਿੱਖ ਪੰਜਾਬੀ ਵੋਟਰਾਂ ਨੇ ਹੀ ਵੋਟਾਂ ਨਹੀਂ ਪਾਈਆਂ ਸਗੋਂ ਪੰਜਾਬੀ ਬਾਕੀ ਸਮੁਦਾਇ ਵਿੱਚ ਵੀ ਹਰਮਨ ਪਿਆਰੇ ਹਨ। ਭਾਰਤ ਵਿੱਚ 542 ਮੈਂਬਰੀ ਸੰਸਦ ਵਿੱਚੋਂ ਪੰਜਾਬ ਦੇ ਸਿਰਫ 13 ਲੋਕ ਸਭਾ ਮੈਂਬਰ ਹਨ, ਇਸਦੇ ਮੁਕਾਬਲੇ ਕੈਨੇਡਾ ਵਿਚ 16 ਐਮ ਪੀ ਹਨ। ਪਰਮ ਬੈਂਸ ਅਤੇ ਜੌਰਜ ਚਾਹਲ ਦੋਵੇਂ ਪਹਿਲੀ ਵਾਰ ਚੋਣ ਜਿੱਤੇ ਹਨ। ਭਾਰਤ ਦੀ ਕੇਂਦਰੀ ਸਰਕਾਰ ਵਿੱਚ ਹਰਦੀਪ ਸਿੰਘ ਪੁਰੀ ਸਿਰਫ ਇਕ ਰਾਜ ਮੰਤਰੀ ਹਨ, ਜਦੋਂ ਕਿ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਪਹਿਲਾਂ 5 ਅਤੇ ਫਿਰ 4 ਕੈਬਨਿਟ ਮੰਤਰੀ ਅਤੇ ਤਿੰਨ ਸੰਸਦੀ ਸਕੱਤਰ ਸਨ।

ਤਾਲਿਬਾਨ ਨੂੰ ਭਰਾ ਕਹਿਣ ਵਾਲੀ ਮਰੀਅਮ ਮੁਨਸਫ ਚੋਣ ਹਾਰ ਗਈ ਹੈ। ਜਿਸ ਪੈਰਕਾਰ ਜਗਮੀਤ ਸਿੰਘ ਧਾਲੀਵਾਲ ਦੀ ਹਰਮਨ ਪਿਆਰਤਾ ਵੱਧ ਰਹੀ ਹੈ, ਉਸ ਤੋਂ ਇੰਜ ਲਗਦਾ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬੀ ਸਿੱਖ ਕੈਨੇਡਾ ਦੀ ਸਰਕਾਰ ਦੇ ਮੁੱਖੀ ਹੋਣਗੇ। ਇਸ ਸਮੇਂ ਵੀ ਕੈਨੇਡਾ ਵਿੱਚ ਬਾਕੀ ਸਮੁਦਾਇ ਨਾਲੋਂ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਫ਼ੈਡਰਲ ਸਰਕਾਰ ਵਿਚ ਸਭ ਤੋਂ ਵੱਧ ਮੰਤਰੀ ਹੁੰਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਭਾਰਤੀ ਮੂਲ ਦੇ ਪੰਜਾਬੀ ਕੈਨੇਡਾ

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਰਮਦਾਸੀਆ ਕਿ ਰਾਮਦਾਸੀਆ ਸਿੱਖ?

ਮਾਨਯੋਗ ਸੰਪਾਦਕ ਜੀ

ਚੰਡੀਗੜ੍ਹ ਤੋਂ ਛਪਦੀ ਵੀਹ ਸਤੰਬਰ ਦੀ ਇਕ ਪੰਜਾਬੀ ਅਖਬਾਰ ਵਿੱਚ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਬਾਰੇ ਛਪੀ ਖਬਰ ਵਿਚ ਉਨ੍ਹਾਂ ਨੂੰ 'ਰਮਦਾਸੀਆ ਭਾਈਚਾਰੇ 'ਚੋਂ' ਲਿਖਿਆ ਗਿਆ ਹੈ। ਜਦ ਕਿ ਸਰਕਾਰੀ ਗਜ਼ਟ ਵਿਚ ਇਸ ਭਾਈਚਾਰੇ ਦਾ ਪੂਰਾ ਨਾਮ ਹੈ-'ਰਾਮਦਾਸੀਆ ਸਿੱਖ'! ਮੇਰੀ ਜਾਣਕਾਰੀ ਮੁਤਾਬਕ ਸੰਨ 1975 ਤੱਕ ਇਸ ਭਾਈਚਾਰੇ ਦੇ ਲੋਕਾਂ ਨੂੰ ਦਿੱਤੇ ਜਾਂਦੇ ਜਾਤੀ ਪ੍ਰਮਾਣ-ਪੱਤਰ ਵਿਚ 'ਰਾਮਦਾਸੀਆ ਸਿੱਖ' ਹੀ ਲਿਖਿਆ&;ਜਾਂਦਾ ਸੀ ਜੋ ਬਾਅਦ ਵਿਚ ਸਿਰਫ 'ਰਾਮਦਾਸੀਆ' ਲਿਖਣਾ ਸ਼ੁਰੂ ਹੋ ਗਿਆ। ਸਿੱਖ ਰਹੁ-ਰੀਤਾਂ ਨੂੰ ਪ੍ਰਣਾਈ ਇਸ ਬ੍ਰਾਦਰੀ ਦੇ ਕੁੱਝ ਸਾਬਕਾ ਅਫਸਰਾਂ ਨੇ ਜਦੋਜਹਿਦ ਕਰਕੇ ਰਾਮਦਾਸੀਆ ਸ਼ਬਦ ਨਾਲ ਮੁੜਕੇ ਸਿੱਖ ਸ਼ਬਦ ਸ਼ਾਮਲ ਕਰਵਾਇਆ। ਕੇਂਦਰ ਸਰਕਾਰ ਵਲੋਂ 1950 ਵਾਲ਼ੇ ਐਕਟ ਵਿਚ ਸੋਧ ਕਰਕੇ ਐਕਟ 2002 ਪਾਰਟ 14 ਪ ੰ ਜ ਾ ਬ , ਐਂਟਰੀ ਨੰਬਰ 9 ਸਬਸੀਚਿਊਟ ਦੇ ਅਧਾਰਤ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਦੇ&;ਪੱਤਰ ਨੰਬਰ 10(11)99 ਰ.ਸ. 5/976 ਮਿਤੀ 02.09.03 ਅਨੁਸਾਰ ਇਸ ਜਾਤੀ ਦੇ ਲੋਕਾਂ ਲਈ ਜਾਰ੍ਹੀ ਕੀਤੇ ਜਾਣ ਵਾਲ਼ੇ ਪ੍ਰਮਾਣ-ਪੱਤਰ ਉੱਤੇ 'ਜਾਤੀ ਦਾ ਨਾਮ' ਵਾਲ਼ੇ ਖਾਨੇ ਵਿਚ 'ਰਾਮਦਾਸੀਆ ਸਿੱਖ' ਲਿਖਣ ਦੀ ਹਦਾਇਤ ਕੀਤੀ ਗਈ।



–ਤਰਲੋਚਨ ਸਿੰਘ 'ਦੁਪਾਲ ਪੁਰ'
ਕੈਲੇਫੋਰਨੀਆਂ, ਯੂ.ਐੱਸ.ਏ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਜਸਪਾਲ ਸਿੰਘ ਧਾਲੀਵਾਲ ਨੇ ਫਰਿਜ਼ਨੋ 'ਚ ਵਸਾਇਆ ਮਿੰਨੀ ਪੰਜਾਬ

**ਫਰਿਜ਼ਨੋ (ਕੈਲੀਫੋਰਨੀਆ)-** ਫਰਿਜ਼ਨੋ ਸ਼ਹਿਰ ਜਿੱਥੇ ਪੰਜਾਬੀਆਂ ਦੀ ਸੰਘਣੀ ਵੱਸੋ ਹੋਣ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਓਥੇ ਫਰਿਜ਼ਨੋ ਸ਼ਹਿਰ ਵਿੱਚ ਪੰਜਾਬੀ ਡਾਕਟਰਾਂ , ਪੰਜਾਬੀਟਰਾਂਸਪੋਰਟਰਾ, ਪੰਜਾਬੀ ਫਾਰਮਰਾ ਅਤੇ ਸਟੋਰਾ ਦੇ ਮਾਲਕਾਂ ਨੇ ਪੂਰੀ ਦੁਨੀਆਂ ਵਿੱਚ ਧੁੰਮ ਪਾਈ ਹੋਈ ਹੈ। ਸਾਡੀ ਟੀਮ ਨੂੰ ਫਰਿਜ਼ਨੋ ਨਿਵਾਸੀ ਜਸਪਾਲ ਸਿੰਘ ਬਿਲਾ-ਸਪੁਰ (ਪਾਲ) ਅਤੇ ਉਹਨਾਂ ਦੇ ਸਪੁੱਤਰ ਖੁਸ਼ ਧਾਲੀਵਾਲ ਜਿਸ ਨੂੰ ਪਿਆਰ ਨਾਲ ਪੰਜਾਬੀ ਕੈਵਿਨ ਵੀ ਸੱਦਦੇ ਹਨ, ਦੇ ਫ਼ਾਰਮ ਤੇ ਜਾਣ ਦਾ ਮੌਕਾ ਲੱਗਿਆ , ਜਿੱਥੇ ਉਹ ਫਾਰਮਿੰਗ ਦੇ ਨਾਲ ਨਾਲ ਟਰੱਕਿੰਗ ਕੰਪਨੀ ਵੀ ਰੰਨ ਕਰਦੇ ਹਨ 'ਤੇ ਇੱਥੇ ਟਰੱਕ ਰਿਪੇਅਰ ਸ਼ਾਪ ਵੀ ਚਲਾਉਂਦੇ ਹਨ। ਪਾਲ ਧਾਲੀਵਾਲ ਨੇ ਦੱਸਿਆ ਕਿ 1996 ਵਿੱਚ ਉਹ ਇਕੱਲੇ ਪਿੰਡ ਬਿਲਾਸਪੁਰ ਜ਼ਿਲ੍ਹਾ ਮੋਗਾ ਤੋਂ ਪਰਿਵਾਰ ਦੇ ਉੱਜਲੇ ਭਵਿੱਖ ਲਈ ਕੱਚੇ ਤੌਰ ਤੇ ਅਮਰੀਕਾ ਆਏ ਸਨ। ਇੱਥੇ ਆਕੇ ਉਹਨਾਂ ਰੈਸਟੋ-ਰੈਂਟਾਂ ਤੇ ਕੰਮ ਵੀ ਕੀਤਾ। ਖ਼ੁਦ ਆਪ ਕਈ ਸਾਲ ਟਰੱਕ ਵੀ ਚਲਾਇਆ। ਫਿਰ ਹੌਲੀ ਹੌਲੀ ਪੱਕੇ ਹੋਏ 'ਤੇ ਫੇਰ ਪਰਿਵਾਰ ਅਮ-ਰੀਕਾ ਆਇਆ। ਖੁਸ਼ ਧਾਲੀਵਾਲ ਨੇ ਜਵਾਨ ਹੋਕੇ ਟਰੱਕਿੰਗ ਦੇ ਕੰਮ ਨੂੰ ਹੋਰ ਵਧਾਇਆ ਤੇ ਅੱਜ ਧਾਲੀਵਾਲ ਪਰਿਵਾਰ ਅਮਰੀਕਾ ਦੇ ਫਰਿਜ਼ਨੋ ਸ਼ਹਿਰ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ। ਹੁਣ ਜਸਪਾਲ ਧਾਲੀਵਾਲ ਅਤੇ ਬੇਟਾ ਖੁਸ਼



ਧਾਲੀਵਾਲ ਜੇ ਐਨ ਟਰਾਂਸਪੋਰਟ ਨਾਮੀ ਟਰੱਕਿੰਗ ਕੰਪਨੀ ਚਲਾ ਰਹੇ ਹਨ, ਅਤੇ ਪੰਜਾਬੀ ਸਰਦਾਰਾ ਵਾਂਗ ਆਪਣੇ ਸ਼ੌਕ ਪਾਲ ਰਹੇ ਹਨ। ਖੁਸ਼ ਧਾਲੀਵਾਲ ਨੇ ਤਕਰੀਬਨ ਵੀਹ ਏਕੜ ਵਿੱਚ ਆਪਣਾ ਟਰੱਕ ਯਾਰਡ ਬਣਾਇਆ 'ਤੇ ਇੱਥੇ ਕਈ ਘੋੜੇ ਪਾਲ ਰੱਖੇ ਨੇ, ਅਤੇ ਇਸ ਘੋੜਿਆ ਦੇ ਤਬੇਲੇ ਦਾ ਸ਼ਿੰਗਾਰ ਬਣੇ ਭਾਰਤੀ ਨਸਲ ਦੇ ਦੋ ਮਾਰਵਾੜੀ ਘੋੜੇ ਜਿੰਨਾ ਦੀ ਕੀਮਤ ਤਕਰੀਬਨ ਡੇਢ ਲੱਖ ਡਾਲਰ ਦੱਸੀ ਜਾ ਰਹੀ ਹੈ। ਇੱਥੇ ਇਹਨਾਂ ਨੇ ਚਿੱਟੇ ਰੰਗ ਦੇ ਮੋਰ, ਸੀਲ ਕੁੱਕੜ, ਦੇਸੀ ਮੁਰਗ਼ੇ , ਕਚੋਰੀਆ, ਕੁੱਤੇ, ਬੱਕਰੀਆਂ, ਪੋਨੀਆਂ ਆਦਿ ਵੀ ਵਾੜੇ ਦਾ ਸਿੰਗਾਰ ਬਣਾਏ ਹੋਏ ਹਨ। ਖੁਸ਼ ਧਾਲੀਵਾਲ ਨੇ ਦੱਸਿਆ ਕਿ ਕੁਝ ਸਮਾਂ ਪਹਿਲਾ ਉਹਨਾਂ ਇੱਥੇ ਇੱਕ ਦਧਾਰੂ ਗਾਂ ਵੀ ਰੱਖੀ ਸੀ। ਜਿਸ ਹੇਠ ਬਹੁਤ ਜ਼ਿਆਦਾ ਦੁੱਧ ਸੀ ਅਤੇ ਅਸੀਂ ਦੁੱਧ, ਲੱਸੀ , ਦਹੀ ਸਾਂਭ ਨਾ ਸਕੇ ਜਿਸ ਕਰਕੇ ਸਾਨੂੰ ਇਹ ਗਾਂ ਵਾਪਸ ਡੇਰੀ ਵਿੱਚ ਭੇਜਣੀ ਪਈ। ਖੁਸ਼ ਧਾਲੀਵਾਲ ਗੰਨਾ ਰੱਖਣ ਦਾ ਵੀ ਸ਼ੌਕੀ ਹੈ। ਮਹਿੰਗੀਆਂ ਕਾਰਾ ਵੀ ਉਸਨੇ ਆਪਣੀ ਕੁਲੈਕਸ਼ਨ ਵਿੱਚ ਸ਼ਾਮਲ ਕੀਤੀਆ ਹੋਈਆ ਨੇ। ਖੁਸ਼ ਧਾਲੀਵਾਲ ਦੇ ਯਾਰਡ ਵਿੱਚ ਜਾਕੇ ਉਹਨਾਂ ਦੇ ਸ਼ੌਕ ਵੇਖਕੇ ਵਾਕਿਆ ਇੰਝ ਲਗਦਾ ਜਿਲੇ ਧਾਲੀਵਾਲ ਪਿਓ-ਪੁੱਤਾਂ ਨੇ ਫਰਿਜ਼ਨੋ ਵਿੱਚ ਇੱਕ ਵੱਖਰਾ ਬਿਲਾਸਪੁਰ ਵਸਾ ਰੱਖਿਆ ਹੋਵੇ। ਦੁਆ ਕਿ ਇਹ ਪਰਿਵਾਰ ਆਪਣੀ ਮਿਹਨਤ ਨਾਲ ਹੋਰ










## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ ਗੁਰੂ ਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 24, 25 ਅਤੇ 26 ਸਤੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਟੇਜ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਦੇਸ਼ ਦੁਆਬਾ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਿਨ ਸ਼ੁੱਕਰਵਾਰ 24 ਸਤੰਬਰ 2021 ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11:00 ਵਜੇ ਆਰੰਭ ਹੋਣਗੇ। ਦਿਨ ਸ਼ਨੀਵਾਰ 25 ਸਤੰਬਰ 2021 ਨੂੰ ਸ਼ਾਮ ਵੇਲੇ ਦੇ ਕੀਰਤਨ ਦੀਵਾਨ ਸ਼ਾਮ 6:00 ਵਜੇ ਤੋਂ 8:00 ਵਜੇ ਤੱਕ ਸਜਣਗੇ ਜਿਹਨਾਂ ਵਿਚ ਮਾਤਾ ਤ੍ਰਿਪਤਾ ਜੀ ਐਜੂਕੇਸ਼ਨ ਫਾਉਂਡੇਸ਼ਨ ਕੈਲੀਫੋਰਨੀਆਂ (ਬੱਚਿਆਂ ਦਾ ਕੀਰਤਨ ਦੀਵਾਨ) ਅਤੇ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ (ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ) ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਦਿਨ ਐਤਵਾਰ 26 ਸਤੰਬਰ 2021 ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10:00 ਵਜੇ ਪਾਏ ਜਾਣਗੇ ਜਿਸ ਉਪਰੰਤ ਕੀਰਤਨ ਦੀਵਾਨ ਸਵੇਰੇ 11:00 ਵਜੇ ਤੋਂ 1:30 ਵਜੇ ਤੱਕ ਸਜਣਗੇ ਜਿਹਨਾਂ ਵਿਚ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ (ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ) ਅਤੇ ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਵਾਲੇ ਕੀਰਤਨੀ ਜਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਸਮੂਹ ਸਾਧ ਸੰਗਤ ਨੂੰ ਇਹਨਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ

ਗੁਰੂ ਘਰ ਦਾ ਪਤਾ: ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street , Rio Linda, CA 95673
ਗੁਰੂ ਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ,
ਸੇਵਾ ਪ੍ਰਾਪਤੀ ਅਤੇ ਯੋਗਦਾਨ ਬਾਰੇ ਜਾਣਕਾਰੀ
ਲਈ ਸੰਪਰਕ:
ਸ਼੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ਼੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ਼੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ)
916-276-2538
ਗੁਰੂ ਘਰ ਫ਼ੋਨ: (916) 992-1710

## Change of Name

I, Surinder Singh Butter
S/O Beant Singh
Resident of:
1759 Ettle St, Manteca,
CA-95337, U.S.A.

Now I have changed my name
**From:** Surinder Singh Butter
**To:** Surinder Singh

All concerned Kindly note it.

## Change of Name

I, Navjot Kaur Aujla
w/o Kunal Puri
Resident of:
2951 Reynolds Ranch Pkwy,
Apt G326 Lodi, CA-95240, U.S.A.

Now I have changed my name
**From:** Navjot Kaur Aujla
**To:** Navjot Kaur Puri

All concerned Kindly note it.

## Change of Name

I, Lakhwinder Singh Sandhu
s/o Shumar Singh
Resident of:
5966 E Pitt Ave, Fresno,
CA-93727, U.S.A.

Now I have changed my name
**From:** Lakhwinder Singh Sandhu
**To:** Lakhwinder Singh

All concerned Kindly note it.

# ਮਨ ਚਿੱਤ, ਬੁੱਧੀ ਅਤੇ ਸਰੀਰ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਧਰਤੀ 'ਤੇ ਮਨੁੱਖ ਬਣਨ ਦਾ ਅਮਲ, ਅੱਗ ਟੁਕੜੇ ਦਾ ਸੂਰਜ ਨਾਲੋਂ ਟੁੱਟਣ ਉਪਰੰਤ ਗੈਸਾਂ ਦੇ ਮਿਸ਼ਰਣ ਨਾਲ ਪਾਣੀ ਦੀ ਹੋਂਦ ਬਣਨ ਨਾਲ ਸ਼ੁਰੂ ਹੁੰਦਾ ਹੈ। ਜੋ ਅਰਬਾਂ ਸਾਲਾਂ ਦਾ ਅਮਲ ਹੈ। ਮਨੁੱਖ ਇਕ ਆਮ ਜੀਵ ਦੀ ਤਰ੍ਹਾਂ ਹੀ ਵਿਕਸਤ ਹੋਇਆ ਹੈ। ਇਹ ਕਿਸੇ ਈਸ਼ਵਰ ਦੀ ਕਿਰਤ ਨਹੀਂ ਹੈ। ਵਰਤਮਾਨ ਮਨੁੱਖ ਦੀ ਉਮਰ 40000 ਸਾਲ ਤੱਕ ਗਿਣੀ ਮਿੱਥੀ ਗਈ ਹੈ। ਪ੍ਰੰਤੂ ਵਿਕਾਸ ਦੀ ਉਮਰ ਅਰਬਾਂ ਸਾਲ ਹੈ। ਮਨੁੱਖ ਦੇ ਜਨਮ ਜਨਮ ਤੋਂ ਭਾਵ ਹੈ, ਉਹ ਸਭ ਜੀਵ ਪੀੜ੍ਹੀਆਂ ਦੇ ਜਨਮ ਤੇ ਉਮਰਾਂ ਜਿਹਨਾਂ ਵਿਚੋਂ ਦੀ ਗੁਜ਼ਰ ਕੇ ਜੀਵ ਆਦਮੀ ਔਰਤ ਦੇ ਇਸ ਰੂਪ ਵਿਚ ਪੁੱਜਾ ਹੈ। ਤੇ ਹੁਣ ਖੁਦ ਨੂੰ ਖੁਦ ਪੈਦਾ ਕਰਨ ਦੀ ਸਮਰੱਥਾ ਵਿਚ ਹੈ। ਆਪਾਂ ਜੇ 40000 ਸਾਲ ਦੀ ਉਮਰ ਮੰਨ ਵੀ ਲਈਏ ਤਾਂ ਇਸਦਾ ਪਹਿਲਾ ਅਰਥ ਇਹ ਹੈ ਕਿ ਧਰਤੀ, ਪ੍ਰਕਿਰਤੀ, ਕੁਦਰਤ, ਬ੍ਰਹਿਮੰਡ ਦੇ ਵਰਤਾਰੇ ਨੂੰ ਬਦਲਣ ਵਾਲਾ ਉਸ ਤੋਂ ਪਹਿਲਾਂ ਕੋਈ ਵੀ ਜੀਵ ਧਰਤੀ ਤੇ ਨਹੀਂ ਸੀ। ਲੱਖਾਂ ਜੀਵ ਸਨ ਤੇ ਕੁਦਰਤ ਸੀ। ਕੁਦਰਤ ਦਾ ਵਰਤਾਰਾ ਸੀ ਜੋ ਆਪਣੇ ਆਪ ਚੱਲ ਰਿਹਾ ਸੀ, ਵਹਿ ਰਿਹਾ ਸੀ। ਪ੍ਰੰਤੂ ਇਸੇ ਵਰਤਾਰੇ ਦੇ ਕਾਰਨਾਂ ਨੇ ਇਕ ਜੀਵ ਮਨੁੱਖ ਨੂੰ ਸਿਰਜਿਆ ਜਿਸਦੀ ਸਿਰਜਣਾ ਨੂੰ ਅਸੀਂ ਅੱਜ ਸਮਝਣ ਦੇ ਯੋਗ ਹਾਂ। ਮਨੁੱਖ ਹੋਣ ਦਾ ਦੂਸਰਾ ਅਰਥ ਹੈ ਕਿ ਧਰਤੀ ਉਤੇ ਜੋ ਪਰਿਵਰਤਨ, ਕੁਦਰਤੀ ਵਰਤਾਰੇ ਦੀ ਮਰਜੀ ਬਿਨਾਂ ਕਿਸੇ ਨੇ ਕੀਤੇ, ਆਪਣੀ ਮਰਜੀ ਵਰਤੀ ਉਸਨੂੰ ਮਨੁੱਖੀ ਕਿਰਤ ਜਾਂ ਕਰਾਮਾਤ ਕਹਿਣਾ ਸਹੀ ਹੈ। ਕਿ ਉਸ ਤੋਂ ਬਿਨਾਂ ਕੋਈ ਵੀ ਪ੍ਰਵਰਤਨ ਕੁਦਰਤੀ ਵਰਤਾਰੇ ਦੇ ਕਾਰਨਾਂ ਅਨੁਸਾਰ ਹੁੰਦੇ ਸਨ। ਜੀਵ ਦੇ ਮਨੁੱਖ ਹੋ ਜਾਣ ਬਾਅਦ, ਕੁਦਰਤੀ ਪ੍ਰਵਾਹ ਅੰਦਰ ਤਬਦੀਲੀਆਂ ਆਪਣੀ ਮਰਜੀ ਨਾਲ ਕਰਨ ਵਾਲਾ, ਕੁਦਰਤ ਦੀ ਨਕਲ ਕਰਕੇ ਵੱਡੀਆਂ ਗੱਲਾਂ ਕਰਨ ਵਾਲਾ ਜੀਵ ਕੇਵਲ ਆਦਮੀ ਹੈ। ਇਸ ਲਈ ਉਸਦੀ ਹੋਂਦ ਬਾਅਦ ਧਰਤੀ ਤੇ ਜੋ ਬਣਿਆ ਤ ਬਦਲਿਆ ਜਾਂ ਲੱਭਿਆ ਨਜ਼ਰ ਆ ਰਿਹਾ ਹੈ। ਇਹ ਕਿਸੇ ਭਗਵਾਨ ਜਾਂ ਈਸ਼ਵਰ ਦਾ ਕੰਮ ਨਹੀਂ, ਕੇਵਲ ਆਦਮੀ ਦਾ ਕੰਮ ਹੈ, ਜਿਸਨੇ ਆਪਣੀ ਤਕਦੀਰ ਨੂੰ ਆਪਣੀ ਮਰਜੀ ਨਾਲ ਬਦਲਣ ਤੇ ਬਣਾਉਣ ਦਾ ਯਤਨ ਕੀਤਾ, ਕਿਉਂਕਿ ਇਹ ਬਾਕੀ ਜੀਵਾਂ ਨਾਲੋਂ ਅਰਬਾਂ ਗੁਣਾਂ ਜ਼ਿਆਦਾ ਦਿਮਾਗੀ ਸ਼ਕਤੀ ਦੇ ਸੈਲਾਂ ਦਾ ਮਾਲਕ ਬਣ ਸਕਿਆ। ਦਿਮਾਗੀ ਸ਼ਕਤੀ ਦੇ ਸੈਲ ਤਾਂ ਬਾਕੀ ਜੀਵਾਂ ਪਾਸ ਵੀ ਹਨ, ਪ੍ਰੰਤੂ ਮਨੁੱਖ ਪਾਸ ਉਹੀ ਅਰਬਾਂ ਗੁਣ ਹਨ। ਜੀਵ ਅਤੇ ਮਨੁੱਖ ਵਿਚ ਬੱਸ ਇਹੀ ਅੰਤਰ ਹੈ। ਉਂਝ ਸਾਰੇ ਜੀਵ ਮਿੱਟੀ, ਪਾਣੀ, ਹਵਾ ਤੇ ਅੱਗ ਦੇ ਮਿਸ਼ਰਣ ਦੀ ਹੀ ਉਪਜ ਹਨ। ਸਹੀ ਮਿਸ਼ਰਣ ਜੀਵ ਬਣਾ ਦਿੰਦਾ ਹੈ। ਮਿਸ਼ਰਣ ਬਿਖਰਦਾ ਹੈ ਤਾਂ ਜੀਵ ਬਾਕੀ ਸਭ ਵਸਤੂਆਂ ਵਾਂਗ ਖਤਮ ਹੋ ਕੇ ਮੁੜ ਹਵਾ, ਪਾਣੀ, ਮਿੱਟੀ ਤੇ ਅੱਗ ਬਣ ਜਾਂਦਾ ਹੈ। ਇਸ ਸੱਚ ਨੂੰ ਸਾਬਤ ਕਰਦੀਆਂ ਤਿੰਨ ਪ੍ਰਮੁੱਖ ਵਿਚਾਰਧਾਰਾਵਾਂ ਹਨ। ਇਕ- ਸੰਸਾਰ ਵਿਗਿਆਨ ਤੇ ਮਨੁੱਖੀ ਖੋਜ, ਦੂਜੀ ਤਥਾਗਤ ਗੌਤਮ ਬੁੱਧ, ਤੀਸਰੀ ਬਾਣੀ ਗੁਰੂ ਗ੍ਰੰਥ ਸਾਹਿਬ। ਕਿ ਪ੍ਰਾਣੀ, ਪੰਜ ਤੱਤਾਂ ਦਾ ਪੁਤਲਾ ਹੈ। ਜੋ ਬ੍ਰਹਿਮੰਡ ਦਾ ਹੀ ਰੂਪ ਹੈ, ਭਾਵ ਬ੍ਰਹਿਮੰਡ ਦੇ ਭੌਤਿਕ ਤੇ ਰਸਾਇਣੀ ਗੁਣ ਇਸ ਵਿਚ ਸਮਾਏ ਹੋਏ ਹਨ। ਬੰਦਾ ਉਹੀ ਹੈ ਜੋ ਬ੍ਰਹਿਮੰਡ ਹੈ।

ਇਸ ਦੀ ਬਣਤਰ ਦੇ ਜੋ ਮੁੱਖ ਭਾਗ ਹਨ ਉਹ ਹਨ ਸਰੀਰ (ਬਾਹਰੀ ਰੂਪ) ਮਨ ਚਿੱਤ ਅਤੇ ਬੁੱਧੀ (ਅੰਦਰੂਨੀ ਰੂਪ)। ਮਨ ਚਿੱਤ ਤੇ ਬੁੱਧੀ ਸਰੀਰਕ ਹਰਕਤ ਦੇ ਨਿਰਦੇਸ਼ਕ ਹਨ। ਜੋ ਸੂਖਮ ਹਨ, ਦਿਖਦੇ ਨਹੀਂ, ਪ੍ਰੰਤੂ ਸਰੀਰ ਪੂਰਾ ਪੂਰਾ ਦਿਸਦਾ ਹੈ। ਪੁਰਜਾ ਪੁਰਜਾ ਦੇਖਿਆ ਜਾ ਸਕਦਾ ਹੈ। ਸਰੀਰ ਦੀ ਸਮੁੱਚੀ ਹਰਕਤ ਮਨ ਚਿੱਤ ਦੀ ਕਾਮਨਾ ਅਤੇ ਬੁੱਧੀ ਦੀ ਸਾਜਣਾ ਅਨੁਸਾਰ ਹੁੰਦੀ ਹੈ। ਸਰੀਰ ਆਪਣੇ ਆਪ ਵਿਚ ਕੁਝ ਨਹੀਂ ਹੈ। ਮਨ-ਚਿੱਤ ਵਿਚ ਜੋ ਇੱਛਾ, ਕਾਮਨਾ, ਭਾਵਨਾ, ਚਾਹਤ, ਜਨਮ ਲੈਂਦੀ ਹੈ ਉਹ ਸਿੱਧੀ ਮਸਤਕ ਅੰਦਰ ਜਾਂਦੀ ਹੈ। ਮਸਤਕ ਭਾਵ ਬੁੱਧੀ ਉਸਦੀ ਪੁਣਛਾਣ ਕਰਦੀ ਹੈ। ਤੇ ਫਿਰ ਕਰਨਾ ਹੈ, ਨਹੀਂ ਕਰਨਾ ਹੈ, ਰੁਕਣਾ ਹੈ, ਇਹ ਸੋਚ ਲਿਖੀ ਜਾਂਦੀ ਹੈ ਤੇ ਸਰੀਰ ਉਸ ਅਨੁਸਾਰ ਹਰਕਤ ਕਰਦਾ ਹੈ। ਚੰਗੀ ਬੁਰੀ ਜਾਂ ਕੋਈ ਨਹੀਂ। ਮਨ ਨੂੰ ਮਨ ਹੀ ਬਦਲ ਸਕਦਾ ਹੈ। ਕਈ ਵਾਰ ਇਹ ਬੁੱਧੀ ਦੀ ਪ੍ਰਵਾਹ ਕੀਤੇ ਬਿਨਾਂ ਹੀ ਬਿਨਾਂ ਸੋਚੇ ਸਮਝੇ, ਪੁਛੇ ਛਾਣੇ ਆਦੇਸ਼ ਜਾਰੀ ਕਰ ਦਿੰਦਾ ਹੈ ਤੇ ਸਰੀਰ ਹਰਕਤ ਵਿਚ ਆ ਜਾਂਦਾ ਹੈ। ਕਈ ਵਾਰ ਬੁੱਧੀ ਵੀ ਅੜਿੱਕਾ ਬਣ ਜਾਂਦੀ ਹੈ ਤੇ ਨਹੀਂ ਵਿਚ ਨਹੀਂ ਦਾ ਪ੍ਰਸ਼ਨ ਖੜ੍ਹਾ ਕਰ ਦਿੰਦੀ ਹੈ। ਤਾਂ ਸਰੀਰ ਖਾਮੋਸ਼ ਰਹਿੰਦਾ ਹੈ। ਮਨ ਬਹੁਤ ਕੁਝ ਨੂੰ ਲਗਾਤਾਰ ਕੂੜੇ ਕਚਰੇ ਵਾਂਗਰ ਬਾਹਰ ਸੁੱਟੀ ਜਾਂਦਾ ਹੈ। ਬਹੁਤ ਕੁਝ ਭੰਡਾਰ ਕਰ ਲੈਂਦਾ ਹੈ ਤੇ ਬਹੁਤ ਕੁਝ ਕਰਨ ਲਈ ਹੁਕਮ ਕਰਦਾ ਰਹਿੰਦਾ ਹੈ। ਬੁੱਧੀ ਇਕ ਤਰ੍ਹਾਂ ਦੀ ਮੁੱਖ ਸਲਾਹਕਾਰ ਹੈ। ਖਿਆਲ ਮਨ 'ਚ ਬਣਦਾ ਹੈ, ਮਸਤਕ ਅੰਦਰ ਉਕਰਦਾ ਹੈ। ਚਾਹੇ ਤਾਂ ਖਿਆਲ ਸਰੀਰ ਰਾਹੀਂ ਵਰਤਣ ਲੱਗਦਾ ਹੈ, ਚਾਹੇ ਤਾਂ ਖਾਮੋਸ਼ ਰਹਿੰਦਾ ਹੈ ਜਾਂ ਆਪਣੀ ਘੜਤ ਬਣਤ ਅਨੁਸਾਰ ਮੌਕੇ ਦੀ ਤਲਾਸ਼ ਕਰਦਾ ਹੈ।

ਬੱਸ ਇਹੋ ਹੈ ਜੋ ਸੰਸਾਰ ਵਿਚ ਪੈਦਾ ਹੁੰਦੇ ਮਰਦ ਔਰਤ ਕਰਦੇ ਹਨ। ਇਹਨਾਂ ਪਾਸ ਮਰਜੀ ਕਰਨ ਦੀ ਬੇਥਾਹ ਸ਼ਕਤੀ ਹੈ। ਏਨੀ ਸ਼ਕਤੀ ਕਿ ਹਿਟਲਰ ਵਾਂਗ ਅੱਧੀ ਦੁਨੀਆਂ ਉਤੇ ਹਮਲਾ ਕਰਵਾ ਦਿੰਦੀ ਹੈ। ਕਰੋੜਾਂ ਮਨੁੱਖਾਂ ਦੀ ਬਲੀ ਲੈ ਲੈਂਦੀ ਹੈ। ਚਾਹੇ ਤਾਂ ਸੂਰਜ ਤੱਕ ਉੱਡਣ ਦੀਆਂ ਤਰਕੀਬਾਂ ਖੜ੍ਹੀਆਂ ਕਰ ਲੈਂਦੀ ਹੈ। ਚਾਹੇ ਤਾਂ ਬੇਖ਼ੌਫ਼ ਹੋ ਕੇ ਮਾਨ ਸਨਮਾਨ ਲਈ ਅੜ ਜਾਂਦੀ ਹੈ, ਚਾਹੇ ਤਾਂ ਪੈਰਾਂ ਵਿਚ ਵਿਛ ਜਾਂਦੀ ਹੈ। ਸਭ ਕੁਝ ਭੇਂਟ ਕਰ ਦਿੰਦੀ ਹੈ।

ਇਸੇ ਕਰਕੇ ਮਹਾਨ ਮਨੁੱਖ ਕਹਿੰਦੇ ਹਨ ਕਿ ਮਨੁੱਖ ਦੇ ਬਣਨ ਉਪਰੰਤ ਧਰਤੀ ਤੇ ਜੋ ਚੰਗਾ ਮਾੜਾ ਹੋਇਆ ਹੈ ਇਹ ਸਭ ਮਨੁੱਖ ਦੀ ਹੀ ਕਰਨੀ ਹੈ। ਉਸਨੇ ਚੰਗਾ ਸੋਚ ਲਿਆ, ਚੰਗਾ ਕਰ ਲਿਆ, ਮਾੜਾ ਸੋਚ ਲਿਆ, ਮਾੜਾ ਕਰ ਦਿੱਤਾ। ਬਣਾਉਣਾ ਚਾਹਿਆ ਬਣਾ ਲਿਆ। ਢਾਹੁਣਾ ਚਾਹਿਆ ਢਾਹ ਲਿਆ। ਪਸ਼ੂ ਪੰਛੀ ਸੋਚ ਸਮਝ ਕੇ ਅਜਿਹੀ ਮਰਜ਼ੀ ਵਰਤ ਸਕਣ ਦੇ ਸਮਰੱਥ ਨਹੀਂ ਹਨ। ਕੇਵਲ ਆਦਮੀ/ਔਰਤ ਹੀ ਸਮਰੱਥ ਹਨ। ਤਥਾਗਤ ਬੁੱਧ ਇਸੇ ਕਰਕੇ ਕਹਿੰਦੇ ਹਨ ਕਿ ਮਨੁੱਖ ਆਪਣੀ ਹੋਣੀ ਦਾ ਮਾਲਕ ਆਪ ਹੈ। ਚੰਗਾ ਜਾਂ ਬੁਰਾ ਕੰਮ ਸਭ ਉਸਦੇ ਵੱਸ ਹੈ। ਕੁਦਰਤ ਦੀ ਆਪਣੀ ਅਲੱਗ ਭੂਮਿਕਾ ਹੈ। ਕੁਦਰਤ ਦੇ ਆਪਣੇ ਨਿਯਮ ਹਨ ਪ੍ਰੰਤੂ ਕੁਦਰਤ ਦੇ ਨਿਯਮਾਂ ਨੂੰ ਸਮਝਣ ਅਤੇ ਆਪਣੀ ਮਰਜ਼ੀ ਅਨੁਸਾਰ ਬਦਲ ਲੈਣ ਦੀ ਤਾਕਤ ਕੇਵਲ ਆਦਮੀ ਵਿਚ ਹੈ। ਕੁਦਰਤ ਦਾ ਸਮੁੱਚਾ ਪਸਾਰਾ ਆਪਣੀ ਸੋਚੀ ਸਮਝੀ ਇੱਛਾ ਅਨੁਸਾਰ ਨਾ ਕੁਝ ਬਣਾ ਸਕਦਾ ਹੈ, ਨਾ ਬਰਬਾਦ ਕਰ ਸਕਦਾ ਹੈ। ਉਸਦੇ ਬਣਨ ਅਤੇ ਬਰਬਾਦ ਹੋਣ ਪਿੱਛੇ ਅਨੇਕ ਕਾਰਨ ਬਣਦੇ ਹਨ। ਆਪਣੇ ਆਪ ਬਣਦੇ ਹਨ। ਸੂਰਜ ਨਾਲੋਂ ਅੱਗ ਦਾ ਟੁਕੜਾ ਇਸ ਲਈ ਨਹੀਂ ਟੁੱਟਿਆ ਸੀ ਕਿ ਧਰਤੀ ਬਣੇਗੀ, ਪਾਣੀ ਬਣੇਗਾ, ਜੀਵ ਬਣੇਗਾ, ਮਨੁੱਖ ਬਣੇਗਾ। ਬੱਸ ਟੁਕੜਾ ਟੁੱਟ ਗਿਆ ਫਿਰ ਹੋਰ ਦਾ ਹੋਰ ਕੁਝ ਆਪਣੇ ਆਪ ਅਰਬਾਂ ਸਾਲ ਵਿਚ ਬਣਦਾ ਤੁਰਿਆ ਗਿਆ। ਸੂਰਜ ਪਾਸ ਆਪਣੇ ਆਪ ਨੂੰ ਵੱਡਾ ਛੋਟਾ ਜਾਂ ਠੰਢਾ ਕਰਨ ਦੀ ਮਰਜੀ ਨਹੀਂ ਹੈ। ਤਾਰੇ ਆਪਣੀ ਮਰਜੀ ਨਾਲ ਆਪਣਾ ਸਥਾਨ ਨਹੀਂ ਬਦਲ ਸਕਦੇ। ਬ੍ਰਹਿਮੰਡ ਵਿਚ ਜੀਵ ਤੋਂ ਬਿਨਾਂ ਕੋਈ ਵੀ ਸ਼ੈਅ ਆਪਣੀ ਮਰਜੀ ਨਾਲ ਨਹੀਂ ਬਣਦੀ, ਬਦਲਦੀ। ਕਾਰਨ ਬਣਦੇ ਹਨ ਤੇ ਬਦਲ ਹੁੰਦਾ ਹੈ। ਕਾਰਨ ਬਣਨ ਪਿੱਛੇ ਇਹ ਸ਼ਕਤੀ ਹੈ ਕਿ ਹਰ ਇਕ ਵੱਡੀ ਛੋਟੀ ਸ਼ੈਅ ਗਤੀ ਵਿਚ ਹੈ। ਖੜੋਤ ਕਿਤੇ ਨਹੀਂ ਹੈ। ਉਸਨੇ ਕਿਸੇ ਸਮੇਂ ਬਦਲਣਾ ਹੀ ਹੈ। ਕਿਸੇ ਸਮੇਂ ਹੋਰ ਰੂਪ ਦਾ ਬਣਨਾ ਬਦਲਣਾ ਗਤੀ ਦੇ ਕਾਰਨ ਵਿਚ ਹੈ। ਪ੍ਰੰਤੂ ਕੋਈ ਸ਼ੈਅ ਮਰਜੀ ਨਾਲ ਕੁਝ ਨਹੀਂ ਕਰ ਸਕਦੀ। ਹਾਂ, ਬੱਸ ਆਮ ਇਕ ਜੀਵ ਹੈ ਜੋ ਪੇਟ ਲਈ, ਸੈਕਸ ਲਈ, ਧੁੱਪ ਛਾਂ ਲਈ ਆਪਣੇ ਆਪਦਾ ਆਸਾ ਪਾਸਾ ਕਰ ਸਕਦਾ ਹੈ। ਦੂਸਰਾ ਮਨੁੱਖ ਹੀ ਹੈ, ਜੋ, ਜੋ ਚਾਹੇ ਕਰ ਸਕਦਾ ਹੈ। ਮਰਨਾ ਚਾਹੇ ਮਰ ਵੀ ਸਕਦਾ ਹੈ। ਚਾਹੇ ਤਾਂ ਫਾਂਸੀ ਗਲ਼ ਵਿਚ ਪਾ ਲਵੇ। ਚਾਹੇ ਤਾਂ ਚੰਦ ਮੰਗਲ ਤੱਕ ਉੱਡ ਲਵੇ। ਸਮੁੰਦਰ ਗਾਹ ਆਵੇ। ਧਰਤੀ ਤੇ ਹੀ ਨਹੀਂ ਬ੍ਰਹਿਮੰਡ ਅੰਦਰ ਅਜੇ ਤੱਕ ਇਕ ਮਨੁੱਖ ਹੀ ਹੈ ਜੋ ਆਪਣੀ ਮਰਜੀ ਕਰ ਸਕਦਾ ਹੈ। ਬਣਾਵੇ, ਢਾਵੇ, ਬਚਾਵੇ, ਖੋਹਵੇ, ਦੇਵੇ, ਬੁਰਾ ਕਰੇ ਚੰਗਾ ਕਰੇ, ਉਸਦੀ ਆਪਣੀ ਮਰਜੀ ਹੈ। ਤੇ ਮਰਜੀ ਕਰਨ ਵਾਲੀ ਉਸਦੀ ਸ਼ਕਤੀ ਮਨ ਹੈ ਮਨ (ਚਿੱਤ), ਜਿਸਨੂੰ ਬੁੱਧੀ ਹਰ ਵੇਲੇ ਵੇਖਦੀ ਹੈ। ਕਦੀ-ਰੋਕਦੀ ਹੈ। ਤੇ ਕਦੀ ਅੱਖਾਂ ਮੀਚ ਲੈਂਦੀ ਹੈ। ਬੰਦੇ ਦੀ ਮਰਜੀ ਮਨ ਵਿਚੋਂ ਉਠਦੀ ਹੈ। ਤੇ ਫਿਰ ਸਰੀਰ ਦੀ ਹਰਕਤ ਬਣ ਕੇ ਵਰਤਦੀ ਹੈ। ਉਸਨੇ 4000 ਸਾਲ ਵਿਚ ਤੁਰਨਾ, ਉਠਣਾ, ਬੈਠਣਾ, ਖਾਣਾ-ਪੀਣਾ, ਧੁੱਪੇ-ਛਾਵੇਂ ਹੋਣਾ, ਬਾਲ ਬੱਚੇ ਜੰਮਣਾ, ਡਰਨਾ-ਡਰਾਉਣਾ, ਮਰਨਾ-ਮਾਰਨਾ, ਖੜ੍ਹਨਾ-ਲੜਨਾ, ਮਰਨ ਜਾਂ ਦੌੜ ਜਾਣਾ ਹੀ ਨਹੀਂ ਸਿੱਖਿਆ। ਦੂਰ ਅਸਮਾਨਾਂ ਤੱਕ ਉੱਡਣਾ ਅਤੇ ਡੁਬਕੀਆਂ ਲਾਉਣਾ ਵੀ ਸਿੱਖਿਆ ਹੈ। ਉਹ ਚਾਹੇ ਤਾਂ ਇਸ ਸਾਰੀ ਧਰਤੀ ਨੂੰ ਮਿੰਟਾਂ ਵਿਚ ਤਬਾਹ ਕਰ ਦੇਵੇ। ਪ੍ਰੰਤੂ ਉਹੀ ਹੈ ਜਿਸਨੇ ਉਤਮ ਤੇ ਸ਼ਾਨਦਾਰ ਨਿਰਮਾਣ ਕੀਤੇ ਹਨ। ਜਿਸ ਵੀ ਧਰਤੀ ਦੇ ਟੁਕੜੇ 'ਤੇ ਆਦਮੀ ਨੂੰ ਧਾਰਮਿਕ ਵਿਸ਼ਵਾਸਾਂ, ਝੂਠਾਂ ਜਾਂ ਹੋਰ ਅਡੰਬਰਾਂ ਰਾਹੀਂ, ਉਸਦੀ ਇਸ ਧਰਤੀ ਤੋਂ ਅਣਜਾਣ ਬਣਾਇਆ ਜਾਂਦਾ ਹੈ, ਉਥੇ ਭੁੱਖਮਰੀ, ਗਰੀਬੀ, ਬਿਮਾਰ, ਜਹਾਲਤ, ਜਲਾਲਤ, ਮੂਰਖਤਾ, ਗੁਲਾਮੀ, ਪਸ਼ੂਪੁਣਾ, ਨਿਰਦੈਤਾ, ਅਸਦਾਚਾਰ, ਅੱਨਿਆ, ਬੁਰਾਈ ਬੈਕਟੀਰੀਆ ਵਾਂਗ ਫੈਲਦੇ ਹਨ। ਪ੍ਰੰਤੂ ਜਿੱਥੇ ਆਦਮੀ ਨੂੰ ਉਸਦੀ ਇਸ ਸ਼ਕਤੀ ਦਾ ਅਹਿਸਾਸ ਕਰਾਇਆ ਜਾਂਦਾ ਹੈ, ਉਥੇ ਮਨੁੱਖ ਵੱਡੀਆਂ ਮੰਜ਼ਲਾਂ ਹੀ ਸਰ ਨਹੀਂ ਕਰਦਾ ਸਗੋਂ ਸੌ ਸੁਖ ਵੀ ਪੈਦਾ ਕਰ ਲੈਂਦਾ ਹੈ। ਹੋਰਨਾਂ ਦਾ ਸਹਾਰਾ ਵੀ ਬਣਦਾ ਹੈ। ਮੈਂ ਦੇਖਦਾ ਹਾਂ ਕਿ ਭਾਰਤ ਅੰਦਰ, ਮਨੁੱਖ ਨੂੰ ਮਨੁੱਖ ਦੀ ਹੋਂਦ ਅਤੇ ਉਸਦੀ ਸ਼ਕਤੀ ਤੋਂ ਕੋਹਾਂ ਦੂਰ ਰੱਖਣ ਦਾ ਧਰਮ ਕਰਮ 24 ਘੰਟੇ ਚੱਲਦਾ ਹੈ। ਇਸੇ ਕਰਕੇ ਮੇਰਾ ਭਾਰਤ ਸੰਸਾਰ ਦਾ ਸਭ ਤੋਂ ਭਿਆਨਕ ਨਰਕ ਹੈ। ਵਿੱਦਿਆ, ਰੋਟੀ ਤੇ ਸਾਧਨ ਤੋਂ ਵੱਧ ਨਹੀਂ ਹੈ। ਅਵਿੱਦਿਆ ਦਾ ਕੂੜ ਪਸਾਰਾ ਇੰਨਾ ਹੈ ਕਿ ਡਿਗਰੀ ਧਾਰੀ ਤੇ ਵੱਡੇ ਲੋਕ ਵੀ ਮੂਰਖ ਕਿਸਮ ਦੇ ਅਨਪੜ੍ਹ ਅਤੇ ਜਾਹਲ ਭੇਖ ਧਾਰੀਆਂ ਦੀਆਂ ਚੌਂਕੀਆਂ ਭਰਦੇ ਹਨ। ਸਾਰਾ ਦੇਸ਼ ਕੂੜ ਕਿਰਿਆ ਵਿਚ ਲੱਗਾ ਰਹਿੰਦਾ ਹੈ। ਤੇ ਹਰ ਵਕਤ ਇਹੋ ਸਬਕ ਚਲਦਾ ਰਹਿੰਦਾ ਹੈ ਕਿ ਬੰਦਾ ਕੋਈ ਚੀਜ਼ ਨਹੀਂ। ਇਹ ਉਹੀ ਕਰਦਾ ਹੈ ਜੋ ਈਸ਼ਵਰ ਨੇ ਪਰਚੱਟੂ ਲਿਖ ਕੇ ਇਸਨੂੰ ਫੜਾਇਆ ਤੇ ਧਰਤੀ ਉਤੇ ਭੇਜਿਆ ਹੈ।

ਇੱਥੇ ਬੰਦੇ ਨੂੰ ਉਸਦੀ ਤਾਕਤ ਦਾ ਅਨੁਭਵ ਨਹੀਂ ਹੋਣ ਦਿੱਤਾ ਜਾਂਦਾ। ਜਿੰਨਾ ਚਿਰ ਬੰਦਾ ਯੱਕੜ ਸੁਣ ਕੇ ਮੂੰਹ ਮੱਥਾ ਨਾ ਟੇਕ ਲਵੇ, ਗੋਡੇ ਨੀਵੇਂ ਨਾ ਕਰ ਲਵੇ, ਉਸਨੂੰ ਹਾਜਤ ਤੱਕ ਨਹੀਂ ਆਉਂਦੀ। ਸਕੂਲ ਕਾਲਜ ਨੇ ਉਨੇ ਵਧੀਆ ਅਧਿਆਪਕ ਪੈਦਾ ਨਹੀਂ ਕੀਤੇ ਜਿੰਨੇ ਯੱਕੜਧਾਰੀ ਪੈਦਾ ਹੋ ਚੁੱਕੇ ਹਨ। ਜਿੰਨਾ ਵੱਡਾ ਕੋਈ ਮਹਾਂਮੂਰਖ, ਉੱਡਾ ਵੱਡਾ ਉਹ ਮਹਾਂਪੁਰਸ਼। ਜਿੱਡਾ ਵੱਡਾ ਅਜਿਹਾ ਮਹਾਂਪੁਰਸ਼ ਉਨਾ ਵੱਡਾ ਉਹ ਮਨੁੱਖਤਾ ਦਾ ਦੁਸ਼ਮਣ, ਜੋ ਬੰਦੇ ਅੰਦਰੋਂ ਉਸਦੇ ਸੋਚਣ ਸਮਝਣ ਦੀ ਸ਼ਕਤੀ ਦੀ ਵੀ 'ਰਾਮ ਸੱਤ' ਕਰ ਦਿੰਦਾ ਹੈ। ਪੂਰੇ ਦੇਸ਼ ਦੀ ਹਰ ਇਕ ਸ਼ਾਮ ਤੇ ਸਵੇਰ ਦੇਸ਼ ਦੇ ਕਰੋੜਾਂ ਯੱਕੜਧਾਰੀਆਂ ਦੇ ਹਵਾਲੇ ਹੁੰਦੀ ਹੈ ਜੋ ਆਦਮੀ ਨੂੰ ਉਸਦੀ ਸ਼ਕਤੀ ਤੋਂ ਬੇਸੁੱਧੇ ਕਰਨ ਦਾ ਧਰਮ ਨਿਭਾਉਂਦੇ ਹਨ ਅਤੇ ਉਹਨਾਂ ਲਈ ਨਰਕ ਦਾ ਪ੍ਰਬੰਧ ਕਰਦੇ ਹਨ। ਗਿਆਨ ਵਿਹੂਣੀ ਅੰਧੀ ਰੱਯੀਅਤ ਉਹਨਾਂ ਪੁਤਲਿਆਂ ਵਰਗੀ ਹੈ ਜਿਹਨਾਂ ਅੰਦਰ ਤੂਤੜ ਫੂਸੜ ਭਰਿਆ ਹੁੰਦਾ ਹੈ।

## ਗੀਤ

ਕੜਾ ਇਕ ਲੋਹੇ ਦਾ ਤੇ
ਨਾਲ਼ ਕਿਰਪਾਨ ਦੇਵੋ
ਮੈਨੂੰ ਮੇਰੇ ਵੀਰਿਉ ਵੇ ਦਾਜ।
ਮਾਸ ਨੋਚ ਸਕੇ ਨਾ ਵੇ
ਜਾਣ ਕੇ ਮਾਸੂਮ ਘੁੱਗੀ
ਵੱਢ ਖਾਣਾ ਚੰਦਰਾ ਸਮਾਜ।

ਸਾਹਾਂ ਦੀਆਂ ਕੁਹਣੀਆਂ
ਕੁਰੀਤੀਆਂ ਤੇ ਰੀਝਿਉ ਨਾ
ਰਸਮਾਂ ਦੀ ਚੁਗਿਉ ਨਾ ਚੋਗ।
ਨੀਤ ਦਿਆਂ ਭੁੱਖਿਆਂ ਨੇ
ਤ੍ਰਿਸ਼ਨਾ ਦੇ ਜਾਲ਼ ਲਾਕੇ
ਕਿਰਤੀ ਨੂੰ ਲਾਏ ਭੈੜੇ ਰੋਗ।
ਚੋਜ ਤੇ ਕਲੋਲ ਇਹ
ਵਿਹਲੇ ਪੂੰਜੀਪਤੀਆਂ ਦੇ
ਥੋੜੇ ਲਈ ਜਿਹੜੀ ਲੋਕ ਲਾਜ।
ਕੜਾ ਇਕ ਲੋਹੇ ਦਾ---

ਰੂਪ ਦੇ ਸ਼ਿਕਾਰੀ ਬਘਿਆੜ
ਏਥੇ ਕੰਜਕਾਂ ਦਾ
ਦਿਨ ਦੀਵੀਂ ਕਰਦੇ ਸਿਕਾਰ।
ਦਾਜ ਦਿਆ ਲੋਭੀਆਂ ਦਾ
ਢਿੱਡ ਜਾਣਾ ਭਰਿਆ ਨਹੀਂ
ਚੁੱਕ ਚੁੱਕ ਕਰਜ਼ੇ ਦਾ ਭਾਰ।
ਗਲ਼ਾਂ ਲਈ ਕੁਰੀਤੀਆਂ
ਬਣ ਗਈਆਂ ਤੰਦੀ
ਸੂਲ਼ੀ ਬਣੇ ਰਸਮੋ ਰਿਵਾਜ਼।
ਕੜਾ ਇਕ ਲੋਹੇ ਦਾ---

ਭੈਣ ਆਂ ਮੈਂ ਅੰਮੀਂ ਜਾਇਉ
ਹੱਥੀਂ ਕਿਵੇਂ ਬੰਨ੍ਹ ਦਿਆਂ
ਕਰਜ਼ੇ ਚ ਥੋਡਾ ਵਾਲ਼ ਵਾਲ਼।
ਰਲ਼ ਮਿਲ਼ ਹੱਲ ਕਰੋ
ਮੂੰਹ ਅੱਡੀ ਖੜ੍ਹਾ
ਗੁਰਬਤ ਭੁੱਖ ਦਾ ਸੁਆਲ।
ਗਹਿਣਿਆਂ ਲਈ ਗਹਿਣੇ
ਥੋਨੂੰ ਧਰ ਦਿਆਂ ਧਨਾਢਾਂ ਮੂਹਰੇ
ਚੰਗਾ ਭੈਣ ਭਾਈਆਂ ਦਾ ਲਿਹਾਜ਼।
ਕੜਾ ਇਕ ਲੋਹੇ ਦਾ---

ਧੀ ਸਾਹਿਬ ਕੌਰ ਦੀ ਆਂ,
ਗੁੜ੍ਹਤੀ ਲਈ ਭਾਗੋ ਮਾਂ ਤੋਂ,
ਨਹੀਉਂ ਟੂਮਾਂ ਛੱਲਿਆਂ ਦਾ ਚਾਅ।
ਬਰੋਬਰ ਖੜ੍ਹੂਗੀ ਲਾਕੇ
ਮੋਢੇ ਨਾਲ਼ ਮੋਢਾ ਵੀਰੋ
ਵਗ ਪਈ ਆਜ਼ਾਦੀਆਂ ਦੀ ਵਾਅ।
'ਲਾਲ' ਸੂਹੀ ਚੜ੍ਹਨੀ
ਸਵੇਰ, ਹੁਣ ਕਾਮਿਆਂ ਦੀ
ਹੋਊ ਨਵੇਂ ਜੁਗ ਦਾ ਆਗਾਜ਼।
ਕੜਾ ਇਕ ਲੋਹੇ ਦਾ------



ਲਾਲ ਸਿੰਘ ਸੁਲਹਾਣੀ
91-98721-55120

## ਸੱਜਣਾਂ ਦੇ ਸਿਰਨਾਵੇਂ

ਉਸ ਦਿਨ ਤੋਂ ਹੀ ਜੀਵਨ ਦੇ ਵਿਚ ਛਾਈ ਪਈ ਨਿਰਾਸ਼ਾ।
ਆਪਣੇ ਆਪ ਤੋਂ ਉੱਠ ਗਿਆ ਹੈ ਜਿਸ ਦਿਨ ਤੋਂ ਭਰਵਾਸਾ।

ਪਾ ਕੇ ਜੇਬ ਵਿਚ ਘੁੰਮਦੇ ਰਹੇ ਹਾਂ ਸੱਜਣਾਂ ਦੇ ਸਿਰਨਾਵੇਂ,
ਪਰ ਚਿੱਠੀ ਲਿਖਣੇ ਵਾਲੀ ਨਾ ਕਦੇ ਪੂਰੀ ਹੋਈ ਆਸਾ।

ਹੁਸਨ ਦੇ ਦਰਵਾਜਿਆਂ ਉਪਰ ਅਲਖ਼ ਜਗਾਈ ਇਸ਼ਕੇ ਨੇ,
ਮੁੜਦਾ ਰਿਹਾ ਹੈ ਬਿੰਨਾ ਖ਼ੈਰ ਤੋਂ ਅਕਸਰ ਸਾਡਾ ਕਾਸਾ।

ਸਾਡੇ ਹਿੱਸੇ ਦਾ ਸਾਵਣ ਤਾਂ ਸੁੱਕਾ ਹੀ ਲੰਘ ਜਾਵੇ,
ਪਏ ਹੰਢਾਉਣਾ ਦਿਲ ਸਾਡੇ ਨੂੰ ਵਿਛੋੜੇ ਦਾ ਚੁਮਾਸਾ।

ਖੇੜਿਆਂ ਦੇ ਘਰ ਖ਼ੁਸ਼ੀਆਂ ਨੱਚਣ ਸਾਡੇ ਰੋਣਾ ਧੋਣਾ,
ਹੱਥੀਂ ਆਪ ਲੁਟਾ ਲਿਆ ਰਾਂਝੇ ਬੁੱਲਾਂ ਉਪਰੋਂ ਹਾਸਾ।

ਕਿਵੇਂ ਤਰੇਂਗੀ ਗ਼ਮ ਦਾ ਸਾਗਰ ਤੂੰ ਨਿਮਾਣੀ ਜਿੰਦੇ,
ਖ਼ੁਰ ਜਾਵੇਂਗੀ ਖ਼ੁਰਦਾ ਜਿਵੇਂ ਪਾਣੀ ਵਿਚ ਪਤਾਸਾ।

ਵੱਡੇ ਵੱਡੇ ਹਸਪਤਾਲ ਵੀ ਭਰਦੇ ਨਹੀਂ ਹੁੰਗਾਰਾ,
ਜਦੋਂ ਬਿਮਾਰੀ ਕੋਈ ਕਰਕੇ ਰੱਖ ਦਿੰਦੀ ਇੱਕ ਪਾਸਾ।

ਫ਼ਸਲ ਫ਼ਿਕਰ ਦੀ ਨਿੱਤ ਉਗਾਵੇ 'ਚੋਹਲੇ' ਵਾਲਾ 'ਬੱਗਾ',
ਮੋਢੇ ਰੱਖ ਕੇ ਤੁਰਦਾ ਸੀ ਜੋ ਹਾਉਮੇ ਦਾ ਗੰਡਾਸਾ।

ਰਮੇਸ਼ ਬੱਗਾ ਚੋਹਲਾ
91-94631-32719

## ਗੀਤ

ਝੱਲਿਆ ਦਿਲਾ ਵੇ ਤੈਨੂੰ ਕਿੰਝ ਸਮਝਾਂਵਾ।
ਵਸ 'ਚ ਰਹੇ ਤੂੰ ਕਿਹੜੀ ਧੂਣੀ ਮੈਂ ਧੁਖਾਂਵਾ।
ਝੱਲਿਆ ਦਿਲਾ ਵੇ ...
ਹਵਾਵਾਂ ਪਿੱਛੇ ਭੱਜ-ਭੱਜ ਹੰਭ-ਹੁੱਟ ਜਾਣਾ,
ਖਾਲੀ ਹੱਥ ਤੱਕ ਵਿਚੋਂ-ਵਿਚ ਟੁੱਟ ਜਾਣਾ ,
ਫੜ ਬੈਠਾ ਅੜੀ ਜਿਹੜੀ ਕਿਵੇਂ ਪੁਗਾਂਵਾ।
ਝੱਲਿਆ ਦਿਲਾ ਵੇ ...
ਹਨੇਰਿਆਂ ਦੇ ਵਿਚੋਂ ਰਾਹਾਂ ਨਾ ਤਲਾਸ ਵੇ,
ਮਰ ਮੁੱਕ ਬੁਝਣੀ ਪਪੀਹੇ ਜਿਹੀ ਪਿਆਸ ਵੇ,
ਆ ਟੁੱਟ ਚੁੱਕੇ ਪੱਤਿਆਂ ਦਾ ਹਾਲ ਵਿਖਾਂਵਾ।
ਝੱਲਿਆ ਦਿਲਾ ਵੇ ...
ਫੁੱਲਾਂ ਦੇ ਬੁੱਲ੍ਹਾਂ ਦੀਆਂ ਕਿਹੜਾ ਆਹਾਂ ਸੁਣਦੈ,
ਪੱਲੇ ਨਹੀਓ ਪੈਣਾ ਕੁਝ ਜਿਹੜੇ ਜਾਲੇ ਬੁਣਦੈ,
ਅੱਗ ਵਿਚੋਂ ਦੱਸ ਕਿਵੇਂ ਸਾਹਾਂ ਨੂੰ ਬਚਾਂਵਾ।
ਝੱਲਿਆ ਦਿਲਾ ਵੇ ...
ਕਿੱਥੇ-ਕਿੱਥੇ ਤੇਰੇ ਲਈ ਅਲਖ਼ ਜਗਾਈ ਮੈਂ,
ਰਹਿਗੀ ਥੋੜ੍ਹੀ ਜੌੜੇ ਕਿੰਨੀ ਵਾਟ ਮੁਕਾਈ ਮੈਂ ,
ਬਹਿਜਾ ਮੈਨੂੰ ਬਹਿਣ ਦੇਵੇ ਬਾਕੀ ਦੀ ਨਿਭਾਂਵਾ।

– ਮਲਕੀਤ ਜੌੜਾ
91-98725-34278



## ਛੱਡ ਦਿੱਤਾ ਕਪਤਾਨ !

ਹਾਥੀ ਪੰਜਾ ਤੱਕੜੀ ਜੋ ਵੱਖੋ ਵੱਖ ਲੱਗਦੇ ਨੇ
ਕਮਲ ਦੇ ਹੱਥ ਜਾਪੇ ਸਭ ਦੀ 'ਕਮਾਨ' ਜੀ।
ਵਿੱਚੋ ਵਿੱਚੀਂ ਸਾਂਝ ਇਕ-ਦੂਜੇ ਨਾਲ ਗੂੜ੍ਹੀ ਪੱਕੀ
ਉੱਤੋਂ ਉੱਤੋਂ ਦਿੰਦੇ ਰਹਿੰਦੇ 'ਚੁੱਭਵੇਂ' ਬਿਆਨ ਜੀ।
ਛਿੰਦੋ ਚਲੇ ਜਾਂਦੀ ਤੇ ਗੁਲਾਬੋ ਕੋਈ ਆਣ ਬੈਠੇ
ਵੋਟਰ ਵਿਚਾਰੇ ਹੁੰਦੇ ਰਹਿਣ ਪਰੇਸ਼ਾਨ ਜੀ।
ਜਾਣਦੇ ਸਿਆਸਤਾਂ ਦੀ ਗੱਲ ਜੋ ਸਿਆਣੇ ਕਹਿੰਦੇ
ਮੁੱਕਿਆ ਨਾ ਜਾਣੋ ਹਾਲੇ ਪਊ 'ਘਮਸਾਨ' ਜੀ।
ਕੱਢਣੀ ਕਸਰ ਕਹਿੰਦੇ ਕੀਤੇ ਹੋਏ ਵਾਅਦਿਆਂ ਦੀ
ਬਾਈ ਵਿਚ ਲਾਉਣਾ ਚਾਹੁੰਦੇ ਜਿੱਤ ਦੇ ਨਿਸ਼ਾਨ ਜੀ।
ਸਾਢੇ ਚਾਰ ਸਾਲ ਗੇਮ 'ਕੱਠਿਆਂ ਨੇ ਖੇਡ੍ਹੀ ਰਲ਼
ਛੱਡ ਦਿੱਤਾ 'ਟੀਮ' ਨੇ ਪਹਿਲੋਂ ਈ ਕਪਤਾਨ ਜੀ!

–ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



# ਪੰਜਾਬੀ ਸ਼ਬਦ-ਜੋੜਾਂ ਦੇ ਮਿਆਰੀਕਰਨ ਦਾ ਮਸਲਾ



ਕੇਹਰ ਸ਼ਰੀਫ
+49 173 3546050

ਕਿਸੇ ਵੀ ਜ਼ੁਬਾਨ ਦੇ ਬਹੁ-ਪੱਖੀ ਵਿਕਾਸ ਵਾਸਤੇ ਵਿਧੀਵਤ ਵਿਗਿਆਨਕ ਤਰੀਕਿਆਂ ਦੀ ਲੋੜ ਪੈਂਦੀ ਹੈ। ਸਮੇਂ ਦੇ ਅੱਗੇ ਤੁਰਨ ਨਾਲ ਉਨ੍ਹਾਂ ਦੀ ਸੋਧ-ਸੁਧਾਈ ਵੀ ਜ਼ਰੂਰੀ ਹੁੰਦੀ ਰਹਿਣੀ ਚਾਹੀਦੀ ਹੈ। ਅੱਜ ਦਾ ਗਲੋਬਲੀ ਵਰਤਾਰਾ ਇਸ ਲੋੜ/ਮੰਗ ਨੂੰ ਹੋਰ ਵੀ ਡੂੰਘਾਈ ਨਾਲ ਵੇਖਦਾ/ਪਰਖਦਾ ਹੈ। ਇਸ ਕਾਰਜ ਵਾਸਤੇ ਜ਼ੁਬਾਨ/ਭਾਸ਼ਾ ਦੇ ਮਾਹਿਰਾਂ ਨੂੰ ਸਿਰ ਜੋੜ ਕੇ ਬੈਠਣਾ ਪੈਂਦਾ ਹੈ ਅਤੇ ਸਮੇਂ ਦੇ ਹਾਣ ਵਾਲੇ ਕਿਸੇ ਹਾਂਅ ਪੱਖੀ ਸਿੱਟੇ 'ਤੇ ਪਹੁੰਚਣ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ। ਇਸ ਵਾਸਤੇ ਸਿਰਫ ਭਾਸ਼ਾ ਮਾਹਿਰਾਂ ਨੂੰ ਹੀ ਨਹੀਂ ਸਗੋਂ ਇਤਿਹਾਸ, ਮਿਥਿਹਾਸ, ਸਾਹਿਤ ਅਤੇ ਸਾਰੇ ਸਾਹਿਤਕ ਵਰਤਾਰਿਆਂ ਦੇ ਜਾਣਕਾਰਾਂ, ਸਮਾਜ ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਦੀ ਲੋੜ ਪੈਂਦੀ ਹੈ, ਜੋ ਕਿਸੇ ਵੀ ਭਾਸ਼ਾ ਦੇ ਅੱਗੇ ਵਧਣ ਵਾਸਤੇ ਵਿਕਾਸ ਦੀਆਂ ਸੰਭਾਵਨਾਵਾਂ ਢੂੰਡ ਸਕਣ। ਉਨ੍ਹਾਂ ਦੀ ਸਹੀ ਨਿਸ਼ਾਨਦਹੀ ਕਰਕੇ ਫੇਰ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦੇ ਭਵਿੱਖ ਮੁਖੀ ਢੰਗ ਤਰੀਕੇ ਦੱਸ ਸਕਣ ਵਾਲੀ ਸਰਗਰਮੀ ਵਿਚ ਸ਼ਾਮਲ ਹੋ ਸਕਣ। ਪੇਂਡੂ ਰਹਿਤਲ ਵਾਲੇ ਲੋਕ ਸੱਭਿਆਚਾਰ ਦੇ ਜਾਣਕਾਰ/ ਪਾਰਖੂ ਇਨ੍ਹਾਂ ਦੇ ਵੱਡੇ ਸਹਾਇਕ ਹੋ ਸਕਦੇ ਹਨ। ਇਸ ਕਾਰਜ ਵਿਚ ਉਨ੍ਹਾਂ ਦੀ ਭਾਈਵਾਲੀ ਵੀ ਜਰੂਰੀ ਹੋਣੀ ਚਾਹੀਦੀ ਹੈ। ਆਰਥਿਕਤਾ ਤੇ ਸਾਇੰਸ ਨਾਲ ਸਬੰਧਤ ਵਿਸ਼ਿਆਂ ਦੇ ਮਾਹਿਰਾਂ ਦੀ ਮੱਦਦ ਲਈ ਜਾਣੀ ਵੀ ਬਹੁਤ ਹੀ ਜ਼ਰੂਰੀ ਹੈ ਤਾਂ ਕਿ ਤਕਨੀਕੀ ਸ਼ਬਦਾਂ ਨੂੰ ਵੀ ਸਮੇਂ ਅਨੁਸਾਰ ਢਾਲ਼ਿਆ ਜਾ ਸਕੇ। ਜਿਨ੍ਹਾਂ ਦੀ ਘਾਟ ਇਸ ਸਮੇਂ ਕਾਫੀ ਰੜਕਦੀ ਹੈ, ਹੋਰ ਜਤਨ ਹੋਣੇ ਜ਼ਰੂਰੀ ਹਨ।

ਸੋਧ-ਸੁਧਾਈ ਦਾ ਪਹਿਲਾ ਕਦਮ ਉਸ ਭਾਸ਼ਾ ਦੇ ਸ਼ਬਦ-ਜੋੜ ਅਤੇ ਵਿਆਕਰਨ ਵਿਚ ਲੋੜ ਅਤੇ ਸਮੇਂ ਅਨੁਸਾਰ ਤਬਦੀਲੀ ਹੁੰਦੀ ਹੈ। ਪੰਜਾਬੀ ਵੀ ਅਜਿਹੀ ਭਾਸ਼ਾ ਹੈ ਜਿਸ ਨੂੰ ਲਿਖਣ ਵਾਲੇ ਸਾਧਾਰਨ ਮਨੁੱਖ ਹੀ ਨਹੀਂ ਸਗੋਂ ਅਕਾਦਮਿਕ ਖੇਤਰ ਵਿਚਲੇ ਅਧਿਆਪਕ, ਵਿਦਵਾਨ/ਲੇਖਕ, ਪੱਤਰਕਾਰ ਤੇ ਲੋਕ ਇਕ ਮੁੱਠ ਤੇ ਇਕ ਜੁਟ ਨਹੀਂ। ਮਿਸਾਲ ਵਜੋਂ ਪੰਜਾਬੀ ਦੇ ਸ਼ਬਦ-ਜੋੜ ਦੇਖੇ ਜਾ ਸਕਦੇ ਹਨ। ਕਿਧਰੇ ਵੀ ਨਹੀਂ ਦਿਸਦਾ ਕਿ 'ਜਿਵੇਂ ਬੋਲੋ ਤਿਵੇਂ ਲਿਖੋ' ਦਾ ਫਾਰਮੂਲਾ ਲਾਗੂ ਹੋਵੇ। ਕੀ ਇਸ ਬਾਰੇ ਸਾਰੇ ਵਿਦਵਾਨ ਜਾਂ ਲੋਕ ਸਾਰੇ ਸਹਿਮਤ ਵੀ ਹਨ? ਕੀ ਇਹ ਢੰਗ ਕਾਰਗਰ ਵੀ ਹੈ? ਇਸਦੇ ਪ੍ਰਚਾਰਕ ਤਾਂ ਹਨ ਪਰ ਅਮਲ ਬਹੁਤਾ ਨਹੀਂ। ਕਿਉਂ ਨਹੀਂ? ਇਸ ਦਾ ਜਵਾਬ ਤਾਂ ਭਾਸ਼ਾ ਦੇ ਮਾਹਰ ਹੀ ਦੇ ਸਕਦੇ ਹਨ ਅਤੇ ਉਨ੍ਹਾ ਨੂੰ ਦੇਣਾ ਵੀ ਚਾਹੀਦਾ ਹੈ। ਹਰ ਕੋਈ ਆਪਣੀ ਮਰਜ਼ੀ ਨਾਲ ਹੀ ਲਿਖੀ ਜਾ ਰਿਹਾ ਹੈ। ਅਕਾਦਮਿਕ ਖੇਤਰ ਵਿਚ ਇਹ ਵਰਤਾਰਾ ਪੰਜਾਬੀ ਦਾ ਬਹੁਤ ਵੱਡਾ ਨੁਕਸਾਨ ਜਾਂ ਕਹੋ ਸੱਤਿਆਨਾਸ ਕਰ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਹੀ ਪੰਜਾਬੀ ਦੀ ਬੁਨਿਆਦ ਵਿਚਲਾ ਘੁਣ ਸਾਬਤ ਹੋਵੇਗਾ। ਪੰਜਾਬੀ&; ਮੀਡੀਏ ਅਤੇ ਪੱਤਰਕਾਰੀ ਵਿਚ ਤਾਂ ਇਸਦਾ ਹਾਲ ਹੋਰ ਵੀ ਮਾੜਾ ਹੈ। ਰੋਜ਼ਾਨਾ ਪੰਜਾਬੀ ਅਖ਼ਬਾਰ, ਸਾਹਿਤਕ ਮੈਗਜ਼ੀਨ, ਰਸਾਲੇ ਪੜ੍ਹ ਲਏ ਜਾਣ ਤਾਂ ਇਹ ਵਰਤਾਰਾ ਨਜ਼ਰੀਂ ਪਵੇਗਾ। ਪੰਜਾਬੀ ਦੀਆਂ ਰੋਜ਼ਾਨਾ ਅਖ਼ਬਾਰਾਂ ਦੀਆਂ ਸੰਪਾਦਕੀਆਂ ਵਿਚ ਹੀ ਇਕੋ ਸ਼ਬਦ ਨੂੰ ਦੋ-ਤਿੰਨ ਤਰ੍ਹਾਂ ਲਿਖਿਆ ਦੇਖਿਆ ਜਾ ਸਕਦਾ ਹੈ। ਇਲੈਕਟ੍ਰਾਨਿਕ ਮੀਡੀਏ 'ਤੇ ਵੀ ਲੋਕ ਇਸ ਕੋਝ੍ਹ ਦੇ ਨਿੱਤ 'ਦਰਸ਼ਣ' ਹੁੰਦੇ ਹਨ। ਵਿਆਕਰਨ ਵਿਚ ਵੀ ਇਹੋ ਜਹੀਆਂ ਸ਼ਰਾਰਤਾਂ ਹੋ ਰਹੀਆਂ ਹਨ। ਟੀ. ਵੀ ਦੇ ਪੇਸ਼ਕਾਰ (ਐਂਕਰ) ਤਾਂ ਮਾਨਸਿਕ ਰੋਗਾਂ ਦੇ ਮਰੀਜ਼ ਜਾਪਦੇ ਹਨ। ਜਿਹੋ ਜਹੀ ਵਿਦਿਆ ਲੈ ਕੇ ਆਏ ਹਨ ਉਹੋ ਜਹੀ ਰਲੀ ਮਿਲੀ (ਹਿੰਜਾਬੀ - ਹਿੰਦੀ+ਪੰਜਾਬੀ ਜਾਂ ਫੇਰ "ਪੰਗਰੇਜ਼ੀ'', ਪੰਜਾਬੀ+ਅੰਗਰੇਜ਼ੀ ਦਾ "ਖੂਬਸੂਰਤ'' ਚਰਬਾ ਬੇਸ਼ਰਮੀ ਭਰੇ "ਮਾਣ'' ਨਾਲ ਪੇਸ਼ ਕਰਦੇ ਹਨ। ਕੋਣ ਕਹੇ ਰਾਣੀਏਂ ਅੱਗਾ ਢਕ।

ਭਲਾਂ ਅਜਿਹਾ ਕਿਉਂ ਹੋ ਰਿਹਾ ਹੈ? ਕਿਉਂਕਿ ਪੰਜਾਬੀ ਸ਼ਬਦ-ਜੋੜਾਂ ਦਾ ਵਿਗਿਆਨਕ ਅਧਾਰ ਵਾਲਾ ਸਰਵ ਪ੍ਰਵਾਨਤ ਮਿਆਰ ਅਜੇ ਤੱਕ ਕਾਇਮ ਨਹੀਂ ਕੀਤਾ ਗਿਆ। ਵਿਕਸਤ ਭਾਸ਼ਾਵਾਂ ਵਾਲੇ ਖਾਸ ਕਰਕੇ ਉਨ੍ਹਾਂ ਦੇ ਵਿਦਵਾਨ ਇਕੱਠੇ ਹੋ ਕੇ ਅਜਿਹੇ ਮਸਲੇ ਨਜਿੱਠਦੇ ਹਨ। ਹਰ ਜ਼ੁਬਾਨ ਦੇ ਲੇਖਕ ਇਸ ਵਿਚ ਬਹੁਤ ਸਹਾਈ ਹੁੰਦੇ ਹਨ। ਦਰਅਸਲ ਪੰਜਾਬੀ ਵਿਚ ਅਜਿਹੇ ਮਸਲਿਆਂ ਪ੍ਰਤੀ ਹਮੇਸ਼ਾ ਹੀ ਸੁਹਿਰਦਤਾ ਦੀ ਘਾਟ ਰਹੀ ਹੈ। ਪੰਜਾਬੀ ਦੇ ਇਸ ਖੇਤਰ ਵਿਚ ਜਿਹੜੇ ਅਜਿਹੇ ਜਤਨ ਹੁੰਦੇ ਵੀ ਹਨ ਉਹ ਵਿੰਗੇ-ਟੇਢੇ ਕਿਸੇ ਦੀ ਹਉਮੈ ਦੇ ਸ਼ਿਕਾਰ ਹੋ ਜਾਂਦੇ ਹਨ। ਕੋਈ ਉੱਚੇ ਅਹੁਦੇ ਵਾਲਾ ਕਿਸੇ ਬਹਾਨੇ ਵਿਦਵਾਨ ਜਾਂ ਵਿਦਵਾਨਾਂ ਵਲੋਂ ਕੀਤੇ ਅਜਿਹੇ ਕਿਸੇ ਸਾਂਝੇ, ਮੁੱਲਵਾਨ ਕਾਰਜ ਨੂੰ ਨਕਾਰ ਦਿੰਦਾ ਹੈ। ਰੌਲ਼ਾ 'ਵਿਦਵਤਾ' ਅਤੇ ਵੱਡੇ ਅਹੁਦੇ ਦੇ ਵਿਚਾਲੇ ਫਸ ਕੇ ਰਹਿ ਜਾਂਦਾ ਹੈ। ਵਿਚ-ਵਿਚਾਲੇ ਰੁਲਣ ਜੋਗੀ ਰਹਿ ਜਾਂਦੀ ਹੈ - ਪੰਜਾਬੀ। ਹੁਣ ਤੱਕ ਤਾਂ ਅਜਿਹਾ ਹੀ ਹੋਇਆ ਸੁਣਨ ਵਿਚ ਆਉਂਦਾ ਹੈ। ਕਈ ਸਾਲ ਪਹਿਲਾਂ ਵਿਆਕਰਨ ਦੇ ਮਾਹਰ ਡਾ. ਹਰਕੀਰਤ ਸਿੰਘ ਹੋਰਾਂ ਨਾਲ ਮੈਂ ਲੰਬੀ ਗੱਲਬਾਤ ਕੀਤੀ ਸੀ, ਉਨ੍ਹਾਂ ਨੇ ਬਹੁਤ ਉਦਾਸ ਸੁਰ ਵਿਚ ਅਜਿਹੀਆਂ ਹੀ ਗੱਲਾਂ ਕੀਤੀਆਂ ਸਨ, ਉਨ੍ਹਾਂ ਵਲੋਂ ਕਈ ਸਾਲ ਲਾ ਕੇ ਕੀਤੇ ਕਾਰਜ ਨੂੰ ਕਿਸੇ ਵੱਡੇ "ਵਿਦਵਾਨ" ਵਲੋਂ ਨਕਾਰ ਦਿੱਤਾ ਗਿਆ ਸੀ - ਕਿਉਂਕਿ ਰੱਦ ਕਰਨ ਵਾਲਾ ਕਿਸੇ ਉੱਚੀ ਕੁਰਸੀ 'ਤੇ ਬੈਠਾ ਸੀ।

ਭਾਸ਼ਾ ਵਿਭਾਗ ਪੰਜਾਬ, ਪੰਜਾਬ ਦੀਆਂ ਯੂਨੀਵਰਸਿਟੀਆਂ, ਪੰਜਾਬੀ ਵਿਕਾਸ ਵਿਭਾਗ ਅਤੇ ਪੰਜਾਬੀ ਦੇ ਵਿਕਾਸ/ਭਲੇ ਵਾਸਤੇ ਕੰਮ ਕਰ ਰਹੀਆਂ ਹੋਰ ਸੰਸਥਾਵਾਂ ਅਜੇ ਤੱਕ ਇਸ ਗੰਭੀਰ ਮਸਲੇ ਪ੍ਰਤੀ ਉਦਾਸੀਨਤਾ ਭਰੀ ਪਹੁੰਚ ਦੀਆਂ ਮਰੀਜ਼ ਹੀ ਚਲੀਆਂ ਆ ਰਹੀਆਂ ਹਨ। ਪੰਜਾਬੀ ਵਿਚ ਸ਼ੋਕ ਦੇ ਭਾਅ "ਡਾਕਟਰੀਆਂ" ਕਰਨ ਵਾਲੇ ਇਸ ਪਾਸੇ ਦੀ ਖੋਜ ਵਲ ਮੂੰਹ ਹੀ ਨਹੀਂ ਕਰਦੇ। ਉਹ ਸਿਰਫ ਅੱਕੀਂ ਪਲਾਹੀਂ ਸੋਟੇ ਮਾਰਦੇ ਹਨ। ਕਿਸੇ 'ਗਾਈਡ'(?) ਦੀ ਮੱਦਦ/ਕਿਰਪਾ ਦੇ ਆਸਰੇ ਬਹੁਤ ਸਾਰੇ ਕਿਸੇ ਨਿਗੂਣੇ ਜਹੇ 'ਵਿਸ਼ੇ' 'ਤੇ ਆਪਣਾ "ਥੀਸਜ਼" ਪਾਸ ਕਰਵਾਉਣ ਦਾ 'ਗੇੜ' (ਉਹ ਇਸਨੂ ਹੀ ਚੁਰਾਸੀ ਦਾ ਗੇੜ ਸਮਝੀ ਜਾਂਦੇ ਹਨ) ਪੂਰਾ ਕਰਦੇ ਹਨ। ਅਜਿਹੇ "ਵਿਦਵਾਨ ਡਾਕਟਰਾਂ" ਦਾ ਮਕਸਦ ਨੌਕਰੀ ਦੀ ਸ਼ਰਤ ਪੂਰੀ ਕਰਕੇ 'ਨੌਕਰੀ' ਦੀ ਪ੍ਰਾਪਤੀ ਤੋਂ ਵੱਧ ਹੋਰ ਕੁੱਝ ਵੀ ਨਹੀਂ। ਖੋਜ ਤਾਂ ਬਿਲਕੁੱਲ ਨਹੀਂ। (ਇਹ ਆਪਣੀ ਨੌਕਰੀ ਦਾ ਗੇੜ ਪੂਰਾ ਕਰਨ ਵਾਸਤੇ ਪੰਜਾਬੀ ਦਾ ਬੇੜਾ ਗਰਕ ਕਿਉਂ ਕਰੀ ਜਾਂਦੇ ਹਨ?) ਮਸਲਾ ਵਾੜ ਵਿਚ ਫਸੇ ਬਿੱਲੇ ਵਰਗਾ ਹੈ। ਇੱਥੇ ਪੰਜਾਬੀ ਅਖਬਾਰ ਦੇ ਇਕ ਵੱਡੇ ਸੰਪਾਦਕ ਦੀ ਇਹ ਗੱਲ ਯਾਦ ਆ ਰਹੀ ਹੈ ਕਿ ਸਾਡੇ ਵੱਡੇ ਵਿਦਵਾਨਾਂ ਅਤੇ ਲੇਖਕਾਂ ਵਿਚੋਂ ਬਹੁਗਿਣਤੀ ਪੰਜਾਬੀ ਵੀ ਗਲਤ ਹੀ ਲਿਖੀ ਜਾ ਰਹੇ ਹਨ। ਸ਼ਬਦ-ਜੋੜਾਂ ਦਾ ਹਾਲ ਹੋਰ ਵੀ ਮਾੜਾ ਹੈ। ਉਨ੍ਹਾਂ ਨੂੰ ਛਾਪਣ ਵਾਲੇ ਇਸ ਕਰਕੇ ਛਾਪੀ ਜਾ ਰਹੇ ਹਨ ਕਿ ਵੱਡਾ ਲੇਖਕ ਜਾਂ ਵੱਡੀ ਕੁਰਸੀ ਵਿਚ ਫਸਿਆ, ਵੱਡੇ ਅਹੁਦੇ 'ਤੇ ਬੈਠਾ ਲੇਖਕ 'ਵਿਦਵਾਨ' ਕਹਾਉਂਦਾ ਹੈ। ਲਿਖਣ ਵੇਲੇ ਗੱਲ ਬਿੰਦੀ, ਟਿੱਪੀ, ਅੱਧਕ ਜਾਂ ਸਿਹਾਰੀ/ਬਿਹਾਰੀ ਦੀ ਹੀ ਨਹੀਂ ਸਗੋਂ ਪੈਰ 'ਚ ਪਾਏ ਜਾਣ ਵਾਲੇ ਅੱਧੇ ਅੱਖਰਾਂ ਦੀ ਵੀ ਹੈ। ਇਸ ਪਾਸੇ ਹਿੰਦੀ ਦੀ ਰੀਸੇ ਪੰਜਾਬੀ ਵਿਚ ਵਿਗਾੜ ਪੈਦਾ ਕੀਤੇ ਜਾ ਰਹੇ ਹਨ। ਕਈ ਸ਼ਬਦ ਹਨ ਜੋ ਤਿੰਨ ਤਰ੍ਹਾਂ ਲਿਖੇ ਜਾ ਰਹੇ ਹਨ, ਦੋ ਤਰ੍ਹਾਂ ਲਿਖੇ ਜਾਣ ਵਾਲੇ ਤਾਂ ਬਹੁਤ ਸਾਰੇ ਹਨ। ਵੱਖੋ-ਵੱਖ ਥਾਵਾਂ ਤੋਂ ਇਕੱਠੇ ਕੀਤੇ ਕੁੱਝ ਸ਼ਬਦ ਹੇਠਾਂ ਦਿੱਤੇ ਜਾ ਰਹੇ ਹਨ, ਜੋ ਅਸੀਂ ਹਰ-ਰੋਜ਼ ਹੀ ਕਿਧਰੇ ਨਾ ਕਿਧਰੇ ਪੜ੍ਹਦੇ ਹਾਂ, ਹੁਣ ਸੋਚੀਏ ਕਿ ਸਾਡੀ ਭਾਸ਼ਾ ਦੇ ਸ਼ਬਦਜੋੜਾਂ ਨਾਲ ਹੋ ਕੀ ਰਿਹਾ ਹੈ , ਗਲਤ ਜਾਂ ਠੀਕ ਦਾ ਫੈਸਲਾ ਕੌਣ ਕਰੇ ?

ਤਿੰਨ ਤਰ੍ਹਾਂ ਲਿਖੇ ਜਾਣ ਵਾਲੇ ਕੁੱਝ ਸ਼ਬਦ :-

ਉਨ੍ਹਾਂ ਉਹਨਾਂ ਓਹਨਾਂ
ਪ੍ਰੀਵਾਰ ਪਰਵਾਰ ਪਰਿਵਾਰ
ਦੁਪਿਹਰ ਦੁਪੈਹਰ ਦੁਪਹਿਰ
ਪ੍ਰਕ੍ਰਿਆ ਪ੍ਰਕਿਰਿਆ ਪਰਕਿਰਿਆ
ਦੋਵੇਂ ਦੋਹਵੇਂ ਦੋਵ੍ਹੇਂ
ਮਾਸੂਮ ਮਸੂਮ ਮਾਸੂੰਮ
ਜੁੰਮੇਵਾਰ ਜਿੰਮੇਵਾਰ ਜਿੰਮੇਦਾਰ
ਮਾਅਨੇ ਮਾਇਨੇ ਮਹਿਨੇ
ਔੜ੍ਹਨਾਂ ਔਹੜਨਾ ਅਹੁੜਨਾ
ਇਮਾਨਦਾਰੀ ਈਮਾਨਦਾਰੀ ਅਮਾਨਦਾਰੀ

ਬਹੁਤ ਸਾਰੇ ਸ਼ਬਦਾਂ ਵਿਚ ਔਂਕੜ, ਦੁਲੈਂਕੜ ਦਾ ਨਿਖੇੜ ਨਹੀਂ ਕੀਤਾ ਜਾਂਦਾ ਜਾਂ ਫੇਰ ਬਿਹਾਰੀ, ਸਿਹਾਰੀ ਦੀ ਗੈਰ ਜ਼ਰੂਰੀ ਤੇ ਬੇਲੋੜੀ ਵਰਤੋਂ ਕੀਤੀ ਜਾਂਦੀ ਹੈ। ਹੋੜੇ ਤੇ ਕਨੌੜੇ ਨਾਲ ਵੀ ਇੰਝ ਹੀ ਬੀਤਦੀ ਹੈ। ਇਹ ਆਮ ਕਰਕੇ ਇਲੈਕਟ੍ਰਾਨਕ ਮੀਡੀਏ ਵਿਚ ਦੇਖਿਆਂ/ਸੁਣਿਆ ਤੇ ਪੜ੍ਹਿਆ ਜਾ ਸਕਦਾ ਹੈ, ਜਿਵੇਂ :-

ਚੌਧਰੀ ਨੂੰ ਚੋਧਰੀ
ਚੌਲ਼ਾਂ ਨੂੰ ਚੋਲਾਂ
ਚੌਦਾਂ ਨੂੰ ਚੋਦਾਂ
ਦੌੜਾਂ ਨੂੰ ਦੋੜਾਂ (ਕ੍ਰਿਕਟ ਬਾਰੇ ਦੱਸਦਿਆਂ ਆਮ ਕਰਕੇ)
ਣ ਤੇ ਨ ਦਾ ਵੀ ਇਹ ਹੀ ਹਾਲ ਕੀਤਾ ਜਾਂਦਾ ਹੈ

ਪਾਣੀ ਨੂੰ ਪਾਨੀ ਤਾਂ ਬਹੁਤ ਸਾਰੇ ਬੋਲਦੇ ਸੁਣੇ (ਹਿੰਦੀ ਦੇ ਪ੍ਰਭਾਵ ਕਰਕੇ) ਜਾ ਸਕਦੇ ਹਨ ਤੇ ਕਈ ਲਿਖਦੇ ਵੀ ਹਨ, ਇਸ ਵਿਚ ਕਈ ਗਾਇਕ ਵੀ ਸ਼ਾਮਲ ਹਨ, ਉਨ੍ਹਾਂ ਦਾ ਬਹਾਨਾ ਅਖੇ ਜੀ ਇਹ "ਰਿਦਮ" ਅਨੁਸਾਰ ਹੈ।

ਦੋ ਤਰ੍ਹਾਂ ਲਿਖੇ ਜਾਣ ਵਾਲੇ ਕੁੱਝ ਸ਼ਬਦ ਇਸ ਤਰ੍ਹਾਂ ਹਨ :-

ਗੁੰਗਾ ਗੂੰਗਾ
ਭਾਵਕਤਾ ਭਾਵੁਕਤਾ
ਸਮਾਜਕ ਸਮਾਜਿਕ
ਆਰਥਕ ਆਰਥਿਕ
ਨਾਜ਼ਕਤਾ ਨਾਜ਼ੁਕਤਾ
ਇੰਨੀਆਂ ਏਨੀਆਂ
ਸਿਰਜਣਾਤਮਕ ਸਿਰਜਣਾਤਮਿਕ
ਖੋਲ੍ਹਣਾਂ ਖੋਹਲਣਾਂ
ਸ਼ਨਾਖ਼ਤ ਸਨਾਖ਼ਤ
ਇਖ਼ਲਾਕ ਅਖ਼ਲਾਕ / ਅਖਲਾਕ
ਨਤਾਣਾ ਨਿਤਾਣਾ
ਕਠਨ ਕਠਿਨ
ਸੁਹਣੀ ਸੋਹਣੀ
ਬ੍ਰਿਹਾ ਬਿਰਹਾ
ਨਸੀਅਤ ਨਸੀਹਤ
ਸੱਭਿਆਚਾਰ ਸਭਿਆਚਾਰ
ਵਿਹਾਰ ਵਿਵਹਾਰ
ਸੁਗੰਧਤ ਸੁਗੰਧਿਤ
ਪ੍ਰਵਾਸੀ ਪਰਵਾਸੀ
ਆਲੋਚਨਾ ਅਲੋਚਨਾ
ਪ੍ਰਸੰਗਕਤਾ ਪ੍ਰਸੰਗਿਕਤਾ
ਖਾਹਸ਼ ਖਾਹਿਸ਼
ਮੁਸ਼ਕਲ ਮੁਸ਼ਕਿਲ
ਪ੍ਰਤੀਕ੍ਰਮ ਪ੍ਰਤੀਕਰਮ
ਪ੍ਰਭਾਵਤ ਪ੍ਰਭਾਵਿਤ
ਉਲਾਦ ਔਲਾਦ
ਪ੍ਰਦੂਸ਼ਤ ਪ੍ਰਦੂਸ਼ਿਤ
ਜਤਨ ਯਤਨ
ਖਾਤਰ ਖਾਤਿਰ
ਜੋਤਸ਼ੀ ਜੋਤਿਸ਼ੀ
ਜੀਊਣ ਜਿਉਣ
ਵਪਾਰ ਵਿਉਪਾਰ
ਚੁਣੌਤੀ ਚਣੌਤੀ
ਵਾਲ਼ ਵਾਲ
ਡੂੰਘਾਈ ਡੂੰਘਿਆਈ
ਕਿੰਜ ਕਿੰਝ
ਲਾਅਨਤ ਲਾਹਣਤ
ਅੰਗਰੇਜ਼ੀ ਅਗ੍ਰੇਜ਼ੀ
ਪ੍ਰੇਰਤ ਪ੍ਰੇਰਿਤ
ਅਹਿਸਾਸ ਇਹਸਾਸ
ਵਿਆਕਰਨ ਵਿਆਕਰਣ

ਉੱਪਰ ਲਿਖੇ ਕੁੱਝ ਸ਼ਬਦ ਸਿਰਫ ਉਦਾਹਰਣ ਵਜੋਂ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਦੀ ਸਹੀ ਪਹਿਚਾਣ/ਮਿਆਰੀਕਰਨ ਦਾ ਮਸਲਾ ਬਾਕੀ ਹੈ। ਹੁਣ ਫੈਸਲਾ ਇਹ ਕਰਨਾ ਚਾਹੀਦਾ ਹੈ ਕਿ ਠੀਕ ਸ਼ਬਦ-ਜੋੜ ਕਿਹੜੇ ਹਨ ਅਤੇ ਕਿਹੜੇ ਗਲਤ ਹਨ। ਠੀਕ ਗਲਤ ਦਾ ਦਲੀਲ ਵਾਲਾ ਤਰਕ ਪੂਰਨ ਅਧਾਰ ਵੀ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਜਿਹੜੇ ਠੀਕ ਹੋਣ ਉਨ੍ਹਾਂ ਨੂੰ ਹੀ ਵਰਤੋਂ ਵਿਚ ਲਿਆਇਆ ਜਾਣਾ ਚਾਹੀਦਾ ਹੈ। ਹਿੰਦੀ-ਸੰਸਕ੍ਰਿਤ ਵਲੋਂ ਪ੍ਰੇਰਤ ਅੱਧੇ ਅੱਖਰਾਂ ਦੀ ਤੇ ਸਿਹਾਰੀ/ਬਿਹਾਰੀ ਅਤੇ ਅਧਕ /ਬਿੰਦੀ ਦੀ ਵੱਧ (ਕਈ ਵਾਰ ਬੇਲੋੜੀ) ਵਰਤੋਂ ਕਰਦੇ ਦੇਖੇ ਜਾ ਸਕਦੇ ਹਨ। ਉਰਦੂ ਦੇ ਜਾਣਕਾਰ ਜ ਦੀ ਥਾਂ ਯ ਦੀ ਵੱਧ ਵਰਤੋਂ ਕਰਦੇ ਹਨ। ਪੰਜਾਬੀ ਲਿਖਦਿਆਂ ਙ ਤੇ ਞ ਦੀ ਵਰਤੋਂ ਦੀ ਘੱਟ ਕਰਕੇ ਹੌਲ਼ੀ ਹੌਲ਼ੀ ਇਨ੍ਹਾਂ ਨੂੰ ਵਿਸਾਰਿਆ ਤੇ ਭੁਲਾਇਆ ਜਾ ਰਿਹਾ ਹੈ। ਹਾਲਾਂਕਿ ਇਨ੍ਹਾਂ ਦੋਹਾਂ ਅੱਖਰਾਂ ਦੀ ਧੁਨੀ ਹੋਰ ਕਿਸੇ ਵੀ ਅੱਖਰ ਨਾਲ ਪੈਦਾ ਨਹੀਂ ਕੀਤੀ ਜਾ ਸਕਦੀ। ਜ਼ (ਲੋੜ ਦੇ ਹੁੰਦੇ ਹੋਏ ਵੀ ਜੱਜੇ ਪੈਰ ਬਿੰਦੀ ਲਾਉਣ ਨੂੰ ਕਸ਼ਟ ਹੀ ਸਮਝਿਆ ਜਾਂਦਾ ਹੈ) ਇਸੇ ਤਰ੍ਹਾਂ ਲ ਤੇ ਲ਼ (ਲੱਲੇ ਪੈਰ ਬਿੰਦੀ) ਦਾ ਫਰਕ ਜਾਂ ਨਿਖੇੜ ਨਹੀਂ ਕੀਤਾ ਜਾਂਦਾ। ਲੋੜ ਅਨੁਸਾਰ ਲੱਲੇ ਦੇ ਪੈਰ ਬਿੰਦੀ ਨਾ ਲਾਉਣ ਨਾਲ ਸ਼ਬਦ ਦੀ ਧੁਨੀ ਵਿਗੜਦੀ ਹੈ (ਯਾਦ ਰਹੇ ਬਹੁਤ ਦੇਰ ਬਾਅਦ ਪੰਜਾਬੀ ਦੇ ਸੁਹਿਰਦ ਪੁੱਤਰ ਤੇ ਵੱਡੀ ਸੂਝ ਦੇ ਮਾਲਕ ਸੋਹਣ ਸਿੰਘ ਜੋਸ਼ ਨੇ ਇਸ ਦੇ ਮਹੱਤਵ ਨੂੰ ਸਮਝਦਿਆਂ ਲੱਲੇ ਦੇ ਪੈਰ ਬਿੰਦੀ ਲਾਈ ਸੀ)।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤਾਂ ਪੰਜਾਬੀ ਦੇ ਵਿਕਾਸ ਵਾਸਤੇ ਹੀ ਕਾਇਮ ਕੀਤੀ ਗਈ ਸੀ, ਪੰਜਾਬੀ ਦੀ ਹਾਲਤ ਦੇਖਕੇ ਤਾਂ ਨਹੀਂ ਲਗਦਾ ਕਿ ਇਸ ਯੂਨੀਵਰਸਿਟੀ ਨੇ ਆਪਣਾ ਫ਼ਰਜ਼ ਪੂਰਾ ਕੀਤਾ ਹੋਵੇ, ਕਾਰਨ ਕੋਈ ਵੀ ਹੋਣ ਨੁਕਸਾਨ ਤਾਂ ਪੰਜਾਬੀ ਦਾ ਹੋ ਰਿਹਾ ਹੈ, ਸਵਾਲ ਤਾਂ ਇਹੀ ਹੈ ਨਾ ਕਿ ਪੰਜਾਬੀ ਦਾ ਬਾਲੀਵਾਰਸ ਹੈ ਕੌਣ?

ਇਸ ਮਸਲੇ ਨੂੰ ਪੰਜਾਬੀਅਤ ਦੇ ਅੱਜ ਵਾਲੇ ਸੰਦਰਭ ਵਿਚ ਗਲੋਬਲੀ ਵਰਤਾਰਿਆਂ ਨੂੰ ਧਿਆਨ ਵਿਚ ਰੱਖ ਕੇ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ, ਕਿਉਂਕਿ ਮਸਲਾ ਕਾਫੀ ਗੰਭੀਰ ਹੈ। ਪੰਜਾਬੀ ਨੂੰ ਪਿਆਰ ਕਰਨ ਵਾਲੇ ਸੂਝ-ਸਮਝ ਰੱਖਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਪੰਜਾਬੀ ਦਾ ਮੂੰਹ-ਮੱਥਾ ਸਮੇਂ ਦੇ ਹਾਣ ਦਾ ਕਰਨ ਵਾਸਤੇ ਮੈਦਾਨੇ ਨਿੱਤਰਨ। ਆਪੋ-ਆਪਣੇ ਸੁਝਾਅ ਪੇਸ਼ ਕਰਨ। ਵਿਦਵਾਨ ਲੋਕ ਅਜਿਹੇ ਸੁਝਾਵਾਂ ਦੇ ਆਸਰੇ ਕੋਈ ਠੋਸ ਅਧਾਰ ਤਿਆਰ ਕਰਨ। ਸ਼ਬਦ-ਜੋੜਾਂ ਦਾ ਮਿਆਰੀਕਰਨ ਕਰਕੇ ਹੀ ਪੰਜਾਬੀ ਇਕਸਾਰ ਲਿਖੀ ਜਾ ਸਕਦੀ ਹੈ।

ਪੰਜਾਬੀ ਪਿਆਰਿਉ - ਆਉ! ਸੌ ਫੁੱਲ ਖਿੜਨ ਦਿਉ ਵਾਲੇ ਵਿਚਾਰ ਦਾ ਲੜ ਫੜਕੇ ਕੁੱਝ ਕਰੋ। ਇਸ ਨਾਲ ਪੰਜਾਬੀ ਦੀ ਮਹਿਕ ਵਿਖਰੇਗੀ, ਪੰਜਾਬੀ ਦੀ ਸ਼ਾਨ ਨਿੱਖਰੇਗੀ। ਸਮੇਂ ਦੇ ਹਾਣ ਦਾ ਹੋਣ ਵਾਸਤੇ ਇਹ ਹੀ ਸਹੀ ਰਾਹ ਹੈ।

# ਜਰੂਰੀ ਹੈ ਚੰਗੇ ਦੋਸਤਾਂ ਦਾ ਸਾਥ



ਹਰਕੀਰਤ ਕੌਰ ਸਭਰਾ
9779118066

ਜਿੰਦਗੀ ਰੱਬ ਵੱਲੋਂ ਬਖਸ਼ਿਆ ਸਭ ਤੋਂ ਖੂਬਸੂਰਤ ਤੋਹਫ਼ਾ ਹੈ। ਕੁਦਰਤ ਨੂੰ ਪੂਰੀ ਨੀਝ ਲਾ ਕੇ ਬਣਾਉਣ ਵਾਲੇ ਕਾਦਰ ਨੇ ਮਨੁੱਖੀ ਜਾਮੇ ਨੂੰ ਬ੍ਰਹਿਮੰਡ ਦਾ ਸਰਵਉੱਚ ਪ੍ਰਾਣੀ ਹੋਣ ਦਾ ਮਾਣ ਬਖਸ਼ਿਆ। ਇਸੇ ਕਰਕੇ ਮਨੁੱਖ ਦੇ ਹਿੱਸੇ ਕੇਵਲ ਖਾਣ ਪੀਣ ਤੇ ਸੌਣਾ ਹੀ ਨਹੀਂ ਆਇਆ। ਮਨੁੱਖ ਦੇ ਹਿੱਸੇ ਜਜ਼ਬਾਤ ਆਏ, ਮਨੁੱਖ ਦੇ ਹਿੱਸੇ ਰਿਸ਼ਤੇਦਾਰੀਆਂ ਆਈਆਂ, ਭਾਵਨਾਵਾਂ ਨੂੰ ਸਮਝਣ ਦੀ ਸੋਝੀ ਆਈ। ਜੇਕਰ ਜਜ਼ਬਾਤਾ ਦੀ ਗੱਲ ਕੀਤੀ ਜਾਵੇ ਤਾਂ ਸਾਡੀ ਜਿੰਦਗੀ ਵਿੱਚ ਹਰ ਰਿਸ਼ਤੇ ਦੀ ਆਪਣੀ ਇੱਕ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਆਪਣਾ ਰੋਲ ਹੈ। ਮਾਤਾ ਪਿਤਾ ਭੈਣ ਭਾਈ ਸਾਰੇ ਹਰ ਇੱਕ ਦੇ ਸਭ ਤੋਂ ਪਿਆਰੇ ਰਿਸ਼ਤੇ ਹੁੰਦੇ ਹਨ। ਇਹਨਾਂ ਤੋਂ ਇਲਾਵਾ ਇੱਕ ਰਿਸ਼ਤਾ ਦੋਸਤੀ ਦਾ ਵੀ ਹੈ। ਜੋ ਸਭ ਤੋਂ ਵੱਧ ਭਰੋਸੇਯੋਗ ਅਤੇ ਪਿਆਰ ਭਰਿਆ ਮੰਨਿਆ ਜਾਂਦਾ ਹੈ। ਇੱਕ ਚੰਗਾ ਦੋਸਤ ਬਿਪਤਾ ਪੈਣ ਉੱਪਰ ਪਿੱਛੇ ਕਦਮ ਪੁੱਟਣ ਵਾਲਿਆਂ ਵਿੱਚੋਂ ਨਹੀਂ ਹੁੰਦਾ ਬਲਕਿ ਦੁੱਖ ਵਿੱਚ ਮਾਰਗ ਦਰਸ਼ਨ ਕਰਨ ਵਾਲਾ ਹੁੰਦਾ ਹੈ। ਦੋਸਤ ਦੇ ਰੂਪ ਵਿੱਚ ਸਾਨੂੰ ਇੱਕ ਅਜਿਹਾ ਇਨਸਾਨ ਮਿਲਦਾ ਹੈ, ਜਿਸ ਨਾਲ ਅਸੀਂ ਹਮੇਸ਼ਾ ਆਪਣੇ ਦੁੱਖ ਸੁੱਖ ਸਾਂਝੇ ਕਰ ਸਕਦੇ ਹਾਂ, ਬੇਝਿਜਕ ਆਪਣੇ ਦਿਲ ਦੇ ਜਜਬਾਤ ਇੱਕ ਦੂਸਰੇ ਨਾਲ ਵੰਡ ਸਕਦੇ ਹਾਂ। ਸਾਡੀ ਜ਼ੰਦਿਗੀ ਵਿੱਚ ਦੋਸਤਾਂ ਦਾ ਹੋਣਾ ਬਹੁਤ ਜਰੂਰੀ ਹੈ, ਸਕੂਲ, ਕਾਲਜ ਵਿੱਚ ਪੜਦਿਆਂ ਸਾਡੇ ਦੋਸਤ ਹੀ ਹੁੰਦੇ ਹਨ ਜਿੰਨਾ ਨਾਲ ਉਹ ਪਲ ਸਾਡੀ ਜ਼ੰਦਿਗੀ ਦੇ ਸੁਨਿਹਰੀ ਪਲ ਬਣ ਜਾਂਦੇ ਹਨ। ਸਾਡੇ ਜੀਵਨ ਦੀਆਂ ਅਹਿਮ ਯਾਦਾਂ ਸਾਡੇ ਦੋਸਤਾਂ ਨਾਲ ਬਿਤਾਏ ਪਲਾਂ ਦੀਆਂ ਹੀ ਸਰਮਾਇਆ ਹੁੰਦੀਆਂ ਹਨ। ਪਰ ਧਿਆਨ ਰਹੇ ਕਿ ਦੋਸਤਾਂ ਦੀ ਚੋਣ ਕਰਨ ਸਮੇਂ ਇਹ ਪਰਖ ਜਰੂਰ ਕਰ ਲਈ ਜਾਵੇ ਕਿ ਕੀ ਸਾਹਮਣੇ ਵਾਲਾ ਇਨਸਾਨ ਤੁਹਾਡੀ ਦੋਸਤੀ ਦੇ ਕਾਬਿਲ ਹੈਂ ਜਾਂ ਨਹੀਂ? ਕੀ ਉਸਦੀ ਸੰਗਤ ਦਾ ਤੁਹਾਡੇ ਉੱਪਰ ਕੋਈ ਬੁਰਾ ਅਸਰ ਤੇ ਨਹੀਂ ਹੋਵੇਗਾ? ਕੀ ਉਹ ਤੁਹਾਡਾ ਵਿਸ਼ਵਾਸਪਾਤਰ ਬਣਨ ਦੇ ਕਾਬਿਲ ਹੈ? ਇਹਨਾਂ ਸਵਾਲਾਂ ਨੂੰ ਜਾਂਚੇ ਬਿਨਾ ਸਾਨੂੰ ਦੋਸਤੀ ਕਰਨ ਲਈ ਕਦਮ ਅੱਗੇ ਨਹੀਂ ਵਧਾਉਣਾ ਚਾਹੀਦਾ। ਅਸਲ ਵਿੱਚ ਇੱਕ ਚੰਗਾ ਦੋਸਤ ਸਾਡੇ ਲਈ ਰਾਹ ਦਸੇਰਾ ਬਣ ਸਕਦਾ ਹੈ ਅਤੇ ਇੱਕ ਮਾੜਾ ਦੋਸਤ ਜਿੰਦਗੀ ਵਿੱਚ ਕਠਿਨਾਈਆਂ ਪੈਦਾ ਕਰ ਸਕਦਾ ਹੈ।

ਦੋਸਤ ਦੀ ਪਰਖ ਮੁਸੀਬਤ ਵੇਲੇ ਹੁੰਦੀ ਹੈ। ਮੁਸੀਬਤ ਵਿੱਚ ਸਾਥ ਦੇਣ ਵਾਲੇ ਦੋਸਤ ਚੰਗੇ ਦੋਸਤਾਂ ਦੀ ਕਤਾਰ ਵਿੱਚ ਆ ਖੜਦੇ ਹਨ। ਬਿਪਤਾ ਪੈਣ ਵੇਲੇ ਸਾਥ ਛੱਡਣ ਵਾਲੇ ਇਸ ਗੱਲ ਦਾ ਅਹਿਸਾਸ ਕਰਵਾ ਜਾਂਦੇ ਹਨ ਕਿ ਉਹ ਕਦੇ ਵੀ ਤੁਹਾਡੀ ਦੋਸਤੀ ਦੇ ਕਾਬਿਲ ਨਹੀਂ ਸਨ। ਅਜਿਹੇ ਲੋਕ ਜਿੰਦਗੀ ਦੇ ਗਹਿਰੇ ਸਬਕ ਦੇ ਕੇ ਜਾਂਦੇ ਹਨ। ਦੋਸਤੀ ਹਮੇਸ਼ਾ ਆਪਣੇ ਬਰਾਬਰ ਦੇ ਜਾਂ ਆਪਣੇ ਤੋਂ ਮਾੜੇ ਨਾਲ ਕਰੋ। ਬਰਾਬਰ ਦੀ ਵਿਚਾਰਧਾਰਾ, ਕਲਪਨਾ, ਆਰਥਿਕ ਹਾਲਾਤ ਵਾਲੇ ਲੋਕਾਂ ਦੀ ਦੋਸਤੀ ਲੰਬੇ ਸਮੇਂ ਤੱਕ ਨਿਭਦੀ ਹੈ। ਕਿਉਂਕਿ ਉਹ ਇੱਕ ਦੂਸਰੇ ਦੀ ਹਾਲਤ ਅਤੇ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੁੰਦੇ ਹਨ । ਸਾਡੇ ਸਾਰਿਆਂ ਦੀ ਜ਼ੰਦਿਗੀ ਵਿੱਚ ਕੋਈ ਇੱਕ ਦੋ ਦੋਸਤ ਅਜਿਹੇ ਜਰੂਰ ਹੋਣੇ ਚਾਹੀਦੇ ਹਨ ਜਿੰਨਾ ਉੱਪਰ ਤੁਹਾਨੂੰ ਐਨਾ ਭਰੋਸਾ ਹੋਵੇ ਕਿ ਜਿੱਥੇ ਕੋਈ ਤੁਹਾਡਾ ਸਾਥ ਨਾ ਦੇਣ ਵਾਲਾ ਹੋਵੇ ਉਹ ਪਹਾੜ ਵਾਂਗ ਅਡੋਲ ਹੋਕੇ ਤੁਹਾਡੇ ਨਾਲ ਖੜ ਸਕਣ। ਮੇਰਾ ਮੰਨਣਾ ਹੈ ਕਿ ਜੇਕਰ ਤੁਹਾਡੇ ਕੋਲੋਂ ਅਜਿਹੇ ਇਨਸਾਨ ਹਨ ਤਾਂ ਤੁਸੀਂ ਦੁਨੀਆਂ ਦੇ ਅਮੀਰ ਲੋਕਾਂ ਦੀ ਸੂਚੀ ਵਿੱਚ ਹੋ।

ਕਈ ਬੱਚੇ ਅਜਿਹੇ ਹੁੰਦੇ ਹਨ ਜੋ ਬਹੁਤ ਘੱਟ ਦੋਸਤ ਬਣਾਉਂਦੇ ਹਨ ਜਾਂ ਬਣਾਉਂਦੇ ਹੀ ਨਹੀਂ ਹਨ, ਅਜਿਹੇ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਦੋਸਤ ਬਣਨਾ ਚਾਹੀਦਾ ਹੈ, ਉਹਨਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਦੇ ਵਿਵਹਾਰ, ਸੁਭਾਅ, ਉਮਰ ਦੇ ਅਨੁਕੂਲ ਹੋਕੇ ਗੱਲ ਕਰਨੀ ਚਾਹੀਦੀ ਹੈ।

ਅੰਤ ਵਿੱਚ ਇਹੀ ਸਿੱਟਾ ਨਿਕਲਦਾ ਹੈ ਕਿ ਦੋਸਤਾਂ ਦਾ ਸਾਡੀ ਜਿੰਦਗੀ ਵਿੱਚ ਬਹੁਤ ਮਹੱਤਵ ਹੈ। ਇਹ ਸਾਡੀ ਜਿੰਦਗੀ ਦੇ ਆਮ ਪਲਾਂ ਨੂੰ ਖਾਸ ਯਾਦਾਂ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਇੱਕ ਹੀ ਜੀਵਨ ਹੈ, ਇਸ ਜੀਵਨ ਨੂੰ ਬੇਰੁਖੇ ਲੋਕਾਂ ਨਾਲ ਰਹਿ ਕੇ ਨਾ ਗਵਾਇਆ ਜਾਵੇ, ਸਗੋਂ ਉਹਨਾਂ ਲੋਕਾਂ ਨਾਲ ਵਿਚਰ ਕੇ ਬਤੀਤ ਕੀਤਾ ਜਾਵੇ ਜਿੰਨਾ ਦਾ ਸਾਥ ਤੁਹਾਡੀ ਰੂਹ ਨੂੰ ਸਕੂਨ ਦਿੰਦਾ ਹੈ, ਜਿੰਨਾ ਦੇ ਬੋਲ ਹਮੇਸ਼ਾ ਤੁਹਾਡੇ ਚਿਹਰੇ ਉੱਪਰ ਮੁਸਕਰਾਹਟ ਲੈਕੇ ਆਉਦੇ ਹਨ। ਸੋ ਕਿਹਾ ਜਾ ਸਕਦਾ ਹੈ ਕਿ ਚੰਗੇ ਦੋਸਤਾਂ ਦਾ ਸਾਡੇ ਜੀਵਨ ਵਿੱਚ ਹੋਣਾ ਬਹੁਤ ਜਰੂਰੀ ਹੈ।

# ਇਸਤਰੀ ਵਰਗ ਪ੍ਰਤੀ ਬਰਬਰਤਾ ਪੂਰਨ ਅਪਰਾਧ, ਨਿਆਂ ਦੀ ਨਾਂਹ ਪੱਖੀ ਭੂਮਿਕਾ



ਰਾਜਿੰਦਰ ਕੌਰ ਚੋਹਕਾ
91-98725-44738
01-403-285-4208

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਜਮਹੂਰੀ ਦੇਸ਼ ਕਿਹਾ ਜਾਂਦਾ ਹੈ। ਦੇਸ਼ ਦੇ ਹਾਕਮਾਂ ਵਲੋਂ ਖੁੱਦ ਦਿੱਤੇ ਜਾ ਰਹੇ ਤੱਥਾਂ ਅਨੁਸਾਰ ਅਪਣਾਈਆਂ ਨਵਉਦਾਰੀਵਾਦੀ ਨੀਤੀਆਂ ਦੇ ਸਿੱਟੇ ਵਜੋਂ ਹੁਣ ਇਹ ਦੁਨੀਆਂ ਦੀ ਸਭ ਤੋਂ ਵੱਡੀ ਖਪਤਵਾਦੀ ਮੰਡੀ ਬਣ ਰਿਹਾ ਹੈ। ਸਾਨੂੰ ਹੁਣ ਇਹ ਵੀ ਦੇਖਣਾ ਪਏਗਾ, ''ਕਿ ਇਸ ਉਪਭੋਗਤਾ ਮੰਡੀ ਦਾ ਵਿਕਾਸਸ਼ੀਲ ਜਿਹੇ ਦੇਸ਼ ਭਾਰਤ ਦੀਆਂ ਕਦਰਾਂ-ਕੀਮਤਾਂ ਤੇ ਕੀ ਅਸਰ ਪੈ ਰਿਹਾ ਹੈ ? ਕੀ ਸਾਡੀਆਂ ਨਵਉਦਾਰਵਾਦੀ ਨੀਤੀਆਂ ਨਾਲ ਅਸੀਂ ਗਰੀਬੀ-ਗੁਰਬਤ, ਅਨਪੜ੍ਹਤਾ ਤੇ ਪਿਛੜੇਵੇ ਨੂੰ ਦੂਰ ਕਰਨ ਦੀ ਥਾਂ ਸਗੋ ਇਸ ਦੇਸ਼ ਦੇ ਕਮਜ਼ੋਰ ਵਰਗ-ਇਸਤਰੀਆਂ, ਦੱਲਿਤਾਂ, ਆਦਿਵਾਸੀਆਂ ਤੇ ਘੱਟ ਗਿਣਤੀਆ ਦੇ ਲੋਕਾਂ ਨੂੰ 'ਹਾਸ਼ੀਏ' ਵੱਲ ਤਾਂ ਨਹੀਂ ਧੱਕ ਰਹੇ ਹਾਂ?'' ਦੇਸ਼ ਦੀ ਆਜ਼ਾਦੀ ਤੋਂ ਬਾਦ ਲਗਾਤਾਰ ਦੇਸ਼ ਅੰਦਰ ਜਿਉਂ-ਜਿਉਂ ਪੂੰਜੀਵਾਦ ਵੱਧਿਆ ਫੈਲਿਆ ਹੈ, ਆਰਥਿਕ ਤੇ ਲਿੰਗਕ ਅਸਮਾਨਤਾ ਵੀ ਵੱਧਦੀ ਗਈ ਹੈ। ਪਰ ! ਖਾਸ ਕਰਕੇ ਇਸਤਰੀ ਦੇ ਅਧਿਕਾਰ, ਸੁਰੱਖਿਆ, ਆਰਥਿਕ ਅਜ਼ਾਦੀ ਅਤੇ ਖੁੱਦ ਮੁਖਤਿਆਰੀ ਵਿੱਚ ਵੀ ਦਿਨੋ-ਦਿਨ ਹੋਰ ਗਿਰਾਵਟ ਆਈ ਹੈ। ਮੋਦੀ ਦੇ ਰਾਜ ਅੰਦਰ ਵੱਧ ਰਹੇ ਪਿਛਾਖੜੀ 'ਵਿਸ਼ਾ ਵਸਤੂ' ਦੇ ਅਜੰਡੇ ਹੇਠ ਭਾਜਪਾ, ਆਰ.ਆਰ.ਐਸ ਗਠਜੋੜ ਦੇ ਪ੍ਰਭਾਵ ਅਧੀਨ ਧਰਮ ਨਿਰਪੱਖਤਾ, ਸੰਘਵਾਦ, ਜਮਹੂਰੀਅਤ ਕਮਜ਼ੋਰ ਹੋਈ ਹੈ। ਦੂਜਾ 'ਦੀਵਾਲੀਆ ਆਰਥਿਕ' ਨੀਤੀਆਂ ਕਾਰਨ ਗਰੀਬੀ-ਗੁਰਬਤ ਵੱਧੀ ਹੈ। ਜਿਸ ਕਾਰਨ ਅੱਜ ! ਦੇਸ਼ ਅੰਦਰ ਇਸਤਰੀਆਂ ਨਾਲ ਹੋ ਰਹੀਆਂ ਬੇ-ਇਨਸਾਫੀਆਂ, ਸਮਾਜਿਕ ਨਾ-ਬਰਾਬਰੀਆਂ, ਲਿੰਗਕ ਸ਼ੋਸ਼ਣ, ਘਰੇਲੂ-ਹਿੰਸਾ, ਬਲਾਤਕਾਰ, ਕੰਨਿਆਂ ਭਰੂਣ ਹੱਤਿਆਵਾਂ ਵਿੱਚ ਸਗੋਂ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਛੋਟੀਆਂ ਬੱਚੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ 83-ਫੀ-ਸੱਦ ਦਾ ਵਾਧਾ ਹੋਇਆ ਹੈ। ਕੇਂਦਰ ਦੀ ਬੀ.ਜੇ.ਪੀ. ਦੀ ਮੋਦੀ ਸਰਕਾਰ ਦੇ ਸਮੇਂ ਇਕ ਪਾਸੇ ਇਸਤਰੀਆਂ ਪ੍ਰਤੀ ਜੁਰਮਾਂ ਵਿੱਚ ਵਾਧਾ ਹੋਇਆ ਹੈ, ਪਰ! ਦੂਸਰੇ ਪਾਸੇ ਅਜਿਹੇ ਜੁਰਮਾਂ ਵਿਰੁੱਧ ਸਜ਼ਾਵਾਂ ਦੀ ਦਰ ਵੀ ਨੀਵੀਂ ਹੋਈ ਹੈ। ਮੋਦੀ ਸਰਕਾਰ ਇਸਤਰੀਆਂ ਦੀ ਸੁਰੱਖਿਆ ਨੂੰ ''ਪਹਿਲ ਦੇਣ ਅਤੇ ''ਵਰਮਾ ਕਮਿਸ਼ਨ'' ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿੱਚ ਵੀ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ।

(ਕੌਮੀ ਜੁਰਮ ਬਿਊਰੋ 2020)।

ਆਮ ਧਾਰਨਾ ਇਹ ਪੈਦਾ ਕੀਤੀ ਜਾ ਾਰਹੀ ਹੈ ਕਿ ਸੱਖਤ ਕਾਨੂੰਨ ਬਣਾਉਣ ਨਾਲ ਹੀ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ। ਪਰ ! ਜਿਹੜੇ ਕਾਨੂੰਨ ਇਸਤਰੀਆਂ ਦੀ ਸੁਰੱਖਿਆ ਲਈ ਪਹਿਲਾਂ ਹੀ ਬਣੇ ਹੋਏ ਹਨ, ਕੀ ? ਉਹ ਸਿਰਫ਼ ਕਾਗਜਾਂ ਦਾ ਸ਼ਿੰਗਾਰ ਬਣ ਕੇ ਹੀ ਰਹਿ ਗਏ ਹਨ? ਸੰਵਿਧਾਨ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਹੱਕ ਦਿੱਤਾ ਗਿਆ ਹੈ। ਪਰ ! ਇਹ ਕਾਗਜਾਂ ਵਿੱਚ ਹੀ ਹਨ, ਅਮਲੀ ਤੌਰ ਤੇ ਨਹੀਂ ? ਭਾਂਵੇ ਬਸਤੀਵਾਦੀ ਅੰਗਰੇਜ਼ਾਂ ਦੇ ਸਮੇਂ ਤੋਂ ਲੈ ਕੇ ਹੁਣ ਤਕ ਅਸ਼ਲੀਲਤਾ ਸਤੀ ਵਿਰੋਧੀ ਕਾਨੂੰਨ 1928, ਬਾਲ ਵਿਆਹ ਰੋਕੂ ਕਾਨੂੰਨ 1929 ਨੂੰ ਬਣਾਏ ਗਏ ਸਨ। ਪਰ ! ਬਾਲ ਵਿਆਹ ਅੱਜ ਵੀ ਚੋਰੀ ਛਿਪੇ ਹੋ ਰਹੇ ਹਨ। ਦਾਜ-ਦਹੇਜ ਰੋਕੂ ਕਾਨੂੰਨ-1961 ਅਤੇ ਮੁੜ ਸੋਧਿਆ ਹੋਇਆ 1986 ਕੀ ਕਾਰਗਾਰ ਸਾਬਿਤ ਨਹੀਂ ਹੋਇਆ ਹੈ ? ਇਸਤਰੀਆਂ ਪ੍ਰਤੀ ਭੱਦੀ ਸ਼ਬਦਾਵਲਿ ਬੋਲਣ ਵਿਰੁੱਧ-1986, ਬਰਾਬਰ ਕੰਮ ਲਈ ਬਰਾਬਰ ਉਜ਼ਰਤ ਦੇਣ ਲਈ-1976 'ਚ, ਪਾਸ ਹੋਇਆ ਸੀ। ਪੀ.ਐਨ.ਡੀ.ਟੀ.ਐਕਟ (ਭਰੂਣ ਹੱਤਿਆ)-1995, ਪੰਚਾਇਤੀ ਰਾਜ 'ਚ ਇਸਤਰੀਆਂ ਦੀ ਸ਼ਮੂਲੀਅਤ ਲਈ 73-ਵੀਂ, 74-ਵੀਂ ਸੋਧ ਕਾਨੂੰਨ-1993, ਬਾਲ ਮਜ਼ਦੂਰੀ ਰੋਕੂ ਕਾਨੂੰਨ-1986 ਅਤੇ ਮੁੜ ਸੋਧਿਆ ਹੋਇਆ ਕਾਨੂੰਨ-2006 ਨੂੰ ਹੋਂਦ 'ਚ ਆਏ ਹੋਏ ਹਨ। ਇਸਤਰੀਆਂ 'ਤੇ ਘਰੇਲੂ ਹਿੰਸਾ ਰੋਕੂ ਕਾਨੂੰਨ-2006, ਗੈਂਗ ਰੇਪ ਰੋਕੂ ਕਾਨੂੰਨ, ਤਲਾਕ ਸਬੰਧੀ, ਛੇੜ-ਛਾੜ ਵਿਰੁੱਧ, ਵੇਸ਼ਵਾ ਗਮਨੀ, ਦੇਹ ਵਿਉਪਾਰ, ਉਧਾਲਾ ਅਤੇ ਖਰੀਦੋ ਫਰੋਖਤ ਆਦਿ ਦੋ ਦਰਜਨਾਂ ਤੋਂ ਵੀ ਵੱਧ ਕਾਨੂੰਨ ਹੋਂਦ 'ਚ ਆਏ ਹਨ। ਪਰ ! ਇਸਤਰੀਆਂ ਤੇ ਹੋ ਰਹੇ ਅਪਰਾਧਿਕ ਮਾਮਲਿਆਂ 'ਚ ਕੋਈ ਰੋਕ ਨਹੀਂ ਲੱਗੀ ਹੈ ਅਤੇ ਨਾ ਹੀ ਕੋਰਟਾਂ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹਨ। ਇਸਤਰੀਆਂ ਲਈ ਵਿਧਾਨਸਭਾਵਾਂ ਅਤੇ ਸੰਸਦ ਵਿੱਚ 33-ਫੀ-ਸੱਦ ਦਾ ਰਾਖਵਾਂ ਕਰਨ ਦਾ ਬਿੱਲ-1996 ਤੋਂ ਹੀ ਸੰਸਦ ਵਿੱਚ ਲਮਕ ਰਿਹਾ ਹੈ। ਨਾ ਤਾਂ ਯੂ.ਪੀ.ਏ. ਸਰਕਾਰ ਅਤੇ ਨਾ ਹੀ ਬੀ.ਜੇ.ਪੀ. ਦੀ ਮੋਦੀ ਸਰਕਾਰ ਇਹ ਬਿੱਲ ਪਾਸ ਕਰਵਾ ਸਕੀ ਹੈ। ਸੰਸਦ ਵਿੱਚ ਬੀ.ਜੇ.ਪੀ. ਦਾ ਬਹੁਮੱਤ ਹੋਣ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਦੇ ਵਿਰੋਧ 'ਚ ਤੇ ਹੋਰ ਕਈ ਲੋਕ ਵਿਰੋਧੀ ਬਿੱਲ ਬਿਨ੍ਹਾਂ ਬਹਿਸ ਕਰਾਏ ਤਾਂ ''ਸ਼ੋਕ'' ਵਿੱਚ ਪਾਸ ਕਰਾਏ ਜਾ ਰਹੇ ਹਨ, ਪਰ ! ਇਸਤਰੀਆਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਹਾਕਮਾਂ ਦੀ ਸੰਵੇਦਨਸ਼ੀਲਤਾ ਦੇਖੋ ? ਪਹਿਲੇ ਬਣਾਏ ਗਏ ਕਾਨੂੰਨਾਂ ਨੂੰ ਇਹ ਸਰਕਾਰਾਂ ਸਖਤੀ ਨਾਲ ਲਾਗੂ ਨਹੀਂ ਕਰਵਾ ਸਕੀਆਂ ਹਨ। ਅਫਸੋਸ ! ਹੈ ਕਿ ਇਸਤਰੀਆਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਏਨੇ ਕਾਨੂੰਨ ਬਨਣ ਦੇ ਬਾਵਜੂਦ ਵੀ ਭਾਰਤ ਦੀ ਇਸਤਰੀ ਦੀ ਇਜ਼ਤ ਮਹਿਫੂਜ ਨਹੀ ਹੈ ਅਤੇ ਉਹ ਅਜੇ ਵੀ ਨਿਮਾਣੀ ਗਿਣੀ ਜਾਂਦੀ ਹੈ।

ਵਿਡੰਬਨਾ ਦੇਖੋ ? ਇਸਤਰੀਆਂ ਨਾਲ ਹੋ ਰਹੀਆਂ ਵਧੀਕੀਆਂ ਦੀ ਫਰਿਸ਼ਟ ਬਹੁਤ ਲੰਬੀ ਹੈ। ਪਰ! ਸਤਾ ਦੇ ਗਲਿਆਰਿਆ 'ਚ ਬੈਠੀਆਂ ਸਰਕਾਰਾਂ ਇਨ੍ਹਾਂ ਤੋਂ ਬੇ-ਫਿਕਰ ਹੋ ਕੇ ਗੱਦੀ ਦਾ ਸੁੱਖ ਭੋਗ ਰਹੀਆਂ ਹਨ। ਸਰਕਾਰਾਂ ਭਾਵੇਂ ! ਸਖੱਤ ਕਾਨੂੰਨ ਬਣਾਉਣ ਦੀ ਦੁਹਾਈ ਦੇ ਰਹੀਆਂ ਹਨ, ਪਰ ਸੱਖਤ ਕਾਨੂੰਨ ਬਣਾਉਣ ਨਾਲ ਯੌਨ-ਸ਼ੋਸ਼ਣ, ਬਲਾਤਕਾਰ, ਅਗਵਾ ਜਿਹੀਆਂ ਅਪਰਾਧਿਕ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਸੱਕਿਆ ਹੈ, ਕਿਉਂ ਕਿ ਯੌਨ-ਸ਼ੌਸ਼ਣ ਦਾ ਸਬੰਧ ਵੀ ਵਰਗ-ਸੰਘਰਸ਼ ਨਾਲ ਜੁੜਿਆ ਹੋਇਆ ਹੈ। ਕਠੂਆ (ਜੰਮੂ-ਕਸ਼ਮੀਰ) ਉਨਾਓ, ਹਾਥਰਸ, ਬੰਦਾਯੂ ਕਾਂਡ ਉੱਤਰ ਪ੍ਰਦੇਸ਼, ਜਾਂ ਮੁੰਬਈ, ਸੂਰਤ ਜਾਂ ਮਹਾਂਰਾਸ਼ਟਰ ਹੋਵੇ ਬਾਲੜੀਆਂ ਨਾਲ ਜ਼ਬਰ-ਜਿਨਾਹ ਅਤੇ ਹੁਣੇ-ਹੁਣੇ ਹੋਈ ਮੁੰਬਈ ਅੰਦਰ ਤੇ ਹੋਰ ਸੂਬਿਆਂ 'ਚ (ਨਿਰਭੈਅ) ਜਿਹੀਆਂ ਘਟਨਾਵਾਂ ਹੁਣ ਰੁਕਣ ਦਾ ਨਾਂ ਨਹੀਂ ਲੈਂਦੀਆਂ ਅਤੇ ਸਗੋਂ ਤੇਜ਼ੀ ਨਾਲ ਵੱਧ ਰਹੀਆਂ ਹਨ। ਪਰ! ਸਰਕਾਰਾਂ ਚੁੱਪ ਹਨ। ਨਿਰਭੈਅ ਘਟਨਾ ਤੋਂ ਬਾਦ ਵੀ ਬਾਲੜੀਆਂ ਨਾਲ ਬਲਾਤਕਾਰ ਦੀਆਂ ਦਿੱਲ ਕੰਬਾਊ ਘਟਨਾਵਾਂ ਦੀਆਂ ਖਬਰਾਂ ਨਾਲ ਅਖਵਾਰਾਂ ਦੇ ਪੰਨੇ ਭਰੇ ਹੁੰਦੇ ਹਨ। ਦਿੱਲੀ ਵਿੱਚ 9 ਸਾਲ ਦੀ ਬੱਚੀ ਨਾਲ ਕੁਕਰਮ ਕਰਨ ਤੋਂ ਬਾਦ ਲਾਸ਼ ਨੂੰ ਪੁਲੀਸ ਦੀ ਛੱਤਰ-ਛਾਇਆ ਹੇਠ ਮਾਂ-ਬਾਪ ਨੂੰ ਦੱਸੇ ਬਿਨਾਂ ਰਾਤ ਨੂੰ ਹੀ ਉਸ ਦਾ ਸੰਸਕਾਰ ਕੀਤਾ ਗਿਆ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਵਿਦੇਸ਼ਾਂ ਸ਼ਹਿਰ 'ਚ 12 ਸਾਲ ਬੱਚੀ ਨਾਲ ਕੁਕਰਮ ਕਰਨ ਤੋਂ ਬਾਦ ਲਾਸ਼ ਦਰੱਖਤ ਉਤੇ ਟੰਗਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਕੇਰਲਾ 'ਚ 17 ਸਾਲਾਂ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਮੁੰਬਈ 'ਚ 30 ਸਾਲ ਦੀ ਇਸਤਰੀ ਨਾਲ ਕੀਤੀ ਗਈ ਦਰਿੰਦਗੀ ਅਤਿ ਨਿੰਦਣਯੋਗ ਹਨ। ਦੇਸ਼ ਭਰ ਵਿੱਚ ਇਸਤਰੀਆਂ ਤੇ ਬੱਚੀਆਂ ਨਾਲ ਹੋਈਆਂ ਕਰੂਰਤਾਂ ਭਰੀਆਂ ਖਬਰਾਂ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਰ ਕੁਝ ਦਿਨ ਅਖਵਾਰਾਂ ਵਿੱਚ ਚਰਚਾ ਹੁੰਦੀ ਹੈ। ਮੁਜ਼ਰਿਮਾਂ ਨੂੰ ਫੜਾਉਣ ਲਈ ਤੇ ਉਨਾਂ ਤੇ ਕੇਸ ਚਲਾਉਣ ਲਈ ਮੁਜ਼ਾਹਰੇ ਕੀਤੇ ਜਾਂਦੇ ਹਨ। ਮੋਮਬਤੀਆਂ ਬਾਲੀਆਂ ਜਾਂਦੀਆਂ ਹਨ। ਪਰ !



ਬਾਅਦ 'ਚ ਪ੍ਰਸ਼ਾਸਨ ਤੇ ਸਰਕਾਰਾਂ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕਦੀ। ਮੁੜ ਉਹੀ ਵਰਤਾਰਾ ਸ਼ੁਰੂ ਹੋ ਜਾਂਦਾ ਹੈ।

ਅੱਜ ਤੋਂ 9 ਸਾਲ ਪਹਿਲਾਂ ਨਿਰਭੈਅ ਨਾਲ ਵਾਪਰੀ ਘਟਨਾ ਦਾ ਜੋ ਲੋਕ ਰੋਹ ਉੱਠਿਆ ਸੀ ਤੇ ਲੋਕਾਂ ਨੇ ਆਪ ਮੁਹਾਰੇ ਇਸ ਦਰਿੰਦਗੀ ਭਰੀ ਘਟਨਾ ਦੇ ਵਿਰੁੱਧ ਅਵਾਜ਼ ਬੁਲੰਦ ਕੀਤੀ ਸੀ, ਦੇ ਦਬਾਓ ਸਦਕਾ ਹੀ ਸਰਕਾਰ ਨੂੰ ''ਜਸਟਿਸ ਵਰਮਾਂ'' ਦੀ ਅਗਵਾਈ ਹੇਠ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨਾ ਪਿਆ ਸੀ ਅਤੇ ਇਕ ਕਮਿਸ਼ਨ ਬਣਾਉਣਾ ਪਿਆ ਸੀ। ਇਸ ਕਮਿਸ਼ਨ ਵਲੋਂ 29-ਦਿਨਾਂ ਦੇ ਅੰਦਰ-ਅੰਦਰ ਇਸਤਰੀ ਜਥੇਬੰਦੀਆਂ, ਲੋਕਾਂ ਤੇ ਸੰਸਥਾਵਾਂ ਵੱਲੋਂ ਦਿੱਤੇ 80,000 ਤੋਂ ਵੱਧ ਸੁਝਾਅ, ਰਾਜਾਂ ਤੇ ਪੁਲੀਸ ਮੁੱਖੀਆਂ, ਗ੍ਰਹਿ ਵਿਭਾਗ ਤੇ ਕਾਨੂੰਨੀ ਮਾਹਿਰਾਂ ਦੀਆਂ ਟਿੱਪਣੀਆਂ ਬਾਦ ਇਸਤਰੀਆਂ ਖਿਲਾਫ਼ ਅਪਰਾਧਾਂ ਨਾਲ ਜੁੜੇ ਕਾਨੂੰਨਾਂ ਵਿੱਚ ਸੋਧਾਂ ਦੇ ਮਾਮਲਿਆਂ ਦੀ ਰੀਪੋਰਟ ਜਨਵਰੀ-2013 ਨੂੰ ਗ੍ਰਹਿ ਵਿਭਾਗ ਨੂੰ ਸੌਂਪੀ ਸੀ। ਨਾਲ ਹੀ ਨਿਰਭੈਅ ਫੰਡ ਦੀ ਸਥਾਪਨਾ ਵੀ ਕੀਤੀ ਗਈ। -2019 'ਚ ਪਾਕਸੋ ਕਾਨੂੰਨ 'ਚ ਸੋਧ ਕਰਕੇ 12-ਸਾਲ ਦੀਆਂ ਬਚੀਆਂ ਨਾਲ ਕੀਤੇ ਯੌਨ ਸ਼ੋਸ਼ਣ 'ਚ ਮੌਤ ਦੀ ਵਿਵਸਥਾ ਵੀ ਕੀਤੀ ਗਈ ਸੀ, ਭਾਵੇਂ ! ਇਕ ਸਖੱਤ ਕਾਨੂੰਨੀ ਕਾਰਵਾਈ ਕਰਕੇ ਇਹੋ ਜਿਹੇ ਅਪਰਾਧਾਂ ਨੂੰ ਰੋਕਣ ਲਈ ਪਾਕਸੋ ਕਾਨੂੰਨ ਬਣਾਇਆ ਗਿਆ ਸੀ। ਪਰ ! ਇਕ ਸਵਾਲ! ਸਾਡੇ ਸਾਹਮਣੇ ਉਭਰ ਕੇ ਆ ਰਿਹਾ ਹੈ, ''ਕਿ ਪਿਛਲੇ ਨੌ-ਸਾਲਾਂ ਤੋਂ ਬਾਦ ਕੀ ਬੱਚੀਆਂ ਤੇ ਇਸਤਰੀਆਂ ਨਾਲ ਇਹੋ ਜਿਹੇ ਹੋ ਰਹੇ ਅਪਰਾਧਿਕ ਬਰਬਰਤਾ ਵਾਲੇ ਕੇਸਾਂ, ਯੌਨ ਸ਼ੋਸ਼ਣ ਤੇ ਦਰਿੰਦਗੀ ਕਰਨ ਤੋਂ ਬਾਦ ਮਾਰ ਕੇ ਆਪ ਹੀ ਸੰਸਕਾਰ ਕਰਨ ਜਿਹੀਆਂ ਘਟਨਾਵਾਂ ਨੂੰ ਕੀ ਸਰਕਾਰ ਰੋਕ ਸੱਕੀ ਹੈ, ਜਾਂ ਨਹੀਂ ? ਪਾਕਸੋ ਕਾਨੂੰਨ ਰਾਹੀਂ ਕਿੰਨੇ ਮੁਜਰਿਮਾਂ ਨੂੰ ਸਜ਼ਾ ਦਿੱਤੀ ਗਈ ਹੈ ?''

ਇਕ ਰੀਪੋਰਟ ਮੁਤਾਬਿਕ ਕੇਂਦਰ ਦੀ ਮੋਦੀ ਸਰਕਾਰ ਨੇ -2015 ਤੋਂ 2019 ਦੌਰਾਨ ਦੇਸ਼ ਭਰ ਵਿੱਚ ਇਸਤਰੀਆਂ ਅਤੇ ਬੱਚੀਆਂ ਨਾਲ ਹੋਏ 1.71 ਲੱਖ ਬਲਾਤਕਾਰ ਹੋਣ ਦੇ ਅੰਕੜੇ ਜਾਰੀ ਕੀਤੇ ਹਨ। ''ਰਾਸ਼ਟਰੀ ਅਪਰਾਧ ਰੀਕਾਰਡ ਬਿਊਰੋ'' ਦੇ ਅੰਕੜਿਆ ਮੁਤਾਬਿਕ ਭਾਰਤ ਵਿੱਚ ਸਾਲ-2019 ਅੰਦਰ ਹਰ ਇੱਕ ਦਿਨ ਬਲਾਤਕਾਰ ਦੇ 88-ਮਾਮਲੇ ਨੋਟ ਕੀਤੇ ਗਏ। ਭਾਵ ਕੁੱਲ 32,033 ਮਾਮਲੇ ਦਰਜ ਹੋਏ। ਪਿਛਲੇ ਦਸਾਂ ਸਾਲਾਂ ਵਿੱਚ ਬਲਾਤਕਾਰ, ਦੀਆਂ ਘਟਨਾਵਾਂ ਵਿੱਚ 40-ਫੀ ਸਦ ਦਾ ਵਾਧਾ ਹੋਇਆ ਹੈ। 2019 'ਚ ਅੱਧੇ ਤੋਂ ਵੱਧ ਮਾਮਲੇ ਰਾਜਸਥਾਨ, ਉੱਤਰ-ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਬੀ.ਜੇ.ਪੀ. ਰਾਜਾਂ ਦੇ ਸਨ। ਇਹ ਉਹ ਮਾਮਲੇ ਹਨ ਜੋ ਪੁਲੀਸ ਥਾਣਿਆਂ 'ਚ ਦਰਜ ਕਰਾਏ ਗਏ ਸਨ। ਬਹੁਤੇ ਕੇਸ ਗਰੀਬੀ-ਗੁਰਬਤ ਜਾਂ 'ਬੇ-ਇਜ਼ਤੀ ਨਾ ਹੋ ਜਾਵੇ ਡਰ ਕਰਕੇ ਥਾਣਿਆ 'ਚ ਦਰਜ ਹੀ ਨਹੀਂ ਕਰਾਏ ਜਾਂਦੇ ਸਨ।

ਇਸਤਰੀਆਂ ਪ੍ਰਤੀ, ਅਜਿਹੇ ਅਪਰਾਧਿਕ ਮਾਮਲਿਆਂ ਵਿੱਚ 1995-ਵਿੱਚ ਕਲਕਤਾ ਵਿਖੇ ਧੰਜੈ ਚੈਟਰਜੀ ਨੂੰ ਪਹਿਲੀ ਫਾਂਸੀ ਦਿੱਤੀ ਗਈ ਸੀ ਤੇ ਫਿਰ ਰੰਗਾਂ ਤੇ ਬਿਲਾ ਨੂੰ। -2020 ਵਿੱਚ ਨਿਰਭੈਅ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦਿੱਤੀ ਗਈ। ਇਹੋ ਜਿਹੀਆਂ ਅਪਰਾਧਿਕ ਘਟਨਾਵਾਂ ਰੁਕਣ ਦੀ ਥਾਂ ਤੇ ਉਨ੍ਹਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਹੋ ਰਿਹਾ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਵੀ ਇਹੋ ਜਿਹੀਆਂ ਵਾਰਦਾਤਾਂ ਝਾਰਖੰਡ, ਭੁਪਾਲ, ਉੱਤਰ-ਪ੍ਰਦੇਸ਼, ਨੋਇਡਾ, ਦਿੱਲੀ, ਮੱਧ ਪ੍ਰਦੇਸ਼ ਆਦਿ ਥਾਵਾਂ ਵਿੱਚ ਵਾਪਰੀਆਂ। ਜਿੱਥੇ ਨੇਤਰਹੀਨ ਲੜਕੀ ਦਾ ਵੀ ਦਰਿੰਦਿਆਂ ਨੇ ਬੇ-ਰਹਿਮੀ ਨਾਲ ਬਲਾਤਕਾਰ ਕੀਤਾ। ਭਾਰਤ ਦੁਨੀਆਂ ਅੰਦਰ ਸਭ ਤੋਂ ਵੱਡਾ ਲੋਕਤੰਤਰ ਦੇਸ਼ ਕਹਾਉਣ ਵਿੱਚ ਮਾਣ ਕਰਦਾ ਹੈ। ਪਰ! ਇਸਤਰੀਆਂ, ਛੋਟੀਆਂ ਬੱਚੀਆਂ, ਦੱਲਿਤਾ, ਘੱਟ ਗਿਣਤੀਆਂ ਤੇ ਕਬਾਇਲੀ ਲੋਕਾਂ ਦੀਆਂ ਇਸਤਰੀਆਂ ਪ੍ਰਤੀ ਅਪਰਾਧਾਂ ਦੀ ਗਿਣਤੀ ਵੱਧ ਰਹੀ ਹੈ।

ਅਮਲੀ ਤੌਰ ਤੇ ਜੇ ਦੇਖਿਆ ਜਾਵੇ ਤਾਂ! ਇਸਤਰੀਆਂ ਨਾਲ ਹੋ ਰਹੇ ਜੁਰਮਾਂ ਦੇ ਬਹੁਤ ਕਾਰਨ ਹਨ। ਵਿਕਾਸਸ਼ੀਲ ਗਰੀਬ ਦੇਸ਼ਾਂ ਦੀ ਨਿਘਰੀ ਪੂੰਜੀਵਾਦੀ ਰਾਜਨੀਤਕ ਵਿਵਸਥਾ ਜੋ ਨਾਂ ਪੱਖੀ ਸਮਾਜਿਕ ਵਰਤਾਰੇ ਵਾਲੀ ਮਰੀ ਹੋਈ ਸੋਚ ਤੇ ਮਾਨਸਿਕਤਾ ਤੇ ਰੂਹ ਵਿਹੂਣੀ ਨੈਤਿਕਤਾ ਵਾਲੀ ਹੈ। ''ਬਾਘਪੱਤ ਕੇਸ ਤੋਂ ਲੈ ਕੇ ਧੰਜੈ ਚੈਟਰਜੀ, ਰੰਗਾ ਬਿਲਾ, ਤੰਦੂਰੀ ਕਾਂਡ, ਨੈਨਾ ਸਾਹਨੀ, ਜੋਤੀ ਕਾਂਡ, ਕੇਤੀਆ ਕਾਂਡ, ਸ਼ਵਾਨੀ ਭਟਨਾਗਰ, ਮੱਟੂ, ਕਿਰਨਜੀਤਕਾਂਡ, ਸਰੂਤੀ, ਬਰਾਲਾ, ਡੇਰਾ ਰਾਮ ਰਹੀਮ, ਆਸਾ ਰਾਮ, ਭੰਮਰੀ ਦੇਵੀ, ਫੂਲਣ ਦੇਵੀ, ਦਾਮਿਨੀ, ਕਠੂਆ, ਓਨਾਓ,ਹਾਥਰਸ, ਬੰਦਾਯੂ, ਸੂਰਤ, ਦਿੱਲੀ, ਮੁਬੰਈ, ਅਸਾਮ ਤੇ ਤਿਲਾਂਗਾਨ, ਵੈਟਰਨੀ ਡਾਕਟਰ ਆਦਿ ਘਿਨਾਉਣੇ ਤੇ ਬਰਬਰਤਾ ਵਾਲੇ ਕਾਡਾਂ ਨਾਲ ਧਰਤੀ ਭਰੀ ਹੋਈ ਹੈ, ਜਿਸ ਦੇ ਸਿਵਿਆਂ ਦੀ ਅੱਗ ਅੱਜੇ ਵੀ ਬਲਦੀ ਹੈ। ਪਰ! ਮੀਡੀਆ ਅੰਦਰ ਰੋਜ਼ ਹੀ ਡਰਾਉਂ-ਦੀਆਂ ਖਤਰਨਾਕ ਕਹਾਣੀਆਂ, ਇਸਤਰੀਆਂ ਅਤੇ ਬੱਚੀਆਂ ਨਾਲ ਹੋਏ ਜ਼ਬਰ-ਜਿਨਾਹ ਦੀਆਂ ਘਟਨਾਵਾਂ ਤੇ ਕਲਿੰਕਤ ਕੇਸਾ ਦੀਆਂ ਦਿੱਲ ਕੰਬਾਊ ਖਬਰਾਂ ਨਾਲ ਅਖਵਾਰਾਂ ਦੇ ਪੰਨੇ ਭਰੇ ਪਏ ਨਜ਼ਰ ਆਉਂਦੇ &;ਹਨ। ਹੁਸ਼ਿਆਰਪੁਰ ਵਿਖੇ ਇਸੇ ਤਰ੍ਹਾਂ ਦੀ ਹੋਈ ਇਕ ਘਟਨਾ ਤੇ, ਸਾਡੇ ਦੇਸ਼ ਦੀ ਵਿਤ ਮੰਤਰੀ (ਜੋ ਆਪ ਵੀ ਇਕ ਇਸਤਰੀ ਹੈ) ਨੇ ਇਕ ਕਾਂਗਰਸ ਆਗੂ ਨੂੰ ਕਿਹਾ ਸੀ, ''ਕਿ ਤੁਸੀਂ ਹੁਸ਼ਿਆਰਪੁਰ ਪਿਕਨਿਕ ਮਨਾਉਣ ਕਦੋਂ ਜਾਉਗੇ?'' ਤੋਂ ਹਾਕਮਾਂ ਦਾ ਇਰਾਦਾ ਸਾਫ਼ ਝਲਕਦਾ ਹੈ, ''ਕਿ ਸਤਾ ਦੇ ਗਲਿਆਰਿਆਂ 'ਚ ਬੈਠੀਆਂ ਸਰਕਾਰਾਂ ਨੂੰ ਇਸਤਰੀਆਂ ਤੇ ਬੱ-ਚੀਆਂ ਨਾਲ ਇਹੋ ਜਿਹੀਆਂ ਦਰਿੰਦਗੀ ਭਰੀਆਂ ਵਾਪਰ ਰਹੀਆਂ ਘਟਨਾਵਾਂ, ''ਪਿੱਕਨਿਕ ਮਨਾਉਣ'' ਵਰਗੀਆਂ ਹੀ ਦਿੱਸਦੀਆਂ ਹਨ। ਪ੍ਰਤੂੰ ! ਅਫਸੋਸ ਹੈ, ''ਕਿ ਇਸਤਰੀਆਂ ਪ੍ਰਤੀ ਅਪਰਾਧਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਜਿਸ ਦਾ ਮੁੱਖ ਕਾਰਨ ਬਰਤਾਨਵੀ ਸਾਮਰਾਜ ਵੇਲੇ ਦੀ ਘੱਸੀ-ਪਿੱਟੀ ਨਿਆਂ-ਪ੍ਰਣਾਲੀ, ਸਾਡਾ ਗੱਲਿਆ-ਸੱੜਿਆ ਰਾਜਸੀ ਢਾਚਾ, ਗੁਲਾਮੀ ਯੁੱਗ ਵਾਲੀ ਕਾਰਜ ਪਾਲਿਕਾ ਤੇ ਰਾਜ ਤੰਤਰ ਦਾ ਹੋਣਾ ਹੈ। ਇਸ ਲਈ ਸਾਡੇ ਦੇਸ਼ ਦਾ ਸਮੁੱਚਾ ਸਮਾਜਿਕ ਢਾਚਾਂ, ਸਾਡੀ ਆਰਥਿਕਤਾ, ਰਾਜਨੀਤੀ, ਸੱਭਿਆਚਾਰ ਤੇ ਧਰਮ ਸਭ ਇਸ ਲਈ ਜਿੰਮੇਵਾਰ ਹਨ।

''ਰਿਊਟਰਜ਼ ਫਾਂਊਡੇਸ਼ਨ ਵਲੋਂ ਕਰਵਾਈ ਗਈ ਰਾਇਸ਼ਮਾਰੀ ਅਨੁਸਾਰ ਭਾਰਤ ਇਸਤਰੀਆਂ ਦੇ ਰਹਿਣ ਪੱਖੋਂ ਦੁਨੀਆਂ ਅੰਦਰ ਚੌਥਾ ਖਤਰਨਾਕ ਦੇਸ਼ ਹੈ।'' ਕਿਉਂ ਕਿ ਇਸਤਰੀਆਂ ਨਾਲ ਸਬੰਧਤ ਜੁਰਮ ਉਸ ਦੇ ਜੰਮਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ''ਰਾਸ਼ਟਰੀ ਅਪਰਾਧ ਰੀਕਾਰਡ ਬਿਊਰੋ'' ਮੁਤਾਬਿਕ 2018 'ਚ ਬਲਾਤਕਾਰ ਦੇ 1,56,327 ਮਾਮਲਿਆਂ 'ਚ ਮੁਕੱਦਮਿਆਂ ਦੀ ਸੁਣਵਾਈ ਕੀਤੀ ਗਈ। ਇਨ੍ਹਾਂ ਵਿਚੋਂ 17,313 ਮਾਮਲਿਆਂ ਦੀ ਸੁਣਵਾਈ ਪੂਰੀ ਹੋਈ ਤੇ ਸਿਰਫ਼ 4,708 ਦੋਸ਼ੀਆਂ ਨੂੰ ਹੀ ਸਜ਼ਾ ਹੋਈ। 11,113 ਮਾਮਲਿਆਂ 'ਚ ਦੋਸ਼ੀ ਬਰੀ ਕਰ ਦਿੱਤੇ ਗਏ, ਜਦ ਕਿ 1,472 ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕੀਤਾ ਗਿਆ। 2018 'ਚ ਬਲਾਤਕਾਰ ਦੇ 1,38,642 ਮਾਮਲੇ ਲਮਕਾਅ ਅਵਸਥਾ 'ਚ ਸਨ। ਬਲਾਤਕਾਰ ਦੇ ਮਾਮਲਿਆਂ 'ਚ ਸਜਾਂ ਦੀ ਦਰ -2017 'ਚ 32.2-ਫੀ ਸੱਦ ਸੀ, ਜਦ ਕਿ -2018 'ਚ ਘੱਟ ਕੇ -27.2-ਫੀ ਸੱਦ ਰਹਿ ਗਈ ਹੈ।

ਕਾਨੂੰਨ ਤਹਿਤ ਮੁੱਦਈ ਨੂੰ ਸਿਰਫ ਮਾਨਸਿਕ ਰਾਹਤ ਹੀ ਮਿਲਦੀ ਹੈ। ਅਦਾਲਤਾਂ ਦੀ ਲੰਬੀ ਕਾਨੂੰਨੀ ਪ੍ਰੀਕ੍ਰਿਆ, ਵਿਰੋਧੀ ਵਕੀਲਾਂ ਰਾਂਹੀ ਅਣਉਚਿਤ ਅਤੇ ਬੇ-ਲੋੜੇ ਸਵਾਲਾਂ ਤੇ ਬਹਿਸ, ਵਾਰ-ਵਾਰ ਪੇਸ਼ੀਆਂ, ਇਕੱਲਿਆਂ ਦਾ ਆਉਣਾ ਜਾਣਾ, ਪੀੜਤ ਇਸਤਰੀ ਲਈ ਮੁਸ਼ਕਿਲਾਂ ਪੈਦਾ ਕਰਦਾ ਹੈ। ਦੇਸ਼ ਅੰਦਰ ਗਵਾਹੀ ਕਾਨੂੰਨ ਪੁਰਾਣਾ ਘੱਸਿਆ-ਪਿੱਟਿਆ ਹੋਣ ਕਰਕੇ ਕਈ-ਕਈ ਵਾਰੀ ਗਵਾਹੀ ਦੀ ਘਾਟ ਕਾਰਨ ਵੀ ਦੋਸ਼ੀ ਬਰੀ ਹੋ ਜਾਂਦਾ ਹੈ। ਰਾਜਤੰਤਰ ਅਤੇ ਨਿਆਂ ਪਾਲਿਕਾ ਦੀ ਡੋਰ ਵੀ ਰਾਜਸਤਾ 'ਤੇ ਬੈਠੇ ਹਾਕਮਾਂ ਦੇ ਹੱਥ 'ਚ ਹੁੰਦੀ ਹੈ। ਕਠੂਆ, ਹਾਥਰਸ ਉਨਾਓ ਆਦਿ ਦੇ ਦੋਸ਼ੀਆਂ ਨੂੰ ਬਚਾਉਣ ਲਈ ਸਤਾ ਤੇ ਬੈਠੀਆਂ ਰਾਜਸੀ ਪਾਰਟੀਆਂ, ਬੀ.ਜੇ.ਪੀ. ਤੇ ਹੋਰ ਕਈ ਸੰਗਠਨ ਦੋਸ਼ੀਆਂ ਦੀ ਸਹਾਇਤਾ ਲਈ ਅੱਗੇ ਆ ਗਏ ਸਨ। ਅਜਿਹੇ ਹਾਲਾਤਾਂ 'ਚ ਕੀ ਪੀੜ੍ਹਤ ਨੂੰ ਇਨਸਾਫ ਮਿਲ ਸੱਕੇਗਾ ? ਜਿੱਥੇ ਪੁਲੀਸ, ਕੋਰਟ, ਰਾਜਤੰਤਰ ਅਤੇ ਸਰਕਾਰ ਦੀ ਵਾਂਗਡੋਰ ਹਾਕਮਾਂ ਦੇ ਹੱਥ ਵਿੱਚ ਹੁੰਦੀ ਹੈ, ਜੋ ਮੁੱਖ ਦੋਸ਼ੀ ਦੀ ਹਮਾਇਤ 'ਚ ਨਿਤਰਦੇ ਹਨ।

ਬਲਾਤਕਾਰ ਦੇ ਕੇਸਾਂ ਦੀ ਸੁਣਵਾਈ ਲਈ ਫਾਸਟ ਟਰੈਕ ਕੋਰਟਾਂ ਨੂੰ ਲਾਜ਼ਮੀ ਬਣਾਇਆ ਜਾਵੇ। ਥਾਣਿਆਂ, ਪੁਲੀਸ ਤੇ ਅਦਾਲਤਾਂ ਵਿੱਚ ਸਿਆਸੀ ਦਖਲ-ਅੰਦਾਜ਼ੀ ਬੰਦ ਕੀਤੀ ਜਾਵੇ। ਬਲਾਤਕਾਰ ਦੇ ਕੇਸਾਂ ਦੀ ਸੁਣਵਾਈ ਕਰਨ ਦੀਆਂ ਭਾਵੇਂ ਹਦਾਇਤਾਂ ਤਾਂ ਹਨ, ਪਰ ! ਇਸ ਲਈ 1023 ਫਾਸਟ ਟਰੈਕ ਅਦਾਲਤਾਂ ਦੀ ਹੋਰ ਜ਼ਰੂਰਤ ਹੈ। ਜਿਨਾਂ ਤੇ ਸਰਕਾਰ ਦੇ ਨਿਆਂ ਵਿਭਾਗ ਵਲੋਂ 767.25 ਕਰੋੜ ਰੁਪਏ ਦੇ ਖਰਚੇ ਕਰਨ ਦਾ ਅਨੁਮਾਨ ਲਾਇਆ ਗਿਆ ਹੈ। ''ਕਦੋਂ ਇਹ ਅਦਾਲਤਾਂ ਸ਼ੁਰੂ ਹੋਣਗੀਆਂ, ਕੇਸ ਆਉਣਗੇ ਤਾਂ ਹੀ ਇਨਾਂ ਕਾਨੂੰਨਾਂ ਰਾਹੀਂ ਕੀਤੇ ਫੈਸਲਿਆਂ ਬਾਰੇ ਪਤਾ ਲੱਗ ਸਕੇਗਾ ਕਿ ਪੀੜਤ ਨੂੰ ਇਨਸਾਫ ਮਿਲ ਰਿਹਾ ਹੈ ਕਿ ਨਹੀਂ ? ਸਾਰਥਿਕ ਸਿੱਟੇ ਕਦੋਂ ਨਿਕਲਣਗੇ ਉਪਰਲਾ ਹੀ ਜਾਣੇ?''

ਵਿੱਧੀ ਆਯੋਗ ਦੀ ਇਕ ਰੀਪੋਰਟ ਦੀ ਸਿਫ਼ਾਰਸ਼ ਮੁਤਾਬਿਕ ਅਬਾਦੀ ਦੇ ਹਿਸਾਬ ਨਾਲ ਜਜਾਂ ਦੀ ਗਿਣਤੀ ਵਾਜਬ ਹੋਣੀ ਚਾਹੀਦੀ ਹੈ, ਤਾਂ ਹੀ ਇਨਸਾਫ਼ ਲਈ ਸਾਰਥਿਕ ਸਿੱਟੇ ਨਿਕਲ ਸਕਦੇ ਹਨ। ਦੇਸ਼ ਦੀ ਅਬਾਦੀ ਦੇ ਅੰਕੜਿਆਂ ਦੇ ਹਿਸਾਬ ਨਾਲ ਦੇਸ਼ ਭਰ ਵਿੱਚ 65,000 ਅਦਾਲਤਾਂ ਦੀ ਜ਼ਰੂਰਤ ਹੈ। ਪ੍ਰਤੂੰ ਇਸ ਸਮੇਂ ਸਿਰਫ 15,000 ਅਦਾਲਤਾਂ ਵੀ ਪੂਰੀ ਤਰ੍ਹਾਂ ਕਾਰਗਾਰ ਵੀ ਨਹੀਂ ਹਨ। ਅਦਾਲਤਾਂ ਦੇ ਬਨਾਉਣ ਦੇ ਨਾਲ-ਨਾਲ ਜੱਜਾਂ ਦੀਆਂ ਅਸਾਮੀਆਂ ਭਰਨੀਆਂ ਵੀ ਜਰੂਰੀ ਬਣਦੀਆਂ ਹਨ। ਜੋ ਸੰਭਵ ਨਹੀ ਹੈ?

ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਰਾਹੀਂ ਲੋਕ ਸਭਾ ਵਿੱਚ ਪੇਸ਼ ਕੀਤੇ ਅੰਕੜਿਆ ਮੁਤਾਬਿਕ ਭਾਰਤ ਦੇ ਸਾਰੇ ਰਾਜਾਂ &;ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ''ਨਿਰਭੈਅ ਫੰਡ'' ਦੇ ਤਹਿਤ ਖਰਚੇ ਲਈ ਰੱਖੇ ਗਏ ਕੁੱਲ ਬਜਟ ਦਾ 20-ਫੀ ਸੱਦ ਤੋਂ ਵੀ ਘੱਟ ਹਿੱਸੇ ਦੀ ਵਰਤੋਂ ਕੀਤੀ ਗਈ ਹੈ। -2015 ਤੋਂ 2018 ਦੇ ਵਿਚਕਾਰ ਕੇਂਦਰ ਸਰਕਾਰ ਵਲੋਂ ਨਿਰਭੈਅ ਫੰਡ 854.66 ਕਰੋੜ ਰੁਪਏ ਵੰਡਣ ਲਈ ਰਖਿਆ ਗਿਆ ਸੀ ਜਿਸ ਵਿਚੋਂ ਕੇਵਲ 165.48 ਕਰੋੜ ਰੁਪਏ ਹੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਸਰਕਾਰਾਂ ਨੇ ਖਰਚ ਕੀਤੇ ਹਨ। ਨਿਰਭੈਅ ਫੰਡ ਵਿੱਚ ਮੁੱਖ ਤੌਰ ਤੇ ''ਐਮਰਜੈਂਸੀ ਰਿਸਪਾਨਸ ਸਪੋਰਟਸ ਸਿਸਟਮ'' ਕੇਂਦਰ ਪੀੜਤ ਮੁਆਵਜ਼ਾ-ਨਿੱਧੀ, ਇਸਤਰੀ ਤੇ ਬੱਚਿਆਂ ਦੇ ਖਿਲਾਫ ਸਾਈਬਰ ਰੋਕਥਾਮ ਲਈ, ਵਨ ਸਟਾਪ ਸਕੀਮ, ਇਸਤਰੀ ਪੁਲੀਸ ਵਲੰਟੀਅਰ ਜਿਹੀਆਂ ਯੋਜਨਾਵਾਂ ਤੇ ਖਰਚ ਕਰਨ ਦੀ ਸਿਫਾਰਸ਼ ਕੀਤੀ ਹੋਈ ਹੈ। ਪਰ ! ਬਹੁਤ ਸਾਰੇ ਰਾਜਾਂ ਨੇ ਤਾਂ ਇਸ ਫੰਡ ਵਿਚੋਂ ਇਕ ਪੈਸਾ ਵੀ ਨਹੀਂ ਖਰਚਿਆ ਹੈ। ਇਨ੍ਹਾਂ ਵਿਚੋਂ ਖਾਸ ਤੌਰ ਤੇ ਮਹਾਂਰਾਸ਼ਟਰ, ਮਨੀਪੁਰ ਤੇ ਕੇਂਦਰ ਸ਼ਾਸਤ ਰਾਜ ਲਕਸ਼ਦੀਪ ਹੈ। ਹਾਕਮਾਂ ਕਿੰਨੀ ਤੰਗ-ਦਿਲੀ ਹੈ ਕਿ ਇਸਤਰੀਆਂ ਨਾਲ ਹੋ ਰਹੀਆਂ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਜੇਕਰ ਰਾਜਾਂ ਨੇ ਇਹ ਪੈਸੇ ਉਪਰੋਕਤ ਸੰਸਥਾਵਾਂ ਲਈ ਵਰਤਣੇ ਹੀ ਨਹੀਂ ਤਾਂ ਇਹੋ ਜਿਹੇ ਨਿਰਭੈਅ ਫੰਡ ਦੀ ਯੋਜਨਾ ਬਣਾਉਣ ਦਾ ਕੀ ਫਾਇਦਾ ਹੈ। ''ਪਰ ! ਹਾਕਮਾਂ ਨੂੰ ਕੌਣ ਪੁਛੇ ਅੱਗਾ ਢੱਕ ?''

ਇਸਤਰੀਆ ਨੂੰ ਆਪਣੇ ਅੰਦਰ ਸਮਾਜਿਕ ਤੇ ਕੁਦਰਤੀ ਔਕੜਾਂ ਵਿਰੁੱਧ ਸਵੈ-ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਨੀ ਪਏਗੀ, ਤਾਂ ਜੋ ਉਹ ਸਮਾਜ ਅੰਦਰ ਲਿੰਗਕ ਵਿਤਕਿ-ਰਆਂ ਦਾ ਮੁਕਾਬਲਾ ਕਰਨ ਦੇ ਯੋਗ ਹੋ ਸਕਣ। ਇਸ ਲਈ ਸਿੱਖਿਆ ਮਹੌਲ, ਸਭ ਤੋ ਉੱਪਰ ਸੰਗਠਿਤ ਰੂਪ ਵਿੱਚ ਵਿਤਕਰੇ ਵਾਲੀ ਭੀੜ ਦੇ ਵਿਰੁੱਧ ਸ਼ੋਸਿਤ ਲੋਕਾਂ ਨਾਲ ਮਿਲ ਕੇ ਇਕੱਠੇ ਹੋਣਾ ਪਏਗਾ। ਇਸਤਰੀ ਅੱਜ ਵੀ ਸਮਾਜਿਕ ਤੇ ਆਰਥਿਕ ਖੇਤਰ ਅੰਦਰ ਮਰਦ ਦੇ ਨਾਲ ਕਿਰਤ ਵਿੱਚ ਬਰਾਬਰ ਦਾ ਯੋਗਦਾਨ ਪਾਉਣ ਤੋਂ ਬਾਅਦ ਵੀ ਉਸ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਹੋਇਆ ਹੈ।

ਉਸ ਦੀ ਇੱਕ ਮਨੁੱਖੀ ਹੈਸੀਅਤ,ਇੱਕ ਕਿਰਤੀ ਅਤੇ ਇੱਕ ਨਾਗਰਿਕ ਹੋਣ ਦੇ ਬਾਵਜੂਦ ਵੀ ਉਹ ਅਬਾਦੀ ਦਾ ਅੱਧ ਬਣਦੀ ਹੈ। ਫਿਰ ਵੀ ਉਹ ਦੂਸਰੇ ਦਰਜੇ ਦੀ ਨਾਗਰਿਕ ਹੀ ਗਿਣੀ ਜਾਦੀ ਹੈ? ਮਾਲਕੀ ਦੇ ਵੱਖੋ ਵੱਖੋ ਰੂਪਾਂ ਅੰਦਰ ਅਤੇ ਜਨਤਕ ਖੇਤਰ ਵਿੱਚ ਉਹ ਇੱਕ ਭਾਰੂ ਸਥਿਤੀ ਵਿੱਚ ਨਹੀ ਹੈ। ਜਿਨ੍ਹਾ ਚਿਰ ਇਹ ਅਜ਼ਾਦ ਅਰਥਚਾਰੇ ਅੰਦਰ ਸਿਰ ਖੁਦ ਅਤੇ ਆਤਮ ਨਿਰਭਰ ਨਹੀ ਹੋਵੇਗੀ, ਉਸ ਦੀ ਮੁਕਤੀ ਅਜੇ ਦੂਰ ਹੈ। ਅੱਜ ਦੇ ਪੂੰਜੀਵਾਦੀ ਤੇ ਉਦਾਰਵਾਦੀ ਪ੍ਰਭਾਵ ਹੇਠ ਇਸਤਰੀਆਂ ਦੀ, ਤਰੱਕੀ ਲਈ ਸਮਾਜਿਕ ਤੇ ਆਰਥਿਕ ਜੀਵਨ ਵਿੱਚ ਆਰਥਿਕ ਅਜ਼ਾਦੀ ਅਤੇ ਸੁਤੰਤਰ ਭੂਮਿਕਾ ਹੀ ਉਸ ਨੂੰ ਪੂਰਨ ਸਹਾਰਾ ਦੇ ਸਕਦੀਆ ਹਨ। ਇਸਤਰੀਆਂ ਨੂੰ ਹਰ ਤਰ੍ਹਾ ਦੇ ਵਿਤਕਰੇ ਅਤੇ ਨਾਂ-ਬਰਾਬਰੀ ਦੇ ਰੁਤਬੇ ਖਿਲਾਫ ਤੇ ਇਸਤਰੀਆਂ ਦੀ ਬਰਾਬਰਤਾ ਲਈ ਜਨ ਅੰਦੋਲਨ ਹੀ ਉਸਦੀ ਮੁਕਤੀ ਦਾ ਰਾਹ ਹੈ!

# ਕਿਸਾਨ ਮਜਦੂਰ ਏਕਤਾ ਜਿੰਦਾਬਾਦ



ਹਰਦੀਪ ਸਿੰਘ ਚੁੰਬਰ
+91-94636-01616

ਬਹੁਤ ਸਪੱਸ਼ਟ ਹੈ 95% ਕਿਸਾਨ ਜੱਟ ਜਾਤੀ ਦੇ ਜਿਮੀਦਾਰ ਕਿਸਾਨ ਹਨ। ਕਿਸਾਨੀ ਧੰਦਾ ਸਮੇਂ ਦਾ ਹਾਣੀ ਨਹੀਂ ਰਿਹਾ। ਛੋਟੇ 4-5 ਏਕੜ ਵਾਲੇ ਵੀ 50-100 ਏਕੜ ਵਾਲੇ ਕਿਸਾਨ ਵਾਲੀ ਖੇਤੀ ਕਰਦੇ ਫਸ਼ਲਾਂ ਦਾ ਕਾਰੋਬਾਰ ਕਰਦੇ ਹਨ। ਕਰਜਿਆਂ ਦੇ ਭਾਰ ਥੱਲੇ ਮਹਿੰਗੇ ਖੇਤੀ ਔਜਾਰ ਰਖਣ ਦੀ ਹੋੜ ਵਿੱਚ ਛੋਟਾ ਕਿਸਾਨ ਵੱਡੇ ਦੀ ਨਕਲ ਕਰਦਾ ਆ ਰਿਹਾ ਹੈ, ਉਹ ਢੰਗ ਛੋਟੀ ਕਿਸਾਨੀ ਲਈ ਲਾਹੇਬੰਦ ਨਹੀ ਘਾਟੇ ਦਾ ਸੌਦਾ ਰਿਹਾ ਹੈ। ਸੰਸਾਰ ਵਿੱਚ ਸਭ ਨਾਲੋਂ ਵੱਧ ਕਮਜੋਰ ਦੇਸ਼ਾਂ ਵਿੱਚ ਸ਼ਾਮਿਲ ਦੱਖਣੀ ਏਸ਼ੀਆ ਹੈ, ਉਸ ਵਿਚ ਕਮਜੋਰ ਭਾਰਤ ਦਾ ਕਿਸਾਨ, ਅਤੇ ਸੰਸਾਰ ਦਾ ਸਭ ਨਾਲੋ ਕਮਜੋਰ ਹੈ ਭਾਰਤ ਦਾ ਖੇਤੀ ਮਜਦੂਰ ਜੋ ਕਰਜਦਾਰ ਕਿਸਾਨਾਂ ਦਾ ਵੀ ਕਰਜਦਾਰ ਹੈ, ਉਸੇ ਕਰਜ ਕਾਰਨ ਪੀਹੜੀ ਦਰ ਪੀਹੜੀ ਕਿਸਾਨੀ ਦੀ ਗੁਲਾਮੀ ਕਰਦਾ ਆ ਰਿਹਾ ਹੈ।

ਮਹਿੰਗਾਈ ਸਭ ਲਈ ਹੈ। ਮਜਦੂਰ ਕਿਸਾਨ ਏਕਤਾ ਵਿੱਚ ਉਸ ਕਿਸਾਨ ਦਾ ਸਾਥ ਦੇਣ ਵਾਲਾ ਮਜਦੂਰ ਜਦੋਂ ਦਿਹਾੜੀ ਵਧਾਉਣ ਦੀ ਗੱਲ ਕਰਦਾ ਹੈ, ਆਪਣੇ ਹੱਕ ਦੀ ਜਮੀਨ ਦਿ ਹਿੱਸੇ ਦੀ ਗੱਲ ਕਰਦਾ ਹੈ ਤਾਂ ਸਾਰੇ ਇਹੀ 95% ਕਿਸਾਨ ਜੱਟ ਬਣ ਜਾਂਦੇ ਹਨ, ਪੰਚਾਇਤੀ ਜਮੀਨਾਂ ਦੀਆਂ ਡੰਮੀ ਬੰਦੇ ਖੜੇ ਕਰਕੇ ਆਪਣੇ ਕਬਜੇ ਬਣਾਈ ਰਖਣ ਲਈ ਲੜਦੇ ਹਨ, ਮਜਦੂਰਾਂ ਦੇ ਕਤਲ ਵੀ ਕੀਤੇ ਹਨ, ਵਿਹੜੇ ਵਾਲਿਆਂ ਨੂੰ ਘਰਾਂ ਵਿੱਚ ਬੰਦ ਵੀ ਕੀਤਾ ਹੈ। ਬਾਕੀ 5% ਜੱਟ ਜੇ ਅਸਲੀ ਕਿਸਾਨ ਕਹੇ ਜਾ ਸਕਦੇ ਹਨ ਉਹ ਵੀ ਚੁੱਪ ਰਹਿਕੇ ਆਪਣੇ ਜੱਟ ਭਰਾਵਾਂ ਦਾ ਹੀ ਸਾਥ ਦਿੰਦੇ ਦਿਖਾਈ ਦਿੱਤੇ ਹਨ, ਜੇ ਕਰ ਇੱਕਾ-ਦੁੱਕਾ ਉਧਾਰਨਾ ਦੀ ਗੱਲ ਨਾਂ ਕਰੀਏ।



1997 ਦੀ ਗਲ ਹੈ ਮੈਂ ਮਲੇਰਕੋਟਲਾ ਟੈਲੀਫੂਨ ਮਹਿਕਮੇ ਵਿੱਚ ਨੌਕਰੀ ਕਰਦਾ ਸੀ। ਉਹਨਾ ਦਿਨਾ ਵਿੱਚ ਸੁਣਦੇ ਕਿ ਇੱਕ ਮੁਸਲਮਾਨ ਭਰਾ ਨੇ ਇਕ ਵਿਘੇ ਵਿਚੋਂ ਲੱਖ ਰੁਪਏ ਦਾ ਖੀਰਾ ਅਤੇ ਹੋਰ ਕੁੱਝ ਵੇਚਿਆ ਸੀ। ਲੋਕ ਗੱਲਾ ਕਰਦੇ ਸਨ ਕਿ 50-50 ਵਿਘਿਆਂ ਵਾਲੇ ਕਿਉਂ ਖੁਦਕਸੀਆਂ ਕਰ ਰਹੇ ਹਨ। ਲੱਖਾਂ ਕਰੋੜਾਂ ਦੀ ਜਮੀਨ ਜਾਇਦਾਦ ਹੋਵੇ ਅਤੇ ਸਿੱਖਿਆ ਦੀ ਘਾਟ ਕਿਸੇ ਵੀ ਇਨਸਾਨ ਦਾ ਦਿਮਾਗ ਖਰਾਬ ਕਰ ਸਕਦੀ ਹੈ। ਇਹ ਜਮੀਨਾਂ ਜਾਇਦਾਦਾਂ 16% ਜੱਟ ਜਾਤੀ ਦੇ ਕੋ.ਲ ਹਨ। ਇਹ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਤੌਰ ਤੇ ਮਜਦੂਰ ਜਮਾਤ ਨਾਲੋ ਹਜਾਰਾਂ ਗੁਣਾਂ ਅਮੀਰ ਹੈ। ਲਗਭਗ 40% ਪੰਜਾਬ ਦੀ ਅਬਾਦੀ ਹੈ ਬਹੁਤਿਆਂ ਕੋਲ ਦੋ ਮੰਜਿਆਂ ਦੀ ਥਾਂ ਵੀ ਨਹੀਂ। ਕਮਾਈ ਦੀ ਗਲ ਕਰੀਏ ਤਾਂ ਇਹ 40 % ਲੋਕਾਂ ਨੂੰ ਸਾਲ ਭਰ 365 ਦਿਨਾਂ ਵਿੱਚ ਅੱਧੇ ਦਿਨ ਹੀ ਕੰਮ ਮਿਲਦਾ ਹੈ। ਐਨਰੇਜ ਦਿਹਾੜੀ 400 ਹੀ ਲਾ ਲਈਏ ਤਾਂ ਸਾਲ ਦਾ 73,000 ਅਤੇ ਮਹੀਨੇ ਦਾ 6083 ਅਤੇ ਇਕ ਦਿਨ ਦਾ 203 ਰੁਪਏ ਬਣਦਾ ਹੈ। ਮਹੀਨੇ ਦੇ 6-7 ਹਜਾਰ ਨਾਲ ਦਿਨ ਭਰ ਦਾ 5-6 ਜੀਆਂ ਦਾ (ਮਾਂ- ਬਾਪ, 2 ਬੱਚਿਆਂ ਸਮੇਤ ਟੱਬਰ) ਖਾਣਾ, ਬੱਚਿਆਂ ਦੇ ਪੜਾਈ ਦੇ ਖਰਚੇ, ਬਿਮਾਰੀ ਅਤੇ ਹੋਰ ਸਮਾਜਿਕ ਜਿੰਮੇਦਾਰੀਆਂ ਦੇ ਖਰਚੇ ਇਸੇ 6-7 ਹਜਾਰ ਮਹੀਨਾ ਵਿੱਚੋ ਚਲਾਉਂਦੇ ਹਨ। ਥੋੜਾ ਬਹੁਤ ਗਾਂ ਮੱਝ ਦਾ ਦੁੱਧ ਆਦਿ ਪਾ ਕੇ ਨਿਗੁਣੀ ਰਾਹਤ ਮਿਲਦੀ ਹੈ ਇਹਨਾ ਨੂੰ। ਇਹਨਾ ਡੰਗਰਾਂ ਲਈ ਵੀ ਇਹਨਾ ਕੋਲ ਡੱਟਾਂ ਦੇ ਖੇਤਾਂ ਵਿਚੋ ਘਾਹ ਪੱਤ ਲਿਆਉਂਵੈਂਦਾ ਹੈ ਜਿਸ ਕਾਰਨ ਕਈ ਤਰਾਂ ਦੀਆਂ ਅਦਿਖ ਗੁਲਾਮੀਆਂ ਵੀ ਇਹਨਾਂ ਲੋਕਾਂ ਨੂੰ ਕਰਨੀਆਂ ਪੈਂਦੀਆਂ ਹਨ। ਬਹੁਤ ਨੇੜੇ ਜਾ ਕੇ ਦੇਖਣ ਉੱਤੇ ਇਵੇਂ ਦਿਖਾਈ ਦਿੰਦਾ ਹੈ ਕਿ ਮੌਜੂਦਾ ਕਿਸਾਨੀ ਪੁਰਾਤਨ ਭਾਰਤੀ ਸਾਮੰਤਵਾਦ ਦਾ ਛੋਟਾ ਰੂਪ ਹੈ। ਲੋਕਰਾਜ 75 ਸਾਲਾਂ ਤੋਂ ਹੋਵੇ ਸੱਤਾ ਕੇਵਲ ਇੱਕੋ ਜਾਤੀ ਦੇ ਲਗਭਗ 16% ਜਾਤੀ ਦੇ ਲੋਕਾਂ ਦੇ ਹੱਥ ਰਹੇ, 84% ਅਲੱਗ ਅਲੱਗ ਜਾਤੀਆਂ ਦਾ ਲੋਕ ਕੇਵਲ ਵੋਟ ਬੈਂਕ ਭੀੜ ਨੂੰ ਕਰਦੇ ਕੋਈ ਵਰਗਲਾ ਲਵੇ ਕਦੇ ਕੋਈ, ਸੱਤਾ ਦੇ ਨੇੜੇ ਵੀ ਨਾ ਹੋਣ।

ਤਾਜਾ ਘਟਨਾ ਹੇ ਕਿ ਪਿੰਡ ਅਲਬੇਲ ਪੁਰਾ ਰੋਡੀਵਾਲ ਤਹਿਸੀਲ ਵਾ ਜ਼ਿਲ੍ਹਾ ਮਲੇਰਕੋਟਲਾ ਵਿਖੇ ਦੋ ਬਜ਼ੁਰਗ ਔਰਤਾਂ ਦੀ ਇਕ ਜਾਤ ਹੰਕਾਰੀ ਜੱਟ ਨੇ ਗ਼ਰੀਬ ਔਰਤਾਂ ਨੂੰ ਵੱਟ ਵੱਟ ਤੇ ਕੱਖ ਕੱਢਣ ਤੇ ਕੀਤੀ ਕੁੱਟਮਾਰ ਕਹਿੰਦਾ ਕਿ ਤੁਸੀਂ ਸਾਡੇ ਨਾਲ ਦਿੱਲੀ ਧਰਨੇ ਤੇ ਨਹੀਂ ਜਾਂਦੀਆਂ ਅਤੇ ਬਹੁਤ ਜਿਆਦਾ ਗੰਦੀਆਂ ਗਾਲ੍ਹਾਂ ਕੱਢੀਆਂ ਅਤੇ ਫੇਰ ਆਪਣੇ ਸਾਥੀ ਗੁੰਡੇ ਬੁਲਾ ਕੇ ਘਰੋਂ ਕੱਢ ਕੇ ਸੜਕ ਤੇ ਕੁੱਟਮਾਰ ਕੀਤੀ ਪਰ ਪ੍ਰਸ਼ਾਸਨ ਵੱਲੋਂ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ- ਜਗਸੀਰ ਸਿੰਘ ਘਨੌਰ ਦੀ ਸ਼ੋਸ਼ਲ ਮੀਡੀਆਂ ਉੱਤੇ ਪਾਈ ਹੋਈ ਹੈ। ਸਮਾਜਿਕ ਢਾਂਚ ਪੜਨ ਲਈ ਕਾਫੀ ਹੈ।

ਜਿਸ ਸਮੇਂ 10 ਮਹੀਨਿਆਂ ਤੋਂ ਕਿਸਾਨ ਸੰਘਰਸ਼ ਕਿਸਾਨ ਮੰਗਾਂ ਲਈ ਕਿਸਾਨ ਮਜਦੂਰ ਏਕਤਾ ਦੇ ਝੰਡੇ, ਬੈਨਰ, ਖਬਰਾਂ ਅਤੇ ਬਿਆਨਾਂ ਨੂੰ ਪ੍ਰਚਾਰਿਤ ਕਰ ਰਿਹਾ ਹੈ ਅਤ ਮਹਿਸੂਸ ਕਰ ਰਿਹਾ ਹੈ ਕਿ ਮਜਦੂਰਾਂ ਦੇ ਸਮਰਥਨ ਦੀ ਜਰੂਰਤ ਹੈ ਉਸ ਸਮੇਂ ਵੀ ਸਾਮੰਤਵਾਦੀ ਸੋਚ ਨੂੰ ਆਪਣੇ ਮਨਾਂ ਵਿੱਚ ਦਬਾਉਣ ਦੀ ਕੋਸ਼ਿਸ ਕਰਦੇ ਵੀ ਦਬਾ ਨਹੀਂ ਸਕਦਾ। ਮੰਨ ਸਕਦੇ ਹੋ ਕਿ ਆਮ ਹਾਲਾਤਾਂ ਵਿੱਚ ਕਿਸਾਨ ਮਜਦੂਰ ਭਾਈਚਾਰਾ ਕਿੰਨਾ ਕੂ ਮਾਨਵਤਾਵਾਦੀ ਅਤੇ ਸਿੱਖ ਗੁਰੂਆਂ ਦੀ ਸੋਚ ਦਾ ਹੋ ਸਕਦਾ ਹੈ।

ਮੀਡੀਆ ਸੱਤਾ ਅਤੇ ਧਨਪਤੀਆਂ ਦੀ ਗੁਲਾਮੀ ਤੋਂ ਵਿਹਲਾ ਨਹੀਂ ਹੋ ਰਿਹਾ ਕਿ ਆਮ ਮਜਦੂਰ ਲੋਕਾਂ ਦੇ ਦਰਦਾਂ ਨੂੰ ਵੀ ਖਬਰ ਬਣਾ ਸਕੇ। ਗਰੀਬ ਮਜਦੂਰਆਂ ਨੂੰ 5-10 ਕਿਲਿਆਂ ਵਾਲਾ ਵੀ ਕਿਸਾਨ ਅੰਬਾਨੀ ਅਡਾਨੀ ਦਾ ਬਰਾਬਰ ਲਗਦਾ ਹੈ ਜਿਸ ਦੇ ਪ੍ਰਵਾਰ ਦਾ 5-6 ਜੀਆਂ ਨੂੰ ਔਸਤਨ ਲਗਭਗ 200 ਰੁਪਏ ਰੋਜਾਨਾ ਹੀ ਕਮਾਈ ਹੋਵੇ।&; ਸ਼ੋਸ਼ਲ ਮੀਡੀਆ ਖਬਰ ਲਾ ਰਿਹਾ।ਪਿੰਡ ਭੂੜ ਰਾਏਪੁਰ ਰਾਣੀ (ਹਰਿਆਣਾ' ਪੰਚਕੂਲਾ ਦੇ ਨਜ਼ਦੀਕ) ਵਿੱਚ ਦਲਿਤਾਂ ਦੇ ਸਮਾਜਿਕ ਬਾਈਕਾਟ ਅਤੇ ਉਨ੍ਹਾਂ ਉੱਤੇ ਹੋਏ ਜਾਨਲੇਵਾ ਹਮਲੇ ਦੇ ਵਿਰੁੱਧ ਖੜ੍ਹੇ ਹੋਵੋ।

ਪਿੰਡ ਭੂਦ ਰਾਏਪੁਰ ਰਾਣੀ ਵਿੱਚ, ਦਲਿਤਾਂ ਦਾ ਪਿਛਲੇ 20 ਦਿਨਾਂ ਤੋਂ ਪਿੰਡ ਦੇ ਗੁੰਡਿਆਂ ਦੁਆਰਾ ਸਮਾਜਿਕ ਤੌਰ ਤੇ ਬਾਈਕਾਟ ਕੀਤਾ ਜਾ ਰਿਹਾ ਹੈ, ਜਿਸਦੇ ਕਾਰਨ ਪਿੰਡ ਦੇ ਦਲਿਤ ਨਾ ਤਾਂ ਖੇਤਾਂ ਵਿੱਚ ਜਾ ਸਕਦੇ ਹਨ ਅਤੇ ਨਾ ਹੀ ਆਲੇ ਦੁਆਲੇ ਦੇ 5 ਪਿੰਡਾਂ ਵਿੱਚ ਜਾ ਸਕਦੇ ਹਨ। ਦਿਹਾੜੀਦਾਰ, ਨਾ ਤਾਂ ਦੁੱਧ ਦੇਣ ਵਾਲੇ ਨੂੰ ਦੁੱਧ ਦੇ ਸਕਦਾ ਹੈ ਅਤੇ ਨਾ ਹੀ ਲੈ ਸਕਦਾ ਹੈ, ਨਾ ਹੀ ਰਾਸ਼ਨ ਦੀਆਂ ਦੁਕਾਨਾਂ ਤੋਂ ਰਾਸ਼ਨ ਲੈ ਸਕਦਾ ਹੈ, ਇਸਦੇ ਨਾਲ ਹੀ ਦਲਿਤਾਂ ਦੀਆਂ 8 ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ ਹਨ, 7/9/2021 ਨੂੰ ਜਦੋਂ ਅਮਨ ਪਿੰਡ ਦਾ ਇੱਕ ਦਲਿਤ ਲੜਕਾ ਦੁਕਾਨ ਤੋਂ ਅੰਡਾ ਖਾਣ ਗਿਆ ਤਾਂ, ਉਸ ਦੀ ਕੁੱਟਮਾਰ ਕੀਤੀ ਗਈ ਅਤੇ ਉਸ ਤੋਂ ਬਾਅਦ 40 - 50 ਗੁੰਡਿਆਂ ਨੇ ਅਮਨ ਦੇ ਘਰ ਵਿੱਚ ਦਾਖਲ ਹੋ ਕੇ ਹਮਲਾ ਕੀਤਾ ਅਤੇ ਹੁਣ ਪੁਲਿਸ ਮਾਮਲੇ ਨੂੰ ਲੁਕਾਉਣ ਦੀ ਕੋਸ੍ਰਿ ਕਰ ਰਹੀ ਹੈ। ਬੇਨਤੀ ਕੀਤੀ ਹੈ, ਸਾਰੇ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਹੈ ਕਿ ਉਹ ਪਿੰਡ ਭੂਦ ਰਾਏਪੁਰ ਰਾਣੀ ਜਾ ਕੇ ਦਲਿਤਾਂ ਨੂੰ ਮਿਲਣ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਹੋਣ।

**ਮਜਦੂਰਾਂ ਦੇ ਹੱਕ ਦੀ ਪੰਚਾਇਤੀ ਜਮੀਨ ਦਾ ਹੱਕ ਮਾਰਨ ਵਾਲੇ ਆਪਣੀ ਜਮੀਨ ਦੀ ਲੜਾਈ ਲੜ ਰਹੇ ਹਨ।**
**( ਮਜਦੂਰ ਕਿਸਾਨ ਏਕਤਾ ਜਿੰਦਾਬਾਦ )**

ਹਜਾਰਾਂ ਸਾਲਾਂ ਦੀ ਲੰਮੀ ਸਮਾਜਿਕ ਦਾਸਤਾਨ ਹੈ। ਸਨ ਸੰਤਾਲੀ ਦੀ ਵੰਡ ਦੇ ਕਤਲਿਆਮ, ਉਜਾੜੇ ਦੇ ਦਰਦ ਦੀਆਂ ਗਾਥਾਵਾਂ ਹਰ ਰੋਜ ਕਿਸੇ ਨਾ ਕਿਸੇ ਮੀਡੀਆ ਵਿੱਚ ਸੁਣਦੇ ਪੜਦੇ ਰਹਿੰਦੇ ਹਾਂ। ਇਸ ਉਜਾੜੇ ਦੀਆਂ ਦਰਦ ਕਹਾਣੀਆਂ ਵਿੱਚੋਂ ਜੇ ਕਰ ਘਾਟ ਅਤੇ ਕੁੱਝ ਗਾਇਬ ਪਾਉਦੇ ਹਾਂ ਤਾਂ ਉਹ ਹੈ, ਸਮਾਜ ਦਾ ਦਲਿਤ ਵਰਗ ਜਿਸ ਦਾ ਦਰਦ ਅਮੀਰ ਉਜੜੇ ਲੋਕਾਂ ਨਾਲੋਂ ਕਿਸੇ ਵੀ ਤਰਾਂ ਘੱਟ ਨਹੀਂ ਹੋ ਸਕਦਾ। ਪਰ ਇੱਕ ਵੀ ਦਰਦ ਗਾਥਾ ਗਰੀਬਾਂ ਦੀ ਨਹੀ ਪੜੀ ਸੁਣੀ। ਮੀਡੀਆ ਦਾ ਉਹਨਾ ਤਕ ਪਹੁੰਚਣ ਤੋਂ ਪਹਿਲਾਂ ਹੀ ਪਿਟਰੋਲ ਖਤਮ ਹੋ ਚੁੱਕਾ ਲਗਦਾ ਮਹਿਸੂਸ ਹੁੰਦਾ ਹੈ।

ਸੰਯੁਕਤ ਕਿਸਾਨ ਮੋਰਚਾ ਜੋ ਦਿੱਲੀ ਚਲ ਰਿਹਾ ਹੈ। ਕੀ ਸੱਚਮੁੱਚ ਕਿਸਾਨ ਮਜਦੂਰ ਏਕਤਾ ਹੈ। ਇਹ ਕਿਸਾਨਾਂ ਦੇ ਸੰਗਠਨਾ ਦਾ ਸੰਗਠਿਤ ਅਤੇ ਮਜਦੂਰਾਂ ਦੇ ਗੈਰ ਸੰਗਠਿਤ ਢਾਂਚੇ ਦੀ ਏਕਤਾ ਬਾਹਰੇ ਦਿਖਾਈ ਦਿੰਦੀ ਹੈ ਸਾਇਦ ਅੰਦਰੋਂ ਵੀ ਇਹੋ ਹੀ ਹੋਵੇ। ਇਹ ਹੀ ਲੋਕਪਿੰਡਾਂ ਵਿੱਚ ਸੰਗਠਤ ਮਜਦੂਰ ਜਥੇਬੰਦੀਆਂ ਦਾ ਵ੍ਰੋਧ ਕਰਦੇ ਹਨ, ਪਰ ਇੱਕਲੇ ਇਕਹਰੇ ਮਜਦੂਰ ਦੀ ਸਹਾਇਤਾ ਪੱਕਾ ਹੱਥ ਠੋਕਾ ਬਣਾਕੇ ਰਖਣ ਲਭ ਕਰਦੇ ਦਿਖਾਈ ਦਿੰਦੇ ਹਨ, ਜੋ ਡਮੀ ਸਮੀਨ ਬੋਲੀਆਂ ਲਈ ਵੀ ਕੰਮ ਆਉਂਦੇ ਹਨ ਉਹਨਾ ਦੇ। ਸ਼ਾਇਦ ਮਾੜਚੂ ਗਰੀਬ ਲੋਕਾਂ ਨੂੰ ਇਹ ਲੋਕ ਵੀ ਮੋਦੀ ਹੀ ਵਰਗੇ ਹੀ ਲਗਦੇ ਹੋਣਗੇ ਪਿੰਡਾਂ ਵਿੱਚ।

ਉਸ ਵਿੱਚ ਕਿੰਨੇ ਮਜਦੂਰ ਸੰਗਠਨ ਹਨ ਅਤੇ ਮਜਦੂਰ ਸੰਗਠਨਾਂ ਦੇ ਮਜ਼ਦੂਰ ਦੇ ਨੇਤਾਂ ਦੇ ਕੀ ਨਾਮ ਹਨ। ਸਾਨੂੰਮਜਦੂਰ ਨੇਤਾਵਾ ਨੂੰਅਤੇ ਜਥੇਬੰਦਕ ਸ਼ਕਤੀ ਨੂੰ ਕਿਸੇ ਕਿਸਾਨ ਦੇ ਸਾਂਝੇ ਪ੍ਰੋਗਰਾਮਾਂ ਦੀ ਰੂਪਰੇਖਾ ਬਨਾਉਣ ਦੇ ਪ੍ਰੋਗਰਾਮਾਂ ਵਿੱਚ ਮਜਦੂਰ ਨੇਤਾ ਹੋਣ ਸਬੰਧੀ ਲਭਣ ਦੀ ਕੋਸ਼ਿਸ਼ ਕੀਤੀ, ਨਹੀਂ ਲਭ ਸਕੇ। .... ਪੰਡਤ ਅਤੇ ਡਾਕਟਰ ਜਰੂਰ ਨਜਰ ਆਏ। ਯਾਦਵ ਵਰਗੇ ਨੇਤਾ ਵੀ। ਕੋਈ ਮੋਚੀ, ਸਫਾਈ ਕਰਮੀ, ਖੇਤੀਹਰ ਮਜਦੂਰ ਕੈਈ ਵੀ ਐਸਸੀ, ਐਸਟੀ, ਓਬੀਸੀ ਸੰਗਠਨਾਂ ਦਾ ਕੋਈ ਨੇਤਾ ਜਾਂ ਐਸਸੀ ਕਿਸਾਨ ਮੁਢਲੇ ਨੇਤਾਵਾਂ ਦੀ ਕਤਾਰ ਵਿੱਚ ਹੋਵੇ, ਜਰੂਰ ਸਾਂਝਾ ਕਰਨਾ ਜੀ।

ਇਸ ਤਰਾਂ ਮਹਿਸੂਸ ਸੁਰੂ ਤੋਂ ਹੀ ਕਰ ਰਹੇ ਹਾਂ, ਕਿ ਜਿਦਾਂ ਕਿਸਾਨ ਮਜਦੂਰ ਦੀ ਜਥੇਬੰਦਕ ਸ਼ਕਤੀਆਂ ਤੋਂ ਗੁਰੇਜ ਕਰਦੀਆਂ ਹੋਣ, ਪਰ ਇਕੱਲੇ ਇੱਕਹਿਰੇ ਮਜਦੂਰਾਂ ਨੂੰ ਕੇਵਲ ਲਾਹੇ ਅਤੇ ਖੇਤੀ ਜਾਂ ਘਰੇਲੂ ਕੰਮ ਦਾ ਲਾਭ ਲੈਣ ਲਈ ਨਾਲ ਰਖ ਰਹੇ ਹੋਣ।ਸ਼ਾਇਦ ਉਹ ਡਰਦੇ ਹੋਣਗੇ ਕਿ ਮਜਦੂਰ ਦੀ ਜਥੇਬੰਦਕ ਸ਼ਕਤੀ ਬਣਨ ਨਾਲ ਜਾ ਬਣਾਏ ਜਾਣ ਨੂੰ ਕਿਸਾਨ ਲਈ ਭਵਿਖ ਵਿੱਚ ਦਿਹਾੜੀ, ਮਜਦੂਰੀ ਵਧਾਉਣ ਅਤੇ ਪੰਚਾਇਤੀ ਜਮੀਨੀ ਦੇ ਹੱਕਾਂ ਨੂੰ ਲੈਕੇ ਚਣੌਤੀ ਤਾਂ ਨਹੀਂ ਬਣ ਜਾਣਗੇ। ਇਸ ਲਈ ਆਪ ਕਿਸਾਨ ਆਪਣੀਆਂ ਚਣੌਤੀ ਦੇ ਹੱਲ ਲਈ ਸੰਗਠਤ ਹੋ ਰਹੇ ਹਨ।ਮਜਦੂਰ ਚਣੌਤੀ ਨਾ ਬਣ ਜਾਣ ਉਹਨਾ ਦੇ ਸੰਗਠਤ ਢਾਂਚਾ ਬਣ ਜਾਣ ਨੂੰ ਬਣਨ ਦੇਣਾ ਨਹੀਂ ਚਾਹੁੰਦੇ।

## ਗੀਤ

ਕੜਾ ਇਕ ਲੋਹੇ ਦਾ ਤੇ
ਨਾ.ਲ ਕਿਰਪਾਨ ਦੇਵੋ
ਮੈਨੂੰ ਮੇਰੇ ਵੀਰਿਉ ਵੇ ਦਾਜ।
ਮਾਸ ਨੋਚ ਸਕੇ ਨਾ ਵੇ
ਜਾਣ ਕੇ ਮਾਸੂਮ ਘੁੱਗੀ
ਵੱਢ ਖਾਣਾ ਚੰਦਰਾ ਸਮਾਜ।

ਸ਼ਾਹਾਂ ਦੀਆਂ ਕੁਹਝੀਆਂ
ਕੁਰੀਤੀਆਂ ਤੇ ਰੀਝਿਉ ਨਾ
ਰਸਮਾਂ ਦੀ ਚੁਗਿਉ ਨਾ ਚੋਗ।
ਨੀਤ ਦਿਆਂ ਭੁੱਖਿਆਂ ਨੇ
ਤੈਰਿਸ਼ਨਾ ਦੇ ਜਾ.ਲ ਲਾਕੇ
ਕਿਰਤੀ ਨੂੰ ਲਾਏ ਭੈੜੇ ਰੋਗ।
ਚੋਜ ਤੇ ਕਲੋਲ ਇਹ
ਵਿਹਲੇ ਪੂੰਜੀਪਤੀਆਂ ਦੇ
ਥੋਡੇ ਲਈ ਜਿਹੜੀ ਲੋਕ ਲਾਜ।
ਕੜਾ ਇਕ ਲੋਹੇ ਦਾ---

ਰੂਪ ਦੇ ਸ਼ੈਕਾਰੀ ਬਘਿਆੜ
ਏਥੇ ਕੰਜਕਾਂ ਦਾ
ਦਿਨ ਦੀਵੀਂ ਕਰਦੇ ਸ਼ੈਕਾਰ।
ਦਾਜ ਦਿਆ ਲੋਭੀਆਂ ਦਾ
ਢਿੱਡ ਜਾਣਾ ਭਰਿਆ ਨਹੀਂ
ਚੁੱਕ ਚੁੱਕ ਕਰਜ਼ੇ ਦਾ ਭਾਰ।
ਗ.ਲਾਂ ਲਈ ਕੁਰੀਤੀਆਂ
ਬਣ ਗਈਆਂ ਤੰਦੀ
ਸੂ.ਲੀ ਬਣੇ ਰਸਮੋ ਰਿਵਾਜ਼।
ਕੜਾ ਇਕ ਲੋਹੇ ਦਾ-----

ਭੈਣ ਆਂ ਮੈਂ ਅੰਮੀਂ ਜਾਇਉ
ਹੱਥੀਂ ਕਿਵੇਂ ਬੰਨ ਦਿਆਂ
ਕਰਜ਼ੇ ਚ ਥੋਡਾ ਵਾ.ਲ ਵਾ.ਲ।
ਰ.ਲ ਮਿ.ਲ ਹੱਲ ਕਰੋ
ਮੂੰਹ ਅੱਡੀ ਖੜਾ
ਗੁਰਬਤ ਭੁੱਖ ਦਾ ਸੁਆਲ।
ਗਹਿਣਿਆਂ ਲਈ ਗਹਿਣੇ
ਥੋਨੂੰ ਧਰ ਦਿਆਂ ਧਨਾਢਾਂ ਮੂਹਰੇ
ਚੰਗਾ ਭੈਣ ਭਾਈਆਂ ਦਾ ਲਿਹਾਜ਼।
ਕੜਾ ਇਕ ਲੋਹੇ ਦਾ---

ਧੀ ਸਾਹਿਬ ਕੌਰ ਦੀ ਆਂ,
ਗੁੜ੍ਹਤੀ ਲਈ ਭਾਗੋ ਮਾਂ ਤੋਂ,
ਨਹੀਉਂ ਟੂਮਾਂ ਛੱਲਿਆਂ ਦਾ ਚਾਅ।
ਬਰੋਬਰ ਖੜੂਗੀ ਲਾਕੇ
ਮੋਢੇ ਨਾ.ਲ ਮੋਢਾ ਵੀਰੋ
ਵਗ ਪਈ ਆਜ਼ਾਦੀਆਂ ਦੀ ਵਾਅ।
ਲਾਲੋ ਸੂਹੀ ਚੜਨੀ
ਸਵੇਰ, ਹੁਣ ਕਾਮਿਆਂ ਦੀ
ਹੋਊ ਨਵੇਂ ਜੁਗ ਦਾ ਆਗਾਜ਼।
ਕੜਾ ਇਕ ਲੋਹੇ ਦਾ---

**ਲਾਲ ਸਿੰਘ ਸੁਲਹਾਣੀ**
**9872155120**

## ਮੁੱਖ ਮੰਤਰੀ ਚੰਨੀ ਨੂੰ ਵਧਾਈਆਂ

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਹਾਥੀ ਦੇ ਪੈੜਾਂ ਦੀ ਆਹਟ ਸੁਣਕੇ ਮਨੂਵਾਦੀ ਪਾਰਟੀਆਂ ਚ ਘਬਰਾਹਟ ਪੈਰਤਖ ਦੇਖੀ ਜਾ ਸਕਦੀ ਐ। ਆਮ ਆਦਮੀ ਪਾਰਟੀ ਦਲਿਤ ਉਪ ਮੁਖ ਮੰਤਰੀ ਤੇ ਪੰਜਾਬ ਚ ਹਾਸ਼ੀਏ ਤੇ ਧੱਕੀ ਗਈ ਭਾਰਤੀ ਜਨਤਾ ਪਾਰਟੀ ਮੁਖ ਮੰਤਰੀ ਬਣਾਉਣ ਦੀਆਂ ਗੱਲਾਂ ਕਰ ਰਹੀ ਐ। ਕਾਂਗਰਸ ਕੁਛ ਜਿਆਦਾ ਹੀ ਦਹਿਸ਼ਤਜ਼ਦਾ ਲਗਦੀ ਐ ਕਿ ਬਸਪਾ ਦਾ ਹਾਥੀ ਯੂ ਪੀ ਵਾਂਗ ਪੰਜਾਬ ਚ ਵੀ ਮਿਲ ਕੇ ਨਾ ਲੰਘ ਜਾਵੇ। ਹੁਣ ਕਾਂਗਰਸ ਪਾਰਟੀ ਨੇ ਆਪਣੇ ਘਰੇਲੂ ਕਾਟੋ ਕਲੇਸ਼ ਨੂੰ ਸਮੇਟਣ(?)ਦੇ ਯਤਨ ਵਜੋਂ ਰਹਿੰਦੇ ਚਾਰ ਕੁ ਮਹੀਨਿਆਂ ਲਈ ਆਪਣੀ ਡਿਗੀ ਸਾਖ ਬਚਾਉਣ ਖਾਤਰ ਸ ਚਰਨਜੀਤ ਸਿੰਘ ਚੰਨੀ ਨੂੰ ਮੁਖ ਮੰਤਰੀ ਬਣਾ ਕੇ ਇਤਿਹਾਸ ਰਚ ਦਿੱਤਾ ਐ। ਆਜ਼ਾਦੀ ਦੇ 74 ਸਾਲਾਂ ਬਾਅਦ ਮਰਦੀ ਕਾਂਗਰਸ ਨੂੰ ਇਹ ਅੱਕ ਚੱਬਣਾ ਪਿਆ ਐ। ਮਜਬੂਰੀ ਚ ਹੈ ਸਹੀ ਪੰਜਾਬ ਮਹਿਲਾਂ ਚੋਂ ਨਿਕਲ ਕੇ ਅਣਸਰਦੀ ਲੋੜ ਵਜੋਂ ਸਤਾ ਵਿਹੜਿਆਂ ਵਿੱਚ ਆ ਜਾਣੀ ਕਰਿਸ਼ਮੇ ਤੋਂ ਘੱਟ ਨਹੀਂ। ਇਕ ਬਾਬਾ ਸਾਹਿਬ ਤੇ ਮਾਨਯੋਗ ਕਾਂਸ਼ੀ ਰਾਮ ਜੀ ਦਾ ਕੈਰਿਸ਼ਮਾ ਹੈ ਤਾਂ ਹੈ। ਸਦੀਆਂ ਤੋਂ ਸਤਾ ਤੇ ਕਾਬਜ਼ ਧਿਰਾਂ ਨੂੰ ਕੰਧ ਤੇ ਲਿਖਿਆ ਵਾਚ ਲੈਣਾ ਚਾਹੀਦਾ ਐ ਕਿ ਜ਼ਮਾਨਾ ਬਦਲਣ ਵਾ.ਲਾ ਐ। ਹੁਣ ਸਤਾ ਵਲ ਵਧਦੇ ਹਾਥੀ ਦੇ ਕਦਮ ਰੁਕਣ ਵਾਲੇ ਨਹੀਂ।

ਚੰਨੀ ਜੀ ਨੂੰ ਅੱਜ ਪਹਿਲੇ ਦਲਿਤ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਲਈ ਵਧਾਈਆਂ ਤੇ ਸ਼ੁਭ ਕਾਮਨਾਵਾਂ।



**ਲਾਲ ਸਿੰਘ ਸੁਲਹਾਣੀ**
**91-98721-55120**

ਬੇਸ਼ਕ ਸਮਾਂ ਥੋੜੈਹਾ ਐ ਪਰ ਕੀ ਨਵ ਨਿਯੁਕਤ ਮੁੱਖ ਮੰਤਰੀ ਜੀ 35 ਫੀਸਦੀ ਤੋਂ ਵਧ ਅਣਗੌਲੇ ਤੇ ਅਣਹੋਏ ਸਮਾਜ ਨੂੰ ਸਤਾ ਦਾ ਅਹਿਸਾਸ ਕਰਵਾ ਸਕਣਗੇ? ਉਹਨਾਂ ਦੇ ਸਰੋਕਾਰਾਂ ਪੈਰਤੀ ਦਲੇਰਾਨਾ ਫੈਸਲੇ ਲੈ ਸਕਣਗੇ?

ਇਕ ਮੰਤਰੀ ਵਜੋਂ ਸਫਾਈ ਸੇਵਕ ਮਹਿਲਾ ਕਰਮਚਾਰੀਆਂ ਨਾਲ ਕੀਤੇ ਭੱਦੇ ਵਿਹਾਰ ਤੋਂ ਤਾਂ ਨਹੀਂ ਲਗਦਾ ਕਿ ਉਹ ਕੋਈ ਇਤਿਹਾਸਕ ਤੇ ਦਲੇਰਾਨਾ ਕਦਮ ਚੁਕਣ ਦੇ ਸਮਰਥ ਬਣ ਸਕਣਗੇ। ਪੰਜਾਬ ਦੇ ਦਰਪੇਸ਼ ਬਹੁਤ ਸਾਰੇ ਮੁੱਦਿਆਂ ਮਸਲਿਆਂ ਪੈਰਤੀ ਚੰਨੀ ਕਿਵੇਂ ਨਜਿੱਠਦੇ ਐ ਉਹਨਾਂ ਦੀ ਲਾਇਕੀ ਅਤੇ ਇਛਾ ਸ਼ਕਤੀ ਤੇ ਨਿਰਭਰ ਕਰੇਗਾ।

ਫਿਰ ਵੀ ਸ਼ੁਭ ਕਾਮਨਾਵਾਂ ਨਾਲ ਵਧਾਈਆਂ।

**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ ਬਸਪਾ ਪੰਜਾਬ**

## ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਥੰਮ੍ਹ ਬਣਕੇ ਖੜ੍ਹਾ ਮੰਚ : ਪੰਜਾਬੀ ਸੱਥ ਮੈਲਬੌਰਨ

ਪੰਜਾਬੀ ਸੱਥ ਮੈਲਬੌਰਨ ਦਿਨੋਂ ਦਿਨ ਨਵੀਆਂ ਸਿਖਰਾਂ ਛੂਹਣ ਵਾਲੇ ਮਜ਼ਬੂਤ ਕਦਮ ਪੁੱਟਦਾ ਜਾ ਰਿਹਾ ਹੈ। ਮੰਚ ਸੰਸਥਾਪਕ ਮੈਡਮ ਕੁਲਜੀਤ ਕੌਰ ਗ਼ਜ਼ਲ ਜਿੱਥੇ ਇੱਕ ਪਾਸੇ ਸਾਹਿਤਕਾਰਾਂ ,ਇਤਹਾਸਕਾਰਾਂ ,ਕਵੀਆਂ ,ਮਾਹਿਰ ਮਹਿਮਾਨਾਂ ਨੂੰ ਬੁਲਾ ਕੇ ਹਫਤਾਵਰੀ ਪ੍ਰੋਗਰਾਮ ਪੇਸ਼ ਕਰਾ ਰਹੇ ਹਨ,ਉਥੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਫੁੱਲਿਤ ਕਰ ਰਹੇ ਦੂਜੇ ਮੰਚਾਂ ਦਾ ਵੀ ਸਹਿਯੋਗ ਕੀਤਾ ਜਾ ਰਿਹਾ ਹੈ।ਹੁਣ ਇੱਕੋ ਸਮੇਂ ਇਸ ਮੰਚ ਤੋਂ ਬਹੁਤ ਸਾਰੇ ਦੂਜੇ ਮੰਚ ਸਹਿਭਾਗੀ ਬਣਕੇ ਸਾਥ ਦੇ ਰਹੇ ਹਨ ਤੇ ਸਾਰਾ ਦਿਨ ਕੋਈ ਨਾ ਕੋਈ ਪ੍ਰੋਗਰਾਮ ਚਲਦੇ ਹੀ ਰਹਿੰਦੇ ਹਨ।ਜਿਸ ਤੋਂ ਕਿ ਜਿਗਿਆਸੂ ਦਰਸ਼ਕ ਅਤੇ ਵਿਦਿਆਰਥੀ ਵਰਗ ਖੂਬ ਲਾਭ ਉਠਾ ਸਕਦੇ ਹਨ। ਮੋਤਾ ਸਿੰਘ ਸਰਾਏ ਵਰਗੇ ਉੱਘੇ ਵਿਦਵਾਨ ਆਪਣੇ ਗਿਆਨ ਭੰਡਾਰ ਵਿੱਚੋ ਬਹੁਤ ਸਾਰਾ ਗਿਆਨ ਸਰੋਤਿਆਂ ਲਈ ਲੈਕੇ ਆ ਰਹੇ ਹਨ।ਜਿਸ ਵਿਚ ਕਿ ਮਧੂ ਤਨਹਾ ਅਤੇ ਜੈਸਮੀਨ ਕੌਰ ਪੰਨੂ ਉਹਨਾਂ ਦਾ ਸਾਥ ਦਿੰਦੇ ਹਨ।ਕਿਤਾਬ ਏ ਜਿੰਦਗੀ ਇੱਕ ਹੋਰ ਵਧੀਆ ਪ੍ਰੋਗਰਾਮ ਹੈ ,ਜਿਸ ਵਿਚ ਪ੍ਰੇਰਨਾਸ੍ਰੋਤ ਜਿੰਦਗੀਆਂ ਨੂੰ ਪੇਸ਼ ਕੀਤਾ ਜਾਂਦਾ ਹੈ।ਦਾਸਤਾਨ ਏ ਪੰਜਾਬ ਪ੍ਰੋਗਰਾਮ ਵਿਚ ਪੰਜਾਬ ਦੇ ਇਤਿਹਾਸ ਬਾਰੇ ਗੂੜ੍ਹੀ ਜਾਣਕਾਰੀ ਦੇਣ ਵਾਲੀ ਗੱਲਬਾਤ ਕੀਤੀ ਜਾਂਦੀ ਹੈ।ਜਿਸ ਦਾ ਸੰਚਾਲਨ ਸਾਹਿਬ ਸਿੰਘ ਪੰਨੂ ਜੀ ਵਲੋਂ ਕੀਤਾ ਜਾਂਦਾ ਹੈ।ਇਸੇ ਤਰ੍ਹਾਂ ਅੰਤਰਰਾਸ਼ਟਰੀ ਕਵੀ ਸੰਮੇਲਨ ਇੱਕ ਹੋਰ ਹਫਤਾਵਰੀ ਪ੍ਰੋਗਰਾਮ ਹੈ,ਜਿਸ ਵਿੱਚ ਦੇਸ਼ ਵਿਦੇਸ਼ ਤੋਂ ਪੰਜਾਬੀ ਕਵੀ ਭਾਗ ਲੈਂਦੇ ਹਨ।ਇਸਦਾ ਸੰਚਾਲਨ ਡਾਕਟਰ ਸਤਿੰਦਰ ਕੌਰ ਕਾਹਲੋ ਵਲੋਂ ਕੀਤਾ ਜਾਂਦਾ ਹੈ।ਸੱਭਿਆਚਾਰ ਦੇ ਵਿਹੜੇ ਵਿੱਚ, ਇਹ ਹਫਤਾਵਰੀ ਪ੍ਰੋਗਰਾਮ ਪੰਜਾਬਣ ਮੁਟਿਆਰਾਂ ਦਾ ਪ੍ਰੋਗਰਾਮ ਹੈ ਜਿਸ ਵਿਚ ਪੰਜਾਬੀ ਸੱਭਿਆਚਾਰ ਦੇ ਲੁਪਤ ਹੋ ਚੁੱਕੇ ਰੰਗਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।ਇਸ ਪ੍ਰੋਗਰਾਮ ਨੂੰ ਜੈਸਮੀਨ ਕੌਰ ਪੰਨੂ,ਡਾਕਟਰ ਸਤਿੰਦਰ ਕੌਰ ਕਾਹਲੋ,ਮਧੂ ਤਨਹਾ,ਰਾਜਨਦੀਪ ਕੌਰ ਮਾਨ,ਅਰਵਿੰਦ ਸੋਹੀ ਮੰਡ,ਪ੍ਰੀਤ ਰਿਆੜ ,ਮੀਨਾ ਮਹਿਰੋਕ ਅਤੇ ਦਵਿੰਦਰ ਕੌਰ ਧਾਲੀਵਾਲ ਪੇਸ਼ ਕਰਦੇ ਹਨ।

# ਚੋਣਾਂ ਜਿੱਤਣ ਲਈ ਮੁੱਖ ਮੰਤਰੀ ਚਿਹਰੇ ਐਲਾਨਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ



ਗੁਰਮੀਤ ਪਲਾਹੀ
91-98158-02070

ਦੇਸ਼ ਵਿਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਵਿਧਾਨ ਸਭਾ ਚੋਣਾਂ ਹੁਣ ਆਪਣੇ ਚੋਣ ਮੈਨੀਫੈਸਟੋ ਅੱਗੇ ਰੱਖਕੇ ਨਹੀਂ, ਸਗੋਂ ਉਸ ਸੂਬੇ ਦਾ ਮੁੱਖ ਮੰਤਰੀ ਦਾ ?ਚਿਹਰਾ ਕੌਣ ਹੋਵੇਗਾ, ਇਸ ਅਧਾਰ ਤੇ ਲੜਨ ਲੱਗ ਪਈਆਂ ਹਨ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਲਗਭਗ ਸਾਰੀਆਂ ਪਾਰਟੀਆਂ ਹੀ ਆਪਣੇ ਵਰਕਰਾਂ, ਹੇਠਲੇ ਜ਼ਮੀਨੀ ਪੱਧਰ ਦੇ ਨੇਤਾਵਾਂ ਦੀ ਹਕੀਕੀ ਰਾਏ ਨਾਲੋਂ ਵੱਧ ਆਪਣੀ ਸਿਆਸੀ ਪਾਰਟੀ ਲਈ ਕਰੋੜਾਂ ਰੁਪਏ ਦੇ ਕਿਰਾਏ ’ਤੇ ਰੱਖੇ ਚੋਣਾਂ ਲੜਾਉਣ ਵਾਲੇ ਮਾਹਰਾਂ ਵਲੋਂ ਤਿਆਰ ਸਮੱਗਰੀ, ਚੋਣ ਨਾਹਰੇ, ਚੋਣ ਯੁਗਤਾਂ ਨੂੰ ਅੰਤਿਮ ਮੰਨਕੇ ਅੱਗੇ ਤੁਰਦੇ ਹਨ। ਬਹੁਤੀਆਂ ਪਾਰਟੀਆਂ ਇਹਨਾ ਕਾਰਪੋਰੇਟੀ ਮਾਹਿਰਾਂ ਦੀ ਸਲਾਹ ਨੂੰ ਤਰਜ਼ੀਹ ਦੇ ਕੇ ਆਪਣੇ ਵਰਕਰਾਂ, ਨੇਤਾਵਾਂ ਨੂੰ ਵਿਧਾਇਕੀ ਟਿਕਟਾਂ ਦੇ ਕੇ ਚੋਣਾਂ ਲੜਾਉਂਦੀਆਂ ਹਨ।

ਪੰਜਾਬ ਦੇ ਮੌਜੂਦਾ ਹਾਲਾਤ ਵੇਖੋ, ਅਕਾਲੀ ਦਲ ਬਾਦਲ ਅਤੇ ਬਸਪਾ ਨੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ। ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਦੇ ਚਿਹਰੇ ਲਈ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਕਾਰ ਮੁਕਾਬਲੇਬਾਜੀ ਹੈ,ਕਿਉਂਕਿ ਕਾਂਗਰਸ’ ਹਾਈ ਕਮਾਂਡ ਨੇ ਹੀ ਤਹਿ ਕਰਨਾ ਹੈ ਕਿ ਵਿਧਾਨ ਸਭਾ ਚੋਣਾਂ ’ਚ ਮੁੱਖ ਮੰਤਰੀ ਦਾ ਕਾਂਗਰਸੀ ਚਿਹਰਾ ਕੌਣ ਹੋਵੇ। ਭਾਜਪਾ ਨੇ ਕਿਸੇ ਐਸ.ਸੀ. ਵਰਗ ਦੇ ਨੇਤਾ ਜਾਂ ਸਖਸ਼ੀਅਤ ਨੂੰ ਅੱਗੇ ਕਰਕੇ ਚੋਣ ਲੜਨੀ ਹੈ। ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਦੀ ਚਾਹਤ ਮੁੱਖਮੰਤਰੀ ਦਾ ਚਿਹਰਾ ਬਨਣ ਦੀ ਹੈ, ਜਦਕਿ ਆਪ ਪਾਰਟੀ ਦੇ ਰਾਸ਼ਟਰੀ ਇੰਚਾਰਜ ਅਰਵਿੰਦਰ ਕੇਜਰੀਵਾਲ ਨੇ ਕਿਸੇ ਹੋਰ ਸਿੱਖ ਚੇਹਰੇ ਨੂੰ ਚੋਣਾਂ ’ਚ ਮੁੱਖ ਮੰਤਰੀ ਦਾ ਚਿਹਰਾ ਬਨਾਉਣ ਦਾ ਐਲਾਨ ਕੀਤਾ ਹੋਇਆ ਹੈ। ਸ਼ਾਇਦ ਭਗਵੰਤ ਮਾਨ ਸਿੱਖ ਚਿਹਰੇ ਵਜੋਂ ਨਹੀਂ ਢੁੱਕ ਰਿਹਾ।

ਲੋਕਤੰਤਰਿਕ ਪ੍ਰੰਪਰਾਵਾਂ ਤਾਂ ਇਹ ਕਹਿੰਦੀਆਂ ਹਨ ਕਿ ਚੋਣਾਂ ਹੋਣ, ਸਿਆਸੀ ਪਾਰਟੀਆਂ ਆਪੋ-ਆਪਣੇ ਉਮੀਦਵਾਰ ਐਲਾਨਣ, ਆਪਣਾ ਚੋਣ ਮੈਨੀਫੈਸਟੋ, ਚੋਣ ਵਾਅਦੇ ਸਪਸ਼ਟ ਕਰਨ। ਆਪਣੇ ਚੁਣੇ ਹੋਏ ਵਿਧਾਇਕਾਂ ਜਾਂ ਮੈਂਬਰਾਂ ਵਿਚੋਂ ਸਰਬਸੰਮਤੀ ਜਾਂ ਬਹੁ ਸੰਮਤੀ ਨਾਲ ਕਿਸੇ ਨੇਤਾ ਨੂੰ ਆਪਣਾ ਮੁੱਖੀ ਨੀਅਤ ਕਰਨ ਅਤੇ ਜਿਹੜੀ ਧਿਰ ਵੱਧ ਮੈਂਬਰਾਂ ਵਾਲੀ ਹੋਵੇ ਉਸਦਾ ਮੁੱਖੀ ਸੂਬੇ ਦਾ ਮੁੱਖ ਮੰਤਰੀ ਬਣੇ। ਪਰ ਇਹ ਭਾਰਤੀ ਪਰੰਪਰਾਵਾਂ ਲੰਮੇ ਸਮੇਂ ਤੋਂ ਸਿਆਸੀ ਰੰਗ ਮੰਚ ਤੋਂ ਆਲੋਪ ਹੋ ਚੁੱਕੀਆਂ ਹਨ। ਪਾਰਟੀਆਂ ਦੀਆਂ ਹਾਈ ਕਮਾਡਾਂ ਉਪਰੋਂ ਨਿਰਣੇ ਕਰਦੀਆਂ ਹਨ ਅਤੇ ਆਪਦੇ ਭਰੋਸੇਮੰਦ ਵਿਅਕਤੀ ਨੂੰ ਮੁੱਖ ਮੰਤਰੀ ਨੀਅਤ ਕਰਦੀਆਂ ਹਨ ਅਤੇ ਉਹਨਾ ਦੇ ਨਾਮ ਉੱਤੇ ਕੇਂਦਰੀ ਵੱਡੇ ਨੇਤਾ ਰਾਜ ਭਾਗ ਸੰਭਾਲਦੇ ਹਨ। ਬਹੁਤੀਆਂ ਇਲਾਕਾਈ ਵੱਡੀਆਂ ਪਾਰਟੀਆਂ ਨੂੰ ਤਾਂ ਪਰਿਵਾਰ ਚਲਾਉਂਦੇ ਹਨ, ਜਿਹੜੇ ਆਪ ਪਾਰਟੀ ਮੁੱਖ ਮੰਤਰੀ ਬਣਕੇ ਬਾਕੀ ਕੁਨਬੇ ਨੂੰ ਨਾਲ ਤੋਰਦੇ ਹਨ। ਇਹਨਾਂ ਪਾਰਟੀਆਂ ਦੀ ਨਾ ਕੋਈ ਅੰਦਰੂਨੀ ਚੋਣ ਹੁੰਦੀ ਹੈ, ਨਾ ਹੀ ਇਥੇ ਵਿਰੋਧੀ ਅਵਾਜ਼ ਨੂੰ ਸੁਣਿਆ ਜਾਂਦਾ ਹੈ।ਬਸ ਜੋ ਉਪਰਲਾ ਮਾਲਕ ਕਹੇ, ਉਹ ਹੀ ਪ੍ਰਵਾਨ ਹੈ, ਵਾਲੀ ਵਿਰਤੀ ਹੈ।

ਨੇਤਾਗਿਰੀ ਦੀ ਮੁੱਖ ਮੰਤਰੀ ਦੀ ਕੁਰਸੀ ਲਿਫਾਫੇ ਵਿਚੋਂ ਕੱਢਣ ਦੀ ਪਰੰਪਰਾ ਕਾਂਗਰਸ ਨੇ ਸ਼ੁਰੂ ਕੀਤੀ। ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਅੱਗੇ ਤੋਰਿਆ। ਪਿਛਲੇ ਕੁਝ ਮਹੀ-ਨਿਆਂ ਵਿਚ ਕਈ ਰਾਜਾਂ ਦੇ ਮੁੱਖ ਮੰਤਰੀ ਬਦਲ ਦਿੱਤੇ ਗਏ ਹਨ। ਇਸ ਤੋਂ ਸਪਸ਼ਟ ਹੈ ਕਿ ਭਾਜਪਾ ਵਿਚ ਵੀ ਰਾਜਾਂ ਦੇ ਮਾਮਲੇ ਵਿੱਚ ਕੇਂਦਰੀ ਹਾਈ ਕਮਾਂਡ ਦੀ ਭੂਮਿਕਾ ਮਹੱਤਵਪੂਰਨ ਹੋ ਗਈ ਹੈ, ਜਿਵੇਂ ਕਿ ਕਾਂਗਰਸ ਵਿਚ ਵੇਖਿਆ ਜਾਂਦਾ ਸੀ। ਕਾਂਗਰਸ ਵਿਚ ਹਾਈ ਕਮਾਂਡ ਦੇ ਇਸ਼ਾਰੇ ਉੱਤੇ ਮੁੱਖ ਮੰਤਰੀ ਰਾਜਾਂ ਵਿਚ ਹਕੂਮਤ ਚਲਾਉਂਦੇ ਸਨ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਸਮੇਂ ’ਚ ਇਹੋ ਹੁੰਦਾ ਰਿਹਾ ਸੀ ਅਤੇ ਸੋਨੀਆ ਦੇ ਕਾਂਗਰਸ ਪ੍ਰਧਾਨ ਬਨਣ ਦੇ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਹੁਣ ਇਹੋ ਸਾਰਾ ਕੁਝ ਭਾਜਪਾ ਵਿਚ ਦਿਖਾਈ ਦਿੰਦਾ ਹੈ।ਫ਼ਰਕ ਇਹ ਹੈ ਕਿ ਕਾਂਗਰਸ ਹੁਣ ਤਿੰਨ ਰਾਜਾਂ ਤੱਕ ਸਿਮਟ ਚੁੱਕੀ ਹੈ ਜਦਕਿ ਭਾਜਪਾ 17 ਰਾਜਾਂ ਵਿਚ ਆਪਣੇ ਦਮ-ਖਮ ਜਾਂ ਸਹਿਯੋਗੀ ਦਲਾਂ (ਐਨ ਡੀ ਏ) ਦੇ ਨਾਲ ਸਰਕਾਰਾਂ ਬਣਾਈ ਬੈਠੀ ਹੈ ਅਤੇ ਮਨਮਰਜ਼ੀ ਦੇ ਨੇਤਾ ਮੁੱਖਮੰਤਰੀ ਬਣਾਈ ਬੈਠੀ ਹੈ।

ਕੁਲ ਮਿਲਾਕੇ ਵੇਖਿਆ ਜਾਵੇ ਤਾਂ ਇਹ ਲਗਦਾ ਹੈ ਕਿ ਭਾਰਤੀ ਰਾਜਨੀਤੀ ਵਿੱਚ ਜੋ ਪਾਰਟੀ ਤਾਕਤਵਰ ਹੁੰਦੀ ਹੈ, ਉਹ ਰਾਜਾਂ ਵਿਚ ਵੀ ਆਪਣਾ ਦਖ਼ਲ ਜਾਰੀ ਰੱਖਦੀ ਹੈ ਅਤੇ ਇਹ ਭਾਰਤੀ ਰਾਜਨੀਤੀ ਦਾ ਸਭਿਆਚਾਰ ਬਣ ਚੁੱਕਾ ਹੈ। ਲੇਕਿਨ ਕਾਂਗਰਸ ਅਤੇ ਭਾਜਪਾ ਵਿੱਚ ਤਾਕਤ ਤਬਦੀਲੀ ਵਿਚ ਅੰਤਰ ਹੈ। ਕਾਂਗਰਸ ਵਿਚ ਜਿਥੇ ਹਾਈ ਕਮਾਨ ਦੀ ਵਫ਼ਾਦਾਰੀ ਦੇ ਆਧਾਰ ਤੇ ਤਬਦੀਲੀ ਹੁੰਦੀ ਹੈ, ਉਥੇ ਭਾਜਪਾ ਵਿਚ ਆਉਣ ਵਾਲੀਆਂ ਚੋਣਾਂ ਦੀਆਂ ਲੋੜਾਂ ਅਤੇ ਅਜੰਡਾ ਲਾਗੂ ਕਰਨ ਲਈ ਤਬਦੀਲੀਆਂ ਬਿਨਾਂ ਵਿਰੋਧ ਹੁੰਦੀਆਂ ਹਨ।ਅਸਾਮ ਵਿਚ ਸਰਬਾਨੰਦ ਸੋਨੇਵਾਲ ਨੂੰ ਹਟਾਕੇ ਬਿਸਵਾ ਸ਼ਰਮਾ ਨੂੰ ਮੁੱਖ ਮੰਤਰੀ ਬਣਾਇਆ ਗਿਆ। ਉਤਰਾਖੰਡ ਵਿਚ ਦੋ-ਤਿੰਨ ਤਬਦੀਲੀਆਂ ਤੋਂ ਬਾਅਦ ਪੁਸ਼ਕਰ ਸਿੰਘ ਧਾਮੀ ਮੁੱਖ ਮੰਤਰੀ ਬਣਾ ਦਿੱਤੇ ਗਏ। ਕਰਨਾਟਕ ਵਿਚ ਯੈਦੀਅਰੱਪਾ ਨੂੰ ਬਾਹਰ ਦਾ ਰਸਤਾ ਦਿਖਾ ਕੇ ਬਸਵਰਾਜ ਬੋਮਈ ਨੂੰ ਕੁਰਸੀ ਸੰਭਾਲ ਦਿੱਤੀ ਗਈ। ਹੁਣੇ ਜਿਹੇ ਗੁਜਰਾਤ ਵਿਚ ਮੁੱਖ ਮੰਤਰੀ ਬਦਲਕੇ ਭੁਮੇਂਦਰ ਪਟੇਲ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਦਿੱਤੀ ਗਈ ਹੈ।ਇਹਨਾਂ ਸਾਰੀਆਂ ਭਾਜਪਾ ਤਬਦੀਲੀਆਂ ਵਿਚ ਕਿਸੇ ਵੀ ਨੇਤਾ ਨੇ ਆਪਣੀ ਕੁਰਸੀ ਛੱਡਣ ਲੱਗਿਆ ਕੋਈ ਵਿਰੋਧ ਨਹੀਂ ਕੀਤਾ ਨਾ ਹੀ ਕੋਈ ਬਗਾਵਤ ਹੋਈ। ਪਰ ਕਾਂਗਰਸ ਵਿੱਚ ਜਿਥੇ ਕਿਧਰੇ ਵੀ ਤਬਦੀਲੀ ਦੀ ਗੱਲ ਹਾਈ ਕਮਾਂਡ ਨੇ ਕੀਤੀ, ਉਥੇ ਬਗਾਵਤ ਵੀ ਹੋਈ ਵਿਰੋਧ ਵੀ।

ਉਦਾਹਰਨ ਪੰਜਾਬ ਦੀ ਹੈ ਜਿਥੇ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਗੱਦੀ ਖੋਹ ਲਈ ਅਤੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਥਾਪ ਦਿੱਤੇ ਗਏ ਹਨ। ਪੰਜਾਬ ਦੇ ਇਸ ਕਾਟੋ ਕਲੇਸ਼ ਦੀ ਚਰਚਾ ਨਿੱਤ ਮੀਡੀਆਂ ’ਚ ਰਹਿੰਦੀ ਹੈ। ਕਾਰਨ ਭਾਜਪਾ ਵਿਚ ਜੋ ਜਾਬਤਾ ਹੈ, ਉਹ ਕਾਂਗਰਸ ਵਿਚ ਨਹੀਂ ਹੈ। ਅਸਲ ਵਿਚ ਕਾਂਗਰਸ ਦੇ ਸੂਬਾ ਪੱਧਰੀ ਨੇਤਾ ਕਾਂਗਰਸ ਹਾਈ ਕਮਾਂਡ ਨਾਲੋਂ ਵੱਧ ਤਾਕਤਵਰ ਹਨ। ਕੈਪਟਨ ਅਮਰਿੰਦਰ ਸਿੰਘ ਇਸਦੀ ਇੱਕ ਉਦਾਹਰਨ ਹੈ। ਸ਼ਾਇਦ ਆਪਣੀ ਹੈਂਅ ਪੁਗਾਉਣ ਤੇ ਆਪਣਾ ਡੰਡਾ ਕੈਪਟਨ ਉੱਤੇ ਕਾਇਮ ਰੱਖਣ ਲਈ ਹੀ ਪੰਜਾਬ ’ਚ ਇਹ ਖਲਾਰਾ ਹਾਈ ਕਮਾਂਡ ਨੇ ਪਾਇਆ ਹੋਇਆ ਹੈ।

ਸੂਬਿਆਂ ’ਚ ਚੋਣਾਂ ਜਿੱਤਣ ਲਈ ਰਾਸ਼ਟਰੀ ਪਾਰਟੀਆਂ ਦੀ ਮੁੱਖ ਮੰਤਰੀ ਦੇ ਨਾਮ ਉੱਤੇ ਚੋਣ ਲੜਨਾ ਇਕ ਮਜ਼ਬੂਰੀ ਬਣ ਚੁੱਕੀ ਹੈ। ਉਸਦਾ ਵੱਡਾ ਕਾਰਨ ਖੇਤਰੀ ਪਾਰਟੀਆਂ ਦਾ ਸੂਬਿਆਂ ਵਿਚ ਵੱਧ ਰੋਹਬ ਦਾਬ ਹੋਣਾ ਹੈ। ਇਹਨਾਂ ਖੇਤਰੀ ਪਾਰਟੀਆਂ ਉੱਤੇ ਆਮ ਤੌਰ 'ਤੇ ਪਰਿਵਾਰਾਂ ਦਾ ਕਬਜਾ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਤੇ ਬਾਦਲ ਪਰਿਵਾਰ ਕਾਬਜ ਹੈ, ਜਿਹੜਾ ਪੰਜਾਬ ਦੀ ਤਾਕਤ ਹਥਿਆਉਣ ਲਈ ਕਦੇ ਭਾਜਪਾ ਕਦੇ ਬਸਪਾ (ਬਹੁਜਨ ਸਮਾਜ ਪਾਰਟੀ) ਨਾਲ ਸਮਝੌਤਾ ਕਰਦਾ ਹੈ। ਉਸਦਾ ਨਿਸ਼ਾਨਾ ਇਕੋ ਹੈ- ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨਾ। ਉਸ ਅਨੁਸਾਰ ਹੀ ਉਹ ਆਪਣਾ ਅਜੰਡਾ ਤਹਿ ਕਰਦਾ ਹੈ। ਕਦੇ ਵੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਅਨੰਦਰਪੁਰ ਸਾਹਿਬ ਦਾ ਮਤਾ ਸਾਹਮਣੇ ਲਿਆ ਕੇ ਕਾਂਗਰਸੀ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ। ਬਾਵਜੂਦ ਇਸ ਗੱਲ ਦੇ ਕਿ ਭਾਜਪਾ ਉਸਦੇ ਇਸ ਅਜੰਡੇ ਨਾਲ ਸਹਿਮਤ ਨਹੀਂ ਸੀ ਤਦ ਵੀ ਕੁਰਸੀ ਪ੍ਰਾਪਤੀ ਲਈ ਭਾਜਪਾ ਨਾਲ ਸਾਂਝ ਪਾਈ ਉਸ ਨਾਲ ਰਲਕੇ ਰਾਜ ਕੀਤਾ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਬਾਤ ਪਾਉਣੀ ਛੱਡ ਦਿੱਤੀ। ਹੁਣ ਜਦੋਂ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲ ਸਾਂਝ ਮਹਿੰਗੀ ਪੈਂਦੀ ਦਿਸੀ ਉਹਨਾ ਨਾਲੋਂ ਸਾਂਝ ਤੋੜ ਲਈ ਤੇ ਬਸਪਾ ਨਾਲ ਸਾਂਝ ਪਾ ਲਈ। ਮੰਤਵ ਇਕੋ ਹੈ- ਕੁਰਸੀ ਦੀ ਪ੍ਰਾਪਤੀ।ਅਕਾਲੀ ਦਲ ਵਲੋਂ ਤੇਰਾਂ ਨੁਕਤੀ ਰਿਆਇਤੀ ਅਜੰਡਾ ਵੋਟਾਂ ਵਟੋਰਨ ਲਈ ਛਾਇਆ ਕਰ ਦਿੱਤਾ ਗਿਆ।

ਕਾਂਗਰਸ ਨੂੰ ਜਦੋਂ ਜਾਪਿਆ ਕਿ ਪਿਛਲੇ ਵਰ੍ਹਿਆਂ ’ਚ ਅਮਰਿੰਦਰ ਸਿੰਘ ਨੇ ਚੋਣ ਮੈਨੀਫੈਸਟੋ ਅਨੁਸਾਰ ਕੀਤੇ ਵਾਇਦੇ ਪੂਰੇ ਨਹੀਂ ਕੀਤੇ। ਨਸ਼ੇ ਪੰਜਾਬ ’ਚੋਂ ਖਤਮ ਨਹੀਂ ਹੋਏ। ਬੇਰੁਜ਼ਗਾਰੀ ਨੂੰ ਠੱਲ ਨਹੀਂ ਪਾਈ। ਮਾਫੀਆ ਰਾਜ ਅਤੇ ਕੁਰੱਪਸ਼ਨ ਦਾ ਬੋਲ ਬਾਲਾ ਰਿਹਾ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਬਾਂਹ ਮਰੋੜਨ ਲਈ ਤੇਜ਼-ਤਰਾਰ ਨਵਜੋਤ ਸਿੰਘ ਸਿੱਧੂ ਨੂੰ ਅੱਗੇ ਲਿਆਂਦਾ ਗਿਆ।

ਚਾਹੀਦਾ ਤਾਂ ਇਹ ਸੀ ਕਿ ਪਿਛਲੇ ਚਾਰ ਸਾਲਾਂ 'ਚ ਹਾਈ ਕਮਾਂਡ ਕੈਪਟਨ ਅਮਰਿੰਦਰ ਸਿੰਘ ਦੇ ਕੰਮਾਂ ਦੀ ਪੁਛ-ਛਾਣ ਕਰਦੀ ਪਰ ਇੰਜ ਨਹੀਂ ਹੋਇਆ। ਆਖ਼ਰੀ ਵਰ੍ਹੇ ਆਪਣੀ ਹਾਰ ਨਿਸ਼ਚਿਤ ਵੇਖਦਿਆਂ ਮੁੱਖ ਮੰਤਰੀ ਦਾ ਚੋਣ ਚਿਹਰਾ ਬਦਲਣ ਦੀ ਕਵਾਇਦ ਉਸਦੀ ਮਜ਼ਬੂਰੀ ਬਣ ਗਈ।

ਆਮ ਆਦਮੀ ਪਾਰਟੀ ਜਿਸ ਤੋਂ ਪੰਜਾਬ ਦੇ ਲੋਕਾਂ ਨੂੰ ਪੰਜਾਬ 'ਚ ਕੁਝ ਨਵਾਂ ਹੋਣ ਦੀਆਂ ਆਸਾਂ ਸਨ, ਉਹ ਦਿੱਲੀ ਹਾਈ ਕਮਾਂਡ ਦੀਆਂ ਗਲਤੀਆਂ ਕਾਰਨ ਪੂਰੀਆਂ ਨਾ ਹੋ ਸਕੀਆਂ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕੱਦਵਾਰ ਨੇਤਾਵਾਂ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ, ਐਮਪੀ ਧਰਮਵੀਰ ਗਾਂਧੀ ਪਟਿਆਲਾ ਆਦਿ ਨੂੰ ਜੋ ਪੰਜਾਬ ਹਿਤੈਸ਼ੀ ਅਜੰਡੇ ਨੂੰ ਲਾਗੂ ਕਰਨਾ ਚਾਹੁੰਦੇ ਸਨ ਅਤੇ ਇਥੋਂ ਦੀਆਂ ਸਥਿਤੀਆਂ ਅਨੁਸਾਰ ਪਾਰਟੀ ਦੀ ਸੰਚਾਲਨਾ ਚਾਹੁੰਦੇ ਸਨ, ਦਿੱਲੀ ਹਾਈ ਕਮਾਂਡ ਨੇ ਆਪਣੇ ਤੁਗਲਕੀ ਫ਼ੈਸਲਿਆਂ ਕਾਰਨ ਨਾ ਚੱਲਣ ਦਿੱਤਾ, ਸਗੋਂ ਉਹਨਾ ਦੇ ਮੂੰਹ ਬੰਦ ਕਰ ਦਿੱਤੇ ਗਏ। ਸਿੱਟਾ ਆਪ ਪਾਰਟੀ ਪੰਜਾਬ 'ਚ ਆਪਣਾ ਅਧਾਰ ਬਨਾਉਣ 'ਚ ਕਾਮਯਾਬ ਨਾ ਹੋ ਸਕੀ।

ਪਾਰਟੀ ਦੇ ਵਲੋਂ ਰਿਵਾਇਤੀ ਪਾਰਟੀਆਂ ਵਾਂਗਰ ''ਮੁੱਖ ਮੰਤਰੀ'' ਦੀ ਸਿੱਖ ਚਿਹਰੇ ਦੀ ਤਲਾਸ਼ ਵਿੱਚ ਵੱਖੋ- ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਉਤੇ ਡੋਰੇ ਸੁਟੇ ਜਾ ਰਹੇ ਹਨ। ਨਜ਼ਰ ਨਵਜੋਤ ਸਿੰਘ ਸਿੱਧੂ ਉਤੇ ਵੀ ਰੱਖੀ ਗਈ। ਡੁਬਈ ਸਥਿਤ ਪੰਜਾਬੀ ਸਿੱਖ ਹੋਟਲ ਕਾਰੋਬਾਰੀ ਡਾ: ਐਸ.ਪੀ.ਸਿੰਘ ਉਬਰਾਏ ਦਾ ਨਾਂ ਵੀ ਮੁੱਖ ਮੰਤਰੀ ਦੇ ਅਹੁਦੇ ਲਈ ਚਰਚਾ 'ਚ ਆਇਆ।

ਅਸਲ ਵਿੱਚ ਇਲਾਕਾਈ ਪਾਰਟੀਆਂ ਨੇ ਇਹੋ ਜਿਹੇ ਸਥਾਨਕ ਨੇਤਾ ਪੈਦਾ ਕੀਤੇ,ਜਿਹਨਾ ਨੇ ਇਲਾਕਾਈ ਮੰਗਾਂ ਨੂੰ ਅੱਗੇ ਰੱਖਕੇ ਪ੍ਰਸਿੱਧੀ ਪ੍ਰਾਪਤ ਕੀਤੀ, ਕੁਰਸੀ ਹਥਿਆਈ ਅਤੇ ਮੁੜ ਇਹੋ ਜਿਹਾ ਤਾਣਾ-ਬਾਣਾ ਬੁਣਿਆ ਕਿ ਰਾਸ਼ਟਰੀ ਪਾਰਟੀਆਂ ਵੀ ਕਈ ਹਾਲਤਾਂ ਵਿੱਚ ਕੁਰਸੀ ਪ੍ਰਾਪਤੀ ਲਈ ਇਹਨਾ ਪਾਰਟੀਆਂ ਉਤੇ ਨਿਰਭਰ ਹੋ ਗਈਆਂ, ਕਿਉਂਕਿ ਉਹ ਇਕੱਲਿਆ ਬਹੁਮਤ ਪ੍ਰਾਪਤ ਨਾ ਕਰ ਸਕੀਆਂ ਅਤੇ ਗੱਠਜੋੜ ਦੀ ਰਾਜਨੀਤੀ ਕਰਦਿਆਂ ਰਾਸ਼ਟਰੀ ਪਾਰਟੀਆਂ ਨੇ ਇਲਾਕਾਈ ਪਾਰਟੀਆਂ ਦੇ ਨੇਤਾਵਾਂ ਨੂੰ ਮੁੱਖ ਮੰਤਰੀ ਦੀਆਂ ਕੁਰਸੀਆਂ ਸੌਂਪੀ ਰੱਖੀਆਂ। ਇਹੋ ਦੋਵੇਂ ਧਿਰਾਂ ਇੱਕ-ਦੂਜੇ ਦੀ ਮਜ਼ਬੂਰੀ ਬਣੀਆਂ। ਤਾਮਿਲਨਾਡੂ ਦੀ ਡੀ.ਐਮ.ਕੇ., ਅੰਨਾ ਡੀਐਮ.ਕੇ, ਪੰਜਾਬ ਦਾ ਅਕਾਲੀ ਦਲ, ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸ਼ਮ, ਅਸਾਮ ਦੀ ਅਸਾਮ ਗਣ ਪ੍ਰੀਸ਼ਦ, ਹਰਿਆਣਾ ਦੀ ਇੰਡੀਆ ਨੈਸ਼ਨਲ ਲੋਕਦਲ, ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਆਦਿ ਇਲਾਕਾਈ ਪਾਰਟੀਆਂ ਨੇ ਆਪੋ-ਆਪਣੇ ਸੂਬਿਆਂ 'ਚ ਇਹੋ ਜਿਹੇ ਨੇਤਾ ਪੈਦਾ ਕੀਤੇ, ਜਿਹਨਾ ਨੇ ਭਾਵੇਂ ਸਿਆਸਤ ਵਿੱਚ ਆਪਣਾ ਵੱਡਾ ਪ੍ਰਭਾਵ ਛੱਡਿਆ, ਪਰ ਪਰਿਵਾਰਕ ਸਿਆਸਤ ਨੂੰ ਤਰਜ਼ੀਹ ਦਿੱਤੀ।

ਪੰਜਾਬ ਦੇ ਅਕਾਲੀ ਦਲ ਦਾ ਬਾਦਲ ਪਰਿਵਾਰ, ਹਰਿਆਣਾ ਦੇ ਦੇਵੀ ਲਾਲ ਦਾ ਪਰਿਵਾਰ, ਜੰਮੂ ਕਸ਼ਮੀਰ ਦਾ ਫ਼ਾਰੂਕ ਅਬਦੁਲਾ ਪਰਿਵਾਰ ਅਤੇ ਬਿਹਾਰ ਸਿਆਸਤ ਦੇ ਨੇਤਾ ਪਾਸਵਾਨ, ਲਾਲੂ ਪ੍ਰਸਾਦ ਯਾਦਵ, ਯੂ.ਪੀ. ਦੇ ਮੁਲਾਇਮ ਸਿੰਘ ਯਾਦਵ ਦੀ ਪਰਿਵਾਰਿਕ ਅਤੇ ਇਲਾਕਾਈ ਰਾਜਨੀਤੀ ਨੇ ਪਰਿਵਾਰਾਂ ਵਿੱਚੋਂ ਹੀ ਮੁੱਖ ਮੰਤਰੀ ਦੇ ਚਿਹਰੇ ਉਭਾਰਨ ਦੀ ਰਾਜਨੀਤੀ ਕੀਤੀ।

ਤਾਕਤ ਹਥਿਆਉਣ ਦੀ ਇਸੇ ਰਾਜਨੀਤੀ ਅਤੇ ਰਣਨੀਤੀ ਨੇ ਸਖਸ਼ੀ ਉਭਾਰ ਨੂੰ ਵੜਾਵਾ ਦਿੱਤਾ। ਵੋਟਾਂ ਦੇ ਅਧਿ-ਕਾਰ ਦੇ ਲੋਕਤੰਤਰ ਦੇ ਮੁੱਖ ਅਧਾਰ ਚੋਣਾਂ 'ਚ ਨਿਰਪੱਖਤਾ ਨੂੰ ਪ੍ਰਭਾਵਤ ਕੀਤਾ। ਰਾਜਨੀਤੀ ਵਿੱਚ ਅਪਰਾਧੀਆਂ ਦੇ ਦਾਖ਼ਲੇ ਨੂੰ ਖੁਲ੍ਹ ਦਿੱਤੀ। ਇਹੀ ਕਾਰਨ ਹੈ ਕਿ 2004 ਦੇ ਮੁਕਾਬਲੇ 2019 ਤੱਕ ਅਪਰਾਧਿਕ ਪਿੱਠ ਭੂਮੀ ਵਾਲੇ ਲੋਕਾਂ ਦੀ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਗਿਣਤੀ ਵਧੀ ਹੈ।

ਅਸਲ ਵਿੱਚ ਵਰਗ ਵਿਸ਼ੇਸ਼, ਮੁੱਖ ਸਖ਼ਸ਼ੀਅਤਾਂ, ਵੱਡੇ ਨੇਤਾਵਾਂ ਦੇ ਚਿਹਰਿਆਂ ਨੂੰ ਅੱਗੇ ਲਿਆਕੇ ਚੋਣਾਂ 'ਚ ਮੁੱਖ ਮੰਤਰੀ ਚਿਹਰਾ ਐਲਾਨ ਕੇ, ਲੋਕਾਂ ਨੂੰ ਭਰਮਾਉਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰਨ ਦੇ ਤੁਲ ਹੈ। ਜਿੱਤੀ ਹੋਈ ਸਿਆਸੀ ਪਾਰਟੀ ਦੇ ਨੁਮਾਇੰਦੇ ਆਪਣਾ ਨੇਤਾ ਚੁਨਣ, ਉਹ ਨੇਤਾ ਮੁੱਖ ਮੰਤਰੀ ਬਣੇ ਅਤੇ ਆਪਣੇ ਚੋਣ ਵਾਇਦਿਆਂ ਨੂੰ ਪੂਰਾ ਕਰਨ ਲਈ ਯਤਨ ਕਰੇ, ਲੋਕਾਂ ਨੂੰ ਜਬਾਵਦੇਹ ਹੋਵੇ, ਇਹੀ ਇਸ ਸਮੇਂ ਲੋਕ ਭਲੇ ਹਿੱਤ ਹੋਵੇਗਾ।

# ਪੰਜਾਬ ਫੋਟੋਗ੍ਰਾਫਰਜ਼ ਯੂਨੀਅਨ ਵੱਲੋਂ ਨਾਭਾ ਵਿਖੇ ਕੀਤੀ ਵਿਸ਼ੇਸ਼ ਮੀਟਿੰਗ



ਪੰਜਾਬ ਫੋਟੋਗੈਰਾਫਰ ਯੂਨੀਅਨ ਦੀ ਇਕਾਈ ਨਾਭਾ ਵੱਲੋਂ ਆਲ ਇੰਡੀਆ ਦੇ ਪੈਰਧਾਨ ਸ. ਗੁਰਨਾਮ ਸਿੰਘ ਸ਼ੇਰਪੁਰ ਤੇ ਪੰਜਾਬ ਫੋਟੋਗੈਰਾਫਰ ਯੂਨੀਅਨ ਦੇ ਪ੍ਰਧਾਨ ਸ. ਰਣਧੀਰ ਸਿੰਘ ਫੱਗੂਵਾਲ ਜੀ ਤੇ ਪੀ ਪੀ ਏ ਟੀਮ ਦੇ ਹੋਰ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ ਆਲ ਇੰਡੀਆ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰ ਨੇ ਕਿਹਾ ਕਿ ਕਰੋਨਾ ਬਿਮਾਰੀ ਦੇ ਚਲਦਿਆਂ ਵਿਆਹ ਸ਼ਾਦੀਆ ਤੇ ਹੋਰ ਸਮਾਗਮਾਂ ਵਿੱਚ ਕਮੀ ਆਈ ਹੈ।

ਜਿਸ ਨਾਲ ਫੋਟੋਗਰਾਫਰਾਂ ਦੀ ਆਰਥਿਕ ਸਥਿਤੀ ਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ ਉਨੈਹਾਂ ਕਿਹਾ ਕਿ ਆਪਸੀ ਤਾਲਮੇਲ ਬਣਾ ਕੇ ਰੱਖਣ ਤੇ ਇੱਕ ਦੂਜੇ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਸਨਮਾਨ ਸਮਾਰੋਹ ਵਿੱਚ ਨਾਭਾ ਇਕਾਈ ਦੇ ਸਾਰੇ ਫੋਟੋਗ੍ਰਾਫਰਜ ਨੇ ਹਾਜਰੀ ਲਵਾਈ ਪੈਰਧਾਨ ਪੂਰਨ ਚੰਦ ਸ਼ਰਮਾ ਸੈਕਟਰੀ ਮੋਹਣ ਸਿੰਘ ਮੋਣੀ ਧਰਮਿੰਦਰ ਕੁਮਾਰ ਯਸ਼ਪਾਲ ਜੀ ਸੰਦੀਪ ਮਲਿਕ ਸੀਨੀਅਰ ਫੋਟੋਗ੍ਰਾਫਰ ਮਨਜੀਤ ਸਿੰਘ ਜੀ ਪੁਨੀਤ ਅੱਤਰੀ ਹਰਪਾਲ ਬਠੇਜਾ ਸ਼ਸੀ ਜੁਨੇਜਾ ਕੁਲਦੀਪ ਸਿੰਘ ਸਾਮ ਲਾਲ ਜੀ ਜਸਵੀਰ ਸਿੰਘ ਜੱਸਾ ਸੁਨੀਲ ਦੱਤ ਤੇ ਅਜੇ ਗੁਪਤਾ ਦੇ ਸਹਿਯੋਗ ਨਾਲ ਹੋਰ ਮੈਂਬਰਾਂ ਨੇ ਸਮੂਲੀਅਤ ਕੀਤੀ ਮੋਣੀ ਨਾਮਦੇਵ ਸਟੂਡੀਓ ਨਾਭਾ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

– ਮੇਜਰ ਸਿੰਘ ਨਾਭਾ




# ਬਾਬਾ ਸਾਹਿਬ ਦੀ ਪੰਜਾਬੀ ਦਲਿਤਾਂ ਨੂੰ ਦੇਣ

ਪੰਜਾਬ ਭਾਰਤ ਦਾ ਸੱਭ ਤੋਂ ਖੁਸ਼ਹਾਲ ਸੂਬਾ ਹੈ। ਕੁਦਰਤ ਮਾਂ ਦੀ ਬਹੁਤ ਕਿਰਪਾ ਹੈ ਪੰਜਾਬ 'ਤੇ। ਜਿਸ ਕਾਰਨ ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ। ਪੰਜਾਬ ਵਿੱਚ ਮੈਦਾਨੀ ਇਲਾਕੇ ਵੀ ਹਨ ਅਤੇ ਪਹਾੜੀ ਖੇਤਰ ਵੀ ਹਨ। ਸਿੰਚਾਈ ਦੇ ਸਾਧਨ ਵੀ ਹਨ ਜ਼ਮੀਨ ਹੇਠਲਾ ਪਾਣੀ ਬਹੁਤ ਸ਼ੁੱਧ ਅਤੇ ਹਾਲ ਦੀ ਘੜੀ ਪਰਿਆਪਤ ਮਾਤਰਾ ਵਿੱਚ ਹੈ। ਜਿਸ ਕਾਰਨ ਹਰ ਪ੍ਰਕਾਰ ਦੀਆਂ ਫਸਲਾਂ ਦੀ ਪੈਦਾਵਾਰ ਵਧੀਆ ਹੁੰਦੀ ਹੈ। ਕਹਿਣ ਦਾ ਭਾਵ ਹੈ ਕਿ ਕੁਦਰਤ ਨੇ ਪੰਜਾਬੀਆਂ ਨਾਲ, ਪੰਜਾਬੀ ਸੂਬੇ ਨਾਲ ਕੋਈ ਵਿਤਕਰਾ ਨਹੀਂ ਕੀਤਾ। ਪਰ ਸਮੇਂ ਦੀ ਸਰਕਾਰਾਂ ਨੇ ਪੰਜਾਬ ਵਿਚ ਵੀ ਮਨੂੰਵਾਦੀ ਵਿਵਸਥਾ ਹੇਠ ਦਲਿਤਾਂ ਨਾਲ ਵਿਤਕਰਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਪੰਜਾਬ ਵਿੱਚ ਇੱਕ ਭੰਗੀ ਨੂੰ ਦੂਸਰੀ ਜਗ੍ਹਾ ਜਾਣ ਲਈ ਜਾਂ ਦੂਸਰੇ ਲੋਕਾਂ ਤੱਕ ਪਹੁੰਚਣ ਲਈ ਉੱਚੀ ਆਵਾਜ਼ ਵਿੱਚ 'ਦੂਰ ਹਟੋ' ਭੰਗੀ ਆ ਰਿਹਾ ਹੈ, ਚਿਲਾਉਣਾ ਪੈਂਦਾ ਸੀ। ਪੰਜਾਬ ਵਿੱਚ ਦਲਿਤ ਸਰਵਜਨਕ ਖੂਹ ਤੋਂ ਜਾਂ ਖਾਸਕਰ ਉੱਚ ਜਾਤੀ ਦੇ ਖੂਹਾਂ ਤੋਂ ਪਾਣੀ ਨਹੀਂ ਲੈ ਸਕਦੇ ਸਨ। ਜ਼ਿਲ੍ਹਾ ਲੁਧਿਆਣਾ ਦੇ ਨਗਰ ਖੰਨਾ ਵਿੱਚ ਦੋ ਅਛੂਤਾਂ ਨੇ ਸਵਰਨ ਹਿੰਦੂਆਂ ਦੇ ਖੂਹ ਤੋਂ ਪਾਣੀ ਭਰ ਲਿਆ ਤਾਂ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ। ਜਦਕਿ ਉਸਦੀ ਡਿਊਟੀ ਛੂਆਛਾਤ ਮਿਟਾਉਣ ਦੀ ਸੀ। ਹਿੰਦੂ ਕੋਡ ਬਿੱਲ ਜੋ ਖਾਸ ਕਰਕੇ ਭਾਰਤੀ ਔਰਤਾਂ ਦੀ ਗੁਲਾਮੀ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਘੋਸ਼ਣਾ ਪੱਤਰ ਸੀ, ਬਾਰੇ ਪੰਡਿਤ ਠਾਕੁਰ ਦਾਸ ਭਾਰਗਵ ਨੇ ਕਿਹਾ ਕਿ "ਇਹ ਬਿੱਲ ਪੰਜਾਬ 'ਤੇ ਲਾਗੂ ਨਾ ਕੀਤਾ ਜਾਵੇ।" ਇਹ ਵਿਤਕਰਾ ਤਾਂ ਪੰਜਾਬ ਦੇ ਨਾਲ-ਨਾਲ ਸਾਰੇ ਭਾਰਤ ਦੇ ਅਛੂਤ ਵੀ ਝੱਲ ਰਹੇ ਸਨ, ਪਰ ਪੰਜਾਬ ਦੇ ਅਛੂਤ ਜਾਤੀਵਾਦ ਦੀ ਇੱਕ ਹੋਰ ਮਾਰ ਵੀ ਝੱਲ ਰਹੇ ਸਨ। ਉਹ ਪੰਜਾਬ ਲੈਂਡ ਐਲੀਨੇਸ਼ਨ ਐਕਟ ਤਹਿਤ ਸੀ।

ਇਸ ਐਕਟ ਅਧੀਨ ਕੁੱਝ ਜਾਤੀਆਂ ਅਤੇ ਕਬੀਲਿਆਂ ਨੂੰ ਜਮੀਨ ਦੀ ਮਾਲਕੀ ਦੇ ਅਧਿਕਾਰ ਤੋਂ ਵੰਚਿਤ ਕੀਤਾ ਗਿਆ ਸੀ। ਇਸ ਐਕਟ ਨੂੰ ਬਣਾਉਣ ਦਾ ਬ੍ਰਿਟਿਸ਼ ਸਰਕਾਰ ਦਾ ਮਕਸਦ ਸ਼ਾਹੂਕਾਰਾਂ ਹੱਥੋਂ ਪੰਜਾਬ ਦੇ ਗਰੀਬ ਅਤੇ ਕਮਜ਼ੋਰ ਕਿਸਾਨਾਂ ਦੀ ਹੋ ਰਹੀ ਲੁੱਟ-ਖਸੁੱਟ ਤੋਂ ਰਾਖੀ ਕਰਨਾ ਸੀ। ਜਿਨ੍ਹਾਂ ਦੇ ਉਹ ਕਰਜਾਈ ਸਨ ਅਤੇ ਜਿਨ੍ਹਾਂ ਦੀਆਂ ਜਮੀਨਾਂ ਨੂੰ ਸ਼ਾਹੂਕਾਰ ਹੜੱਪ ਕਰ ਰਹੇ ਸਨ। ਇਸ ਐਕਟ ਅਧੀਨ ਤਿੰਨ ਪ੍ਰਮੁੱਖ ਜਾਤੀਆਂ ਅਰੋੜੇ, ਬਾਣੀਏ ਅਤੇ ਖੱਤਰੀ ਜੋ ਕਿ ਪ੍ਰੰਪਰਾਗਤ ਤੌਰ 'ਤੇ ਸ਼ਾਹੂਕਾਰ ਹਨ, ਉੱਪਰ ਖਾਸ ਤੌਰ 'ਤੇ ਖੇਤੀਬਾੜੀ ਵਾਲੀ ਜਮੀਨ ਖਰੀਦਣ 'ਤੇ ਪਾਬੰਦੀ ਲਗਾਈ ਗਈ ਸੀ।




ਇਸ ਐਕਟ ਅਧੀਨ ਇਹ ਕਾਨੂੰਨ ਬਣਾਇਆ ਗਿਆ ਸੀ ਕਿ ਖੇਤੀਬਾੜੀ ਕਰਨ ਵਾਲੇ ਕਿਸਾਨ/ਜ਼ਿਮੀਂਦਾਰ ਹੀ ਕਿਸੇ ਦੂਜੇ ਕਿਸਾਨ/ਜ਼ਿਮੀਂਦਾਰ ਦੀ ਜਾਇਦਾਦ ਨੂੰ ਖਰੀਦ ਸਕਦੇ ਸਨ। ਕਿਉਂਕਿ ਪੰਜਾਬ ਦੇ ਅਛੂਤਾਂ ਨੂੰ ਉਸ ਸਮੇਂ ਕੰਮੀ/ਨੀਚ/ਨੌਕਰ ਸਮਝਿਆ ਜਾਂਦਾ ਸੀ ਅਤੇ ਉਹ ਪ੍ਰੰਪਰਾਗਤ ਤੌਰ 'ਤੇ ਗੈਰ ਜ਼ਿਮੀਂਦਾਰ ਤੇ ਬੇਜ਼ਮੀਨੇ ਸਨ ਅਤੇ ਉਕਤ ਐਕਟ ਉਹਨਾਂ ਉੱਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਸੀ। ਪੰਜਾਬ ਦੇ ਅਛੂਤ ਵੀ ਇਸ ਐਕਟ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਅਤੇ ਪੀੜਤ ਸਨ। ਐਨਾ ਹੀ ਨਹੀਂ ਜਿਹੜੇ ਰਵਾਇਤੀ ਕਾਨੂੰਨ ਜੋ ਪੰਜਾਬ ਲੈਂਡ ਐਲੀਨੇਸ਼ਨ ਐਕਟ 1901 ਦੀਆਂ ਧਾਰਾਵਾਂ ਦੇ ਨਾਲ-ਨਾਲ ਹੀ ਪੰਜਾਬ ਵਿੱਚ ਲਾਗੂ ਸਨ, ਉਨ੍ਹਾਂ ਰਵਾਇਤੀ ਕਾਨੂੰਨਾਂ ਅਧੀਨ ਅਛੂਤਾਂ ਨੂੰ ਆਪਣੀ ਰਿਹਾਇਸ਼ ਲਈ ਵੀ ਜਮੀਨ ਦਾ ਇੱਕ ਛੋਟਾ ਜਿਹਾ ਟੁੱਕੜਾ ਖਰੀਦਣ ਦਾ ਵੀ ਅਧਿਕਾਰ ਨਹੀਂ ਸੀ। ਸਿੱਟੇ ਵਜੋਂ ਅਛੂਤ ਆਪਣੀਆਂ ਛੋਟੀਆਂ ਝੌਂਪੜੀਆਂ ਬਣਾਉਣ ਲਈ ਵੀ ਹਮੇਸ਼ਾ ਜ਼ਿਮੀਂਦਾਰਾਂ ਦੇ ਤਰਸ 'ਤੇ ਨਿਰਭਰ ਕਰਦੇ ਸਨ। 1901 ਵਿੱਚ ਇਸ ਐਕਟ ਦੇ ਬਣਨ ਅਤੇ ਇਸ ਉਪਰੰਤ 1906 ਵਿੱਚ ਇਸ ਵਿੱਚ ਸੋਧ ਹੋਣ ਤੋਂ ਬਾਅਦ ਲਗਾਤਾਰ ਇਸ ਐਕਟ ਨੂੰ ਖਤਮ ਕਰਨ ਲਈ ਲੋਕ ਸੰਘਰਸ਼ ਕਰ ਰਹੇ ਸਨ, ਪਰ ਉਨ੍ਹਾਂ ਨੂੰ ਕੋਈ ਕਾਮਯਾਬੀ ਨਹੀਂ ਮਿਲ ਰਹੀ ਸੀ। ਜਦੋਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਇਸ ਐਕਟ ਨੂੰ ਖਤਮ ਕਰਕੇ ਪੰਜਾਬ ਦੇ ਲੋਕਾਂ ਨੂੰ ਰਾਹਤ ਦੇਣ ਦਾ ਸੁਨਹਿਰੀ ਮੌਕਾ ਮਿਲਿਆ।

16 ਸਤੰਬਰ 1954 ਨੂੰ ਬਾਬਾ ਸਾਹਿਬ ਅੰਬੇਡਕਰ ਜੀ ਨੇ ਰਾਜ ਸਭਾ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਂ ਪੰਜਾਬ ਵਿੱਚ ਲੈਂਡ ਐਲੀਨੇਸ਼ਨ ਐਕਟ 1901 ਨੂੰ ਆਪਣੇ ਕਾਨੂੰਨ ਮੰਤਰੀ ਪਦ ਦੇ ਕਾਰਜਕਾਲ ਵਿੱਚ ਮੁਕੰਮਲ ਤੌਰ 'ਤੇ ਖਤਮ ਕਰਨ ਵਿੱਚ ਕਾਮਯਾਬ ਹੋਇਆ ਹਾਂ। ਜੋ ਕਿ ਸੰਵਿਧਾਨ ਦੇ ਆਰਟੀਕਲ 372 ਧਾਰਾ (2) ਦੇ ਬਿਲਕੁੱਲ ਵਿਰੁੱਧ ਸੀ। ਬਾਬਾ ਸਾਹਿਬ ਨੇ ਅੱਗੇ ਹੋਰ ਬੋਲਦਿਆਂ ਕਿਹਾ ਕਿ ਇਸ ਐਕਟ ਦੇ ਨਾਲ-ਨਾਲ ਜੋ ਰਵਾਇਤੀ ਕਾਨੂੰਨ ਪੰਜਾਬ ਵਿੱਚ ਲਾਗੂ ਸਨ, ਉਨ੍ਹਾਂ ਰਵਾਇਤੀ ਕਾਨੂੰਨਾਂ ਅਨੁਸਾਰ ਪਿੰਡ ਦੀ ਸ਼ਾਮਲਾਟ ਜਮੀਨ ਨੂੰ ਪਿੰਡ ਦੇ ਸਿਰਫ ਉਨ੍ਹਾਂ ਭਾਈਚਾਰਿਆਂ/ਜਾਤੀਆਂ ਵਿੱਚ ਹੀ ਵੰਡਿਆ ਜਾਂਦਾ ਸੀ, ਜੋ ਜੱਦੀ ਪੁਸ਼ਤੀ ਜਮੀਨਾਂ ਜਾਇਦਾਦਾਂ ਦੇ ਮਾਲਕ ਹੋਣ ਜਾਂ ਜ਼ਿਮੀਂਦਾਰ ਹੋਣ। ਉਨ੍ਹਾਂ ਤੋਂ ਇਲਾਵਾ ਬਾਕੀ ਸਾਰੇ ਗੈਰ ਜ਼ਿਮੀਂਦਾਰ ਸਨ ਅਤੇ ਉਨ੍ਹਾਂ ਨੂੰ ਕਮੀਨ ਕਿਹਾ ਜਾਂਦਾ ਸੀ, ਜਿਸ ਤੋਂ ਭਾਵ ਸੀ ਕਿ ਉਹ ਛੋਟੀਆਂ ਜਾਤੀਆਂ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਨੂੰ ਸ਼ਾਮਲਾਟ ਜਾਇਦਾਦ ਵਿੱਚੋਂ ਹਿੱਸੇ ਦਾ ਕੋਈ ਅਧਿਕਾਰ ਨਹੀਂ ਸੀ। ਸਿੱਟੇ ਵਜੋਂ ਉਹ ਜਮੀਨ ਦੇ ਟੁੱਕੜੇ 'ਤੇ ਰਹਿੰਦੇ ਸਨ, ਉਸ ਉੱਪਰ ਆਪਣਾ ਪੱਕਾ ਮਕਾਨ ਨਹੀਂ ਬਣਾ ਸਕਦੇ ਸਨ। ਉਨ੍ਹਾਂ ਨੂੰ ਹਮੇਸ਼ਾ ਇਹ ਡਰ ਬਣਿਆ ਰਹਿੰਦਾ ਸੀ ਕਿ ਪੰਜਾਬ ਦੇ ਜ਼ਿਮੀਂਦਾਰ ਕਿਸੇ ਵੇਲੇ ਵੀ ਉਨ੍ਹਾਂ ਨੂੰ ਜ਼ਮੀਨ ਦੇ ਟੁੱਕੜੇ ਤੋਂ ਬਾਹਰ ਦਾ ਰਾਸਤਾ ਦਿਖਾ ਸਕਦੇ ਹਨ। ਇਸ ਲਈ ਤੁਸੀਂ ਪ੍ਰੋ: ਦਵਿੰਦਰ ਕੁਮਾਰ ਦਾ 'ਵਿਹੜਾ ਆਪਣਾ ਧਰਤ ਪਰਾਈ' ਨਾਟਕ ਵੀ ਪੜ੍ਹ ਸਕਦੇ ਹੋ। ਇਸ ਪ੍ਰਕਾਰ ਇਨ੍ਹਾਂ ਕਾਨੂੰਨਾਂ ਦੇ ਚੱਲਦਿਆਂ ਪੰਜਾਬ ਦੇ ਅਛੂਤ ਆਪਣੇ ਪੱਕੇ ਘਰ ਨਹੀਂ ਬਣਾ ਸਕਦੇ ਸਨ ਅਤੇ ਨਾ ਹੀ ਰਿਹਾਇਸ਼ੀ ਜਾਂ ਖੇਤੀਬਾੜੀ ਵਾਲੀ ਜਮੀਨ ਦਾ ਕੋਈ ਟੁੱਕੜਾ ਖਰੀਦ ਸਕਦੇ ਸਨ।



ਸੰਤੋਖ ਸਿੰਘ ਜੱਸੀ
91-70876-19800

ਇਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਜੀ ਨੇ ਕਾਨੂੰਨ ਮੰਤਰੀ ਹੁੰਦਿਆਂ ਸਭ ਤੋਂ ਪਹਿਲਾਂ ਐਕਟ ਜੋ ਖਤਮ ਕੀਤਾ, ਉਹ ਪੰਜਾਬ ਲੈਂਡ ਐਲੀਨੇਸ਼ਨ ਐਕਟ 1901 ਸੀ। ਉਨ੍ਹਾਂ ਨੇ ਇਸ ਐਕਟ ਨੂੰ ਬਾਕੀ ਬਹੁਤ ਸਾਰੇ ਐਕਟਾਂ ਦੇ ਮੁਕਾਬਲਤਨ ਸਭ ਤੋਂ ਵੱਧ ਪੱਖਪਾਤੀ ਤੇ ਅਨਿਆਂ ਪੂਰਨ ਮੰਨਿਆਂ ਅਤੇ ਪ੍ਰਮੁੱਖ ਤੌਰ 'ਤੇ ਇਸ ਨੂੰ ਸਭ ਤੋਂ ਪਹਿਲਾਂ ਖਤਮ ਕੀਤਾ। ਅੱਜ ਅਨੁਸੂਚਿਤ ਜਾਤੀਆਂ ਦੇ ਲੋਕ ਜੋ ਸਾਰੇ ਅਧਿਕਾਰਾਂ ਤੋਂ ਵੰਚਿਤ ਸਨ ਨੂੰ ਜ਼ਮੀਨ ਜਾਇਦਾਦ ਖਰੀਦਣ ਦਾ ਪੂਰਾ ਅਧਿਕਾਰ ਹੈ।

ਪੰਜਾਬ ਵਿਚ ਉਸ ਮੌਕੇ ਦੇ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂਸ਼ਹਿਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਚ ਇਸ ਕਾਨੂੰਨ ਤਹਿਤ ਪਹਿਲੀ ਰਜਿਸਟਰੀ ਹੋਈ ਸੀ। ਹੁਣ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਖੇਤਾਂ ਦੇ ਮਾਲਕ ਹਨ। ਕਈ ਲੋਕ ਜ਼ਿਮੀਂਦਾਰ ਅਤੇ ਕਿਸਾਨ ਵੀ ਬਣ ਗਏ ਸਨ। ਜਿਸ ਨਾਲ ਉਨ੍ਹਾਂ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ। ਅੱਜ ਪੰਜਾਬ ਦੇ ਦਲਿਤ ਅਛੂਤ ਲੋਕਾਂ ਵਲੋਂ ਜੋ ਮਹਿਲਨੁਮਾ ਘਰ ਅਤੇ ਕੋਠੀਆਂ ਬਣਾਈਆਂ ਗਈਆਂ ਹਨ, ਇਹ ਸਭ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਕੁਰਬਾਨੀਆਂ ਕਾਰਨ ਹੀ ਸੰਭਵ ਹੋ ਸਕਿਆ ਹੈ।

# ਸੰਗੀਤਕ ਖੇਤਰ ਵਿੱਚ ਪੰਜਾਬੀ ਗ਼ਜ਼ਲ ਦੇ ਮੁਹਾਂਦਰੇ ਬਣਾਉਂਦਾ ਸ਼ਾਇਰ - ਜਸਵੰਤ ਵਾਗਲਾ

ਜਸਵੰਤ ਵਾਗਲਾ ਪੰਜਾਬੀ ਗਜਲ ਖੇਤਰ ਵਿਚ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਪੰਜਾਬ ਦੇ ਜਿਲਾ ਨਵਾਂ ਸ਼ਹਿਰ ਵਿਚ ਪੈਂਦੇ ਪਿੰਡ ਰਟੈਂਡਾ ਵਿਖੇ ਸ੍ਰੀ ਮੇਹਰ ਚੰਦ ਵਾਗਲਾ (ਪਿਤਾ) ਅਤੇ ਸ੍ਰੀਮਤੀ ਸੁਰਜੀਤ ਕੌਰ (ਮਾਤਾ) ਦੇ ਗ੍ਰਹਿ ਨੂੰ 15 ਮਾਰਚ, 1980 ਨੂੰ ਭਾਗ ਲਾਉਣ ਵਾਲੇ ਜਸਵੰਤ ਵਾਗਲਾ ਨੇ ਆਪਣੀ ਪੜਾਈ ਚੰਡੀਗੜ੍ਹ ਵਿਖੇ ਪੂਰੀ ਕੀਤੀ। ਉਪਰੰਤ 2003 ਤੋਂ ਉਸਦਾ ਅੰਨਜਲ ਉਸਨੂੰ ਆਸਟਰੇਲੀਆ ਲੈ ਗਿਆ, ਜਿੱਥੇ ਕਿ ਉਹ ਅੱਜ ਦਿਨ ਆਪਣੀ ਧਰਮ-ਪਤਨੀ ਜਸਵਿੰਦਰ ਕੌਰ ਅਤੇ ਦੋ ਬੇਟੇ ਵਿਕਟਰ ਸਿੰਘ ਵਾਗਲਾ ਤੇ ਜਸਟਿਨ ਸਿੰਘ ਵਾਗਲਾ ਨਾਲ ਪੱਕੇ ਤੌਰ ਤੇ ਰਹਿ ਰਿਹਾ ਹੈ।

ਦੋ ਚਾਰ ਦਿਨ ਤੂੰ ਕਟ ਲੈ, ਜਗ ਤੇ ਫਕੀਰ ਬਣਕੇ।
ਕੰਗਾਲ ਹੋ ਨਾ ਜਾਵੀਂ, ਬਹੁਤਾ ਅਮੀਰ ਬਣਕੇ।
ਬੇਗਾਨਿਆਂ ਦੇ ਪੱਥਰ, ਫੁਲ ਵਾਂਗ ਜਾਪੇ ਮੈਨੂੰ,
ਇਕ ਬੋਲ ਤੇਰਾ ਦਿਲ ਵਿੱਚ, ਖੁਭਿਆ ਹੈ ਤੀਰ ਬਣਕੇ।'

ਵਰਗੇ ਸ਼ੇਅਰ ਕਹਿਣ ਵਾਲਾ ਜਸਵੰਤ ਦੱਸਦਾ ਹੈ ਕਿ ਉਸਨੂੰ ਬਚਪਨ ਤੋਂ ਹੀ ਕਵਿਤਾਵਾਂ ਪੜਨ ਦਾ ਬਹੁਤ ਸ਼ੌਕ ਸੀ। ਫੇਰ ਗੁਰਬਾਣੀ, ਬਾਬਾ ਫਰੀਦ ਤੇ ਕਬੀਰ ਸਾਹਿਬ ਦੇ ਸਲੋਕ ਪੜਨੇ ਤੇ ਯਾਦ ਹੋ ਜਾਣੇ। ਪੰਜਾਬੀ ਛੰਦ ਬੱਧ ਕਵਿਤਾ ਉਸਨੂੰ ਆਪਣੇ ਵੱਲ ਖਿੱਚਦੀ ਗਈ ਤੇ ਹੌਲੀ ਹੌਲੀ ਉਸਨੇ ਲਿਖਣਾ ਸ਼ੁਰੂ ਕਰ ਦਿੱਤਾ। ਸੁਰੂਆਤੀ ਦੌਰ ਵਿੱਚ ਉਹ ਗੀਤ ਲਿਖਦਾ ਰਿਹਾ। ਆਪਣੀ ਭਾਰਤੀ ਫੇਰੀ ਦੌਰਾਨ 2005 ਵਿੱਚ ਪੰਜਾਬੀ ਗ਼ਜ਼ਲ ਦੇ ਦੋ ਮਹਾਨ ਸ਼ਾਇਰ ਉਸਤਾਦ ਉਲਫਤ ਬਾਜਵਾ ਜੀ ਤੇ ਉਸਤਾਦ ਗੁਰਦਿਆਲ ਰੌਸ਼ਨ ਜੀ ਦੀਆਂ ਪੁਸਤਕਾ ਪੜਨ ਨੂੰ ਉਸਨੂੰ ਮਿਲੀਆਂ। ਉਹਨਾਂ ਦੀਆਂ ਗ਼ਜ਼ਲਾਂ ਨੇ ਉਸਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਉਹ ਬਸ ਉਹਨਾਂ ਦਾ ਹੀ ਹੋ ਕੇ ਰਹਿ ਗਿਆ। ਉਲਫਤ ਬਾਜਵਾ ਜੀ ਦੇ ਚਲਾਣੇ ਤੋਂ ਬਾਅਦ ਜਸਵੰਤ ਨੇ ਗ਼ਜ਼ਲ ਦੀ ਵਿਧਾ (ਅਰੂਜ) ਤੇ ਸ਼ਾਇਰੀ ਦੀ ਵਿੱਦਿਆ ਉਸਤਾਦ ਗੁਰਦਿਆਲ ਰੌਸ਼ਨ ਜੀ ਤੋਂ ਪ੍ਰਾਪਤ ਕੀਤੀ।

ਫਿਰ ਗ਼ਜ਼ਲਗੋ 'ਵਾਗਲੇ' ਬਣਨਾ ਸੀ ਤੂੰ ਕਿੱਥੇ,
ਜੇ ਕਿਤੇ 'ਰੌਸ਼ਨ' ਜਿਹਾ ਉਸਤਾਦ ਨਾ ਹੁੰਦਾ।

ਉਸਤਾਦ ਦੀ ਰਹਿਮਤ ਨੂੰ ਬਿਆਨਦਾ ਕਮਾਲ ਮਈ ਸ਼ੇਅਰ ਹੈ, ਉਸਦਾ। ਜਸਵੰਤ ਉਸਤਾਦੀ ਸ਼ਗਿਰਦੀ ਦੀ ਪਰੰਪਰਾ ਦਾ ਸਮਰਥਕ ਹੈ। ਉਸਦਾ ਮੰਨਣਾ ਹੈ ਕਿ ਖਾਸ ਕਰ ਪੰਜਾਬੀ ਗ਼ਜ਼ਲ ਦੀ ਵਿਧਾ ਵਿੱਚ ਇਸਦੀ ਬਹੁਤ ਜਿਆਦਾ ਜਰੂਰਤ ਹੈ। ਉਸਤਾਦ ਸੌਖੇ ਤਰੀਕੇ ਨਾਲ ਵਧੀਆ ਸਮਝਾ ਕੇ ਸਾਡਾ ਪਾਠ ਸੌਖਾ ਕਰ ਦਿੰਦਾ ਹੈ। ਕਈ ਅਜਿਹੀਆਂ ਚੀਜਾਂ ਵੀ ਹਨ ਜੋ ਸਿਰਫ ਕਿਤਾਬਾਂ ਪੜ ਕੇ ਹਾਸਿਲ ਨਹੀਂ ਹੋ ਸਕਦੀਆਂ। ਦੂਜੀ ਗੱਲ, ਜੋ ਕਿਤਾਬਾਂ ਅਸੀ ਸਿੱਖਣ ਲਈ ਪੜਦੇ ਹਾਂ ਉਹ ਵੀ ਕਿਸੇ ਨਾ ਕਿਸੇ ਉਸਤਾਦ ਦੀਆਂ ਹੀ ਲਿਖੀਆਂ ਹੁੰਦੀਆਂ ਹਨ ਉਸ ਵੇਲੇ ਅਸੀਂ ਉਸ ਕਿਤਾਬ ਦੇ ਲੇਖਕ ਉਸਤਾਦ ਕੋਲੋਂ ਸਿੱਖ ਰਹੇ ਹੁੰਦੇ ਹਾਂ। ਉਹ ਖੁਸ਼ਕਿਸਮਤ ਸਮਝਦਾ ਹੈ ਕਿ ਉਸਨੂੰ ਗੁਰਦਿਆਲ ਰੌਸ਼ਨ ਜੀ ਵਰਗਾ ਉਸਤਾਦ ਮਿਲਿਆ।

ਵਾਗਲਾ ਦੁਖੀ ਹਿਰਦੇ ਨਾਲ ਤਜਰਬਾ ਸਾਂਝਾ ਕਰਦਿਆਂ ਦੱਸਦਾ ਹੈ ਕਿ ਆਸਟਰੇਲੀਆ ਵਿੱਚ ਵੀ ਤੇ ਭਾਰਤ ਵਿੱਚ ਵੀ ਸਾਹਿਤ ਦੀ ਦੁਨੀਆਂ ਵਿੱਚ ਵੀ ਸਿਆਸੀ ਪਾਰਟੀਆਂ ਵਾਂਗੂੰ ਵੱਖ ਵੱਖ ਧੜੇ ਬਣੇ ਹੋਏ ਹਨ ਤੇ ਹਰ ਲੇਖਕ ਆਪਣੇ ਧੜੇ ਨੂੰ ਚਮਕਾਉਣ ਦੀ ਕੋਸ਼ਿਸ਼ ਕਰਦਾ ਹੈ। ਮਾਨ ਸਨਮਾਨ ਮਾੜੀ ਗੱਲ ਨਹੀਂ, ਜੇ ਯੋਗਤਾ ਅਨੁਸਾਰ ਦਿੱਤਾ ਜਾਵੇ। ਜੇ ਆਪਣੇ ਚਹੇਤਿਆਂ ਜਾਂ ਧੜਿਆਂ ਨੂੰ ਹੀ ਖੁਸ਼ ਕਰਨਾ ਹੈ ਤਾਂ ਇਹ ਸਿਰਫ਼





ਲੇਖਕ ਲਈ ਹੀ ਨਹੀਂ, ਬਲਕਿ ਸਰਕਾਰੀ ਸਾਹਿਤਕ ਢਾਂਚੇ ਲਈ ਵੀ ਖਤਰਨਾਕ ਹੈ। 'ਪਹੁੰਚ ਵਾਲੇ' ਮਾਨ ਸਨਮਾਨ ਦੇ ਭੁੱਖਿਆਂ 'ਤੇ ਉਹ ਕਟਾਖਸ਼ ਕਰਦਾ ਹੈ-

ਉਸਨੂੰ ਕਹਿਣਾ ਕਵੀ ਹੀ ਗਲਤ ਹੈ,
ਸ਼ੌਕ ਜਿਸਨੂੰ ਪੈ ਗਿਆ ਸਨਮਾਨ ਦਾ।

ਵਾਗਲਾ ਮੰਨਦਾ ਹੈ ਕਿ ਸ਼ਾਇਰੀ ਪਰਮਾਤਮਾ ਦੀ ਅਨਮੁੱਲੀ ਦਾਤ ਹੈ ਉਹ ਕਿਸੇ 'ਤੇ ਵੀ ਇਹ ਬਖਸ਼ਿਸ਼ ਕਰ ਸਕਦਾ ਹੈ। ਸੰਵੇਦਨਾ ਤੋਂ ਬਿਨਾਂ ਸਾਹਿਤ ਦੀ ਸਿਰਜਣਾ ਨਾ ਮੁਮਕਿਨ ਹੈ,ਚਾਹੇ ਕੋਈ ਵੀ ਵਿਧਾ ਹੋਵੇ। ਮੈਂ ਪੂਰਾ ਪੰਜਾਬੀ ਗ਼ਜ਼ਲ ਨੂੰ ਹੀ ਸਮਰਪਿਤ ਹਾਂ। ਕਦੇ ਕਦੇ ਗੀਤ ਵੀ ਲਿਖ ਲੈਂਦਾ ਹਾਂ। ਮੇਰੀ ਪਹਿਚਾਣ ਪੰਜਾਬੀ ਗ਼ਜ਼ਲਗੋ ਦੀ ਹੈ ਤੇ ਮੈਂ ਏਹੀ ਚਾਹੁੰਦਾ ਕਿ ਮੈਨੂੰ ਪੰਜਾਬੀ ਗ਼ਜ਼ਲਗੋ ਵਜੋਂ ਜਾਣਿਆਂ ਜਾਵੇ।"

ਵਾਗਲਾ ਇਨਾਂ ਵਿਚਾਰਾਂ ਦਾ ਹੈ ਕਿ ਛੰਦ ਬੱਧ ਕਵਿਤਾ ਨੂੰ ਪਾਠਕ ਜਿਆਦਾ ਪਸੰਦ ਕਰਦੇ ਹਨ। ਬਾਕੀ, ਵਿਧਾ ਕੋਈ ਵੀ ਮਾੜੀ ਨਹੀਂ ਹੁੰਦੀ। ਇਕ ਹੋਰ ਸਵਾਲ ਦੇ ਉਤਰ ਵਿਚ ਉਸ ਕਿਹਾ,"ਸੋਸ਼ਲ ਮੀਡੀਆ ਦੇ ਚੱਲਦਿਆਂ ਸਾਹਿਤਕ ਰਸਾਲਿਆਂ ਦਾ ਰੁਝਾਨ ਘਟਿਆ ਹੈ। ਪਰ, ਕਈ ਵਧੀਆ ਰਸਾਲੇ ਹਨ ਜੋ ਆਨਲਾਇਨ ਵੀ ਉਪਲਬਦ ਹਨ। ਪਾਠਕ ਉਹਨਾਂ ਤੋਂ ਵੀ ਫਾਇਦਾ ਉਠਾ ਰਹੇ ਹਨ। ਪ੍ਰਿੰਟਿੰਗ ਕਾਪੀ ਪੜਨ ਦਾ ਆਪਣਾ ਵੱਖਰਾ ਹੀ ਆਨੰਦ ਹੈ।ਰਿਸ਼ਤਿਆਂ ਵਿਚ ਵਿਖਰੇਵਿਆਂ ਦੇ ਕਾਰਨ ਨੂੰ ਅੰਨੀ ਦੌੜ ਵਿਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਤੇ ਪੈਸੇ ਦੀ ਲੱਗੀ ਦੌੜ ਬਾਰੇ ਉਸਦਾ ਸ਼ੇਅਰ ਹੈ-

ਰਿਸ਼ਤਿਆਂ ਦਾ ਕੱਚ ਟੁਟ ਕੇ ਚੂਰ ਹੁੰਦਾ ਜਾ ਰਿਹੈ।
ਆਦਮੀ ਹੁਣ ਆਦਮੀ ਤੋਂ ਦੂਰ ਹੁੰਦਾ ਜਾ ਰਿਹੈ।'

ਵਿਦੇਸ਼ ਦੀ ਲੱਗੀ ਦੌੜ ਬਾਰੇ ਵਾਗਲਾ ਆਖਦਾ ਹੈ ਕਿ ਜਦ ਆਪਣੇ ਮੁਲਕ ਦਾ ਢਾਂਚਾ ਖਰਾਬ ਹੋਵੇ ਫਿਰ ਪਰਵਾਸ ਧਾਰਨ ਕਰ ਲੈਣਾ ਹੀ ਬਿਹਤਰ ਹੈ। ਨੌਜਵਾਨ, ਬੇਰੁਜ਼ਗਾਰੀ ਨਾਲ ਜੂਝ ਰਹੇ ਹਨ ਤੇ ਫਿਰ ਨਸ਼ਿਆ ਦਾ ਸਹਾਰਾ ਲੈਂਦੇ ਹਨ। ਖੁਦ ਬਾਰੇ ਵਾਗਲਾ ਲਿਖਦਾ ਹੈ-

ਵਤਨ ਮੇਰਾ ਜੇ ਮੈਨੂੰ ਵੀ ਕਿਤੇ ਰੁਜ਼ਗਾਰ ਦੇ ਦਿੰਦਾ,
ਕਦੇ ਇਹ ਜ਼ਿੰਦਗੀ ਫਿਰ ਧਾਰਦੀ ਪਰਵਾਸ ਨਾ ਮੇਰੀ।'

ਵਾਗਲਾ ਇਸ ਗੱਲੋਂ ਦੁਖੀ ਤੇ ਚਿੰਤਤ ਹੈ ਕਿ ਪੰਜਾਬੀਆਂ ਵਿੱਚ ਪੁਸਤਕ ਪੜਨ ਦਾ ਰੁਝਾਨ ਬਹੁਤ ਘੱਟ ਹੈ। ਬਾਕੀ ਰਹਿੰਦੀ ਖੂੰਹਦੀ ਮੱਤ ਲੱਚਰ ਗਾਇਕਾਂ ਨੇ ਮਾਰ ਰੱਖੀ ਹੈ। ਨੌਜਵਾਨਾਂ ਕੋਲ ਵਕਤ ਹੀ ਨਹੀਂ ਕਿ ਪੁਸਤਕ ਪੜ ਲੈਣ। ਜੋ ਸਾਹਿਤ ਵਿੱਚ ਰੁੱਚੀ ਰੱਖਦੇ ਹਨ ਉਨਾਂ ਨੂੰ ਉਹ ਦਿਲੋਂ ਸਲਾਮ ਕਰਦਾ ਹੈ। ਬਾਹਰ ਦੇ ਸਿਸਟਮ ਦੀ ਗੱਲ ਕਰਦਿਆਂ ਵਾਗਲਾ ਦੱਸਦਾ ਹੈ ਕਿ ਆਸਟਰੇਲੀਅਨ ਪੰਜਾਬੀ ਸਾਹਿਤਕ ਸੰਭਾਵਾਂ ਪੰਜਾਬੀ ਮਾਂ- ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਜੀਅ ਜਾਨ ਨਾਲ ਮਿਹਨਤ ਕਰ ਰਹੀਆਂ ਹਨ। ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਸਕੂਲ ਖੋਲੇ ਜਾ ਰਹੇ ਹਨ। ਜਗਾਉਣ ਦਾ ਹੋਕਾ ਦਿੰਦਾ ਉਸਦਾ ਸ਼ੇਅਰ ਦੇਖੋ-



ਪ੍ਰੀਤਮ ਲੁਧਿਆਣਵੀ
9876428641

ਪਹਿਰੇਦਾਰੋ ਸੌਂ ਨਾ ਜਾਣਾ ਅਪਣੇ ਘਰ ਅੰਦਰ,
ਝਪਟਣ ਨੂੰ ਫਿਰਦੇ ਨੇ ਕਾਲੇ ਕਾਂ ਪੰਜਾਬੀ ਨੂੰ।
ਇਸ ਦੇ ਨਾਲ ਜੇ ਨਵੀਂਆਂ ਨਸਲਾਂ ਦਿਲ ਤੋਂ ਜੁੜਨਗੀਆਂ,
ਮਾਣ ਮਿਲੇਗਾ ਦੁਨੀਆ ਦੇ ਵਿਚ ਤਾਂ ਪੰਜਾਬੀ ਨੂੰ।'

ਵਾਗਲੇ ਦਾ ਕਹਿਣ ਹੈ, "ਜਿੱਥੇ ਵੀ ਪੰਜਾਬੀ ਜਾਂਦੇ ਹਨ ਆਪਣਾ ਸੁਭਾਅ ਵੀ ਨਾਲ ਲੈ ਕੇ ਜਾਂਦੇ ਹਨ। ਵਿਦੇਸ਼ ਵਿਚ ਵੀ ਪੰਜਾਬੀ ਧੜੇਬੰਦੀਆਂ ਬਣ ਰਹੀਆ ਹਨ। ਸਾਹਿਤਕਾਰਾਂ ਨੂੰ ਇਹਨਾਂ ਤੋਂ ਉੱਤੇ ਉੱਠਣ ਦੀ ਲੋੜ ਹੈ। ਪੰਜਾਬੀ ਗ਼ਜ਼ਲ ਨੂੰ ਪ੍ਰਫੁੱਲਿਤ ਕਰਨ ਲਈ ਅਸੀਂ ਪੰਜਾਬੀ ਗ਼ਜ਼ਲ ਨੂੰ ਸੁਣਨ ਵਾਲੇ ਸਰੋਤੇ ਪੈਦਾ ਕਰਨ ਵਿੱਚ ਕੁਝ ਹੱਦ ਤੱਕ ਕਾਮਯਾਬ ਹੋਏ ਹਾਂ। ਅਸੀਂ ਸਰੋਤਿਆਂ ਨੂੰ ਇਹ ਦੱਸਣ ਵਿੱਚ ਕਾਮਯਾਬ ਹੋਏ ਹਾਂ ਕਿ ਗ਼ਜ਼ਲ ਕੋਈ ਬਹੁਤ ਜਿਆਦਾ ਔਖੀ ਤੇ ਅਲੱਗ ਵਿਧਾ ਨਹੀਂ। ਇਸ ਵਿਚ ਵੀ ਪੰਜਾਬੀ ਗੀਤਾਂ ਵਾਂਗ ਓਨਾ ਹੀ ਆਨੰਦ ਲੈ ਸਕਦੇ ਹੋ। ਅਸੀਂ ਫੇਸਬੁਕ ਗਰੁੱਪ 'ਸ਼ੇਅਰ ਅਰਜ਼ ਹੈ' ਤੇ ਗ਼ਜ਼ਲ ਉਸਨੇ ਛੇੜੀ', ਜਿਸ ਵਿੱਚ ਵੀਹ ਹਜਾਰ ਤੋਂ ਉੱਤੇ ਮੈਂਬਰ ਹਨ, ਵਿੱਚ ਪੰਜਾਬੀ ਗ਼ਜ਼ਲਾਂ ਤੇ ਸ਼ੇਅਰ ਪਾਉਂਦੇ ਹਾਂ, ਜਿਸਨੂੰ ਪੜਨ ਸੁਣਨ ਵਿੱਚ ਲੋਕਾਂ ਦਾ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਪੰਜਾਬੀ ਗ਼ਜ਼ਲ ਦਾ ਸਿੱਧਾ ਸੰਬੰਧ ਗ਼ਜ਼ਲ ਗਾਇਕੀ ਨਾਲ ਹੈ।"

ਜਸਵੰਤ ਵਾਗਲਾ ਜੀ ਜਿੱਥੇ ਖੁਦ ਆਪਣੀਆਂ ਗ਼ਜ਼ਲਾਂ ਨੂੰ ਸਟੇਜਾਂ ਉੱਤੇ ਤਰੰਨੁਮ ਵਿਚ ਪੇਸ਼ਕਾਰੀ ਦੇ ਕੇ ਵਾਹ-ਵਾਹ ਬਟੋਰ ਰਹੇ ਹਨ, ਉਥੇ ਉਨਾਂ ਦੀਆਂ ਤਿੰਨ ਦਰਜਨ ਦੇ ਕਰੀਬ ਲਿਖੀਆਂ ਗ਼ਜ਼ਲਾਂ ਨੂੰ ਸੁਨੀਲ ਡੋਗਰਾ, ਬਲਜਿੰਦਰ ਬੈਂਸ, ਹੀਰਾ ਸਵਾਮੀ, ਕਰਨੈਲ ਸਿੰਘ ਮਾਂਗਟ ਤੇ ਪਰਮਜੀਤ ਪਾਇਲ ਆਦਿ ਵਰਗੇ ਨਾਮਵਰ ਪੰਜਾਬੀ ਗ਼ਜ਼ਲ-ਗਾਇਕ ਨੇ ਵੀ ਆਪਣੀਆਂ ਸੁਰੀਲੀਆਂ ਦਮਦਾਰ ਅਵਾਜ਼ਾਂ ਵਿਚ ਰਿਕਾਰਡ ਕਰਵਾ ਕੇ ਕਲਾ-ਪ੍ਰੇਮੀਆਂ ਤੱਕ ਪਹੁੰਚਦਾ ਕਰਨ ਦਾ ਨਾਮਣਾ ਖੱਟ ਚੁੱਕੇ ਹਨ। ਰੱਬ ਕਰੇ ! ਸਾਡਾ ਪਰਵਾਸੀ ਗ਼ਜ਼ਲਗੋ ਰੂਪੀ ਦੀਵਟ ਜਸਵੰਤ ਵਾਗਲਾ ਇਵੇਂ ਹੀ ਲਟ ਲਟ ਬਲਦਾ, ਆਪਣੀਆਂ ਕਲਮੀ ਰੋਸ਼ਨੀਆਂ ਨਾਲ ਪੰਜਾਬ ਦਾ ਸਿਰ ਉੱਚਾ ਕਰਦਾ ਦੁਨੀਆਂ ਭਰ ਵਿਚ ਛਾਇਆ ਰਵੇ ! ਸਾਨੂੰ ਮਾਣ ਹੈ ਇਹੋ ਜਿਹੇ ਕੋਹੇਨੂਰ ਦੀ ਕਲਮੀ ਚਮਕ-ਦਮਕ ਉੱਤੇ।

# ਅਮਰੀਕਾ- ਮੈਕਸੀਕੋ ਸਰਹੱਦ ਉਪਰ ਸੁਰੱਖਿਆ ਜਵਾਨ ਘੋੜਿਆਂ ਉਪਰ ਕਰ ਰਹੇ ਹਨ ਪ੍ਰਵਾਸੀਆਂ ਦਾ ਪਿੱਛਾ, ਹਾਲਾਤ ਬਹੁਤ ਮਾੜੇ- ਵਾਈਟ ਹਾਊਸ

**ਸੈਕਰਾਮੈਂਟੋ 21 ਸਤੰਬਰ (ਹੁਸਨ ਲੜੋਆ ਬੰਗਾ)-** ਮੈਕਸੀਕੋ-ਅਮਰੀਕਾ ਸਰਹੱਦ ਉਪਰ ਡੈਲ ਰੀਓ, ਟੈਕਸਾਸ ਵਿਚ ਹੈਤੀ ਪਰਵਾਸੀਆਂ ਦਾ ਸੰਕਟ ਹੱਲ ਹੁੰਦਾ ਨਜਰ ਨਹੀਂ ਆ ਰਿਹਾ। ਬਾਈਡਨ ਪਰਸ਼ਾਸਨ ਵੱਲੋਂ ਹੈਤੀ ਪੈਰਵਾਸੀਆਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਣ ਦੀ ਯੋਜਨਾ ਐਲਾਨੇ ਜਾਣ ਉਪਰੰਤ ਅਮਰੀਕੀ ਸਰਹੱਦੀ ਸੁਰੱਖਿਆ ਜਵਾਨਾਂ ਨੇ ਸਖਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਜਵਾਨਾਂ ਵੱਲੋਂ ਪੈਰਵਾਸੀਆਂ ਨੂੰ ਫੜਨ ਲਈ ਉਨਾਂ ਦਾ ਘੋੜਿਆਂ ਉਪਰ ਪਿੱਛਾ ਕੀਤਾ ਜਾ ਰਿਹਾ ਹੈ। ਭੁੱਖ ਤੇ ਪਿਆਸ ਨਾਲ ਜੂਝ ਰਹੇ ਇਹ ਪੈਰਵਾਸੀ ਭੋਜਨ ਤੇ ਪਾਣੀ ਲੈਣ ਲਈ ਵਾਪਿਸ ਮੈਕਸੀਕੋ ਜਾਂਦੇ ਹਨ ਤੇ ਵਾਪਿਸ ਆਉਣ 'ਤੇ ਅਮਰੀਕੀ ਸੁਰੱਖਿਆ ਜਵਾਨ ਉਨਾਂ ਨੂੰ ਵਾਪਿਸ ਮੈਕਸੀਕੋ ਵਿਚ ਧੱਕਣ ਦਾ ਯਤਨ ਕਰਦੇ ਹਨ। ਇਸ ਸਬੰਧੀ ਕਈ ਵੀਡੀਓ ਤੇ ਤਸਵੀਰਾਂ ਸਾਹਮਣੇ ਆਉਣ ਉਪਰੰਤ ਬਾਈਡਨ ਪੈਰਸ਼ਾਸਨ ਨੂੰ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨਾਂ ਵੀਡੀਓ ਦੈਰਿਸ਼ਾਂ ਵਿਚ ਸੁਰੱਖਿਆ ਜਵਾਨ ਪੈਰਵਾਸੀਆਂ ਦੀ ਝਾੜ ਝੰਭ ਕਰਦੇ ਹੋਏ ਨਜਰ ਆ ਰਹੇ ਹਨ ਤੇ ਪਲਾਸਟਿਕ ਦੇ ਥੈਲੇ ਤੇ ਹੋਰ ਨਿੱਕਾ ਮੋਟਾ ਸਮਾਨ ਹੱਥਾਂ ਵਿਚ ਫੜੀ ਪੈਰਵਾਸੀਆਂ ਉਪਰ ਦਫਾ ਹੋ ਜਾਓ, ਵਾਪਿਸ ਚਲੇ ਜਾਓ ਦੀਆਂ ਆਵਾਜ਼ਾਂ ਕੱਸ ਰਹੇ ਹਨ।



ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੈਨ ਪਸਾਕੀ ਨੇ ਇਨਾਂ ਤਸਵੀਰਾਂ ਉਪਰ ਟਿਪਣੀ ਕਰਦਿਆਂ ਕਿਹਾ ਹੈ ਕਿ ਹਾਲਾਤ ਬਹੁਤ ਡਰਾਉਣੇ ਹਨ। ਕੁਝ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਇਸ ਸਥਿੱਤੀ ਲਈ ਜਿੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ ਹੈ। ਗੈਰਹਿ ਸੁਰੱਖਿਆ ਵਿਭਾਗ ਨੇ ਇਕ ਬਿਆਨ ਵਿਚ ਮਾਮਲੇ ਦੀ ਜਾਂਚ ਦਾ ਭਰੋਸਾ ਦਿੱਤਾ ਹੈ। ਪਸਾਕੀ ਨੇ ਕਿਹਾ ਹੈ ਕਿ ੋ ਮੈ ਕੁਝ ਵੀਡੀਓ ਦੈਰਿਸ਼ ਵੇਖੇ ਹਨ ਹਾਲਾਂ ਕਿ ਮੇਰੇ ਕੋਲ ਪੂਰਾ ਵੇਰਵਾ ਨਹੀਂ ਹੈ। ਮੈ ਨਹੀਂ ਸੋਚਦੀ ਕਿ ਜੋ ਵੀ ਕੋਈ ਇਹ ਦੈਰਿਸ਼ ਵੇਖੇਗਾ ਉਹ ਇਸ ਨੂੰ ਉਚਿੱਤ ਕਰਾਰ ਦੇਵੇਗਾੋਂ ਇਹ ਪੁੱਛੇ ਜਾਣੋ ਤੇ ਕਿ



ਕੀ ਸੁਰੱਖਿਆ ਜਵਾਨਾਂ ਨੂੰ ਇਨਾਂ ਪੈਰਵਾਸੀਆਂ ਉਪਰ ਗੋਲੀ ਚਲਾਉਣ ਦੀ ਇਜਾਜਤ ਹੈ ਜਾਂ ਜਵਾਨ ਦੁਬਾਰਾ ਅਜਿਹਾ ਧੱਕਾ ਕਰਨਗੇ ਤਾਂ ਪ੍ਰੈਸ ਸਕੱਤਰ ਨੇ ਕਿਹਾ ਕਿ ਉਹ ਅਜਿਹਾ ਦੁਬਾਰਾ ਨਹੀਂ ਕਰਨਗੇ, ਇਹ ਦਿਲ ਦਹਿਲਾ ਦੇਣ ਵਾਲੇ ਦੈਰਿਸ਼ ਹਨ। ਪੈਰਤੀਨਿਧ ਸਦਨ ਦੀ ਮਿਨੀਸੋਟਾ ਤੋਂ ਮੈਂਬਰ ਡੈਮੋਕਰੈਟਿਕ ਆਗੂ ਲਹਾਨ ਓਮਰ ਨੇ ਕਿਹਾ ਹੈ ਕਿ ਗਸ਼ਤੀ ਜਵਾਨਾਂ ਦੀ ਕਾਰਵਾਈ ਮਨੁੱਖੀ ਹੱਕਾਂ ਦੀ ਉਲੰਘਣਾ ਹੈ ਤੇ ਅਜਿਹਾ ਕਰਨਾ ਅਮਰੀਕੀ ਤੇ ਕੌਮਾਂਤਰੀ ਕਾਨੂੰਨ ਦੀ ਵੀ ਉਲੰਘਣਾ ਹੈ। ਪ੍ਰਤੀਨਿੱਧ ਸਦਨ ਦੇ ਇਕ ਹੋਰ ਮੈਂਬਰ ਵੈਰੋਨੀਕਾ ਐਸਕੋਬਰ ਨੇ ਕਿਹਾ ਹੈ ਕਿ ਸਰਹੱਦੀ ਗਸ਼ਤੀ ਜਵਾਨਾਂ ਦੀ ਕਾਰਵਾਈ ਮੁਕੰਮਲ ਰੂਪ ਵਿਚ ਆਸਵੀਕਾਰਨਯੋਗ ਹੈ। ਉਨਾਂ ਇਕ ਟਵੀਟ ਵਿਚ ਕਿਹਾ ਹੈ ਕਿ ਇਸ ਗੱਲ ਦੀ ਕੋਈ ਤੁੱਕ ਨਹੀਂ ਹੈ ਕਿ ਇਸ ਸਮੇ ਸਥਿੱਤੀ ਕਿੰਨੀ ਚੁਣੌਤੀ ਭਰਪੂਰ ਹੈ, ਅਮਰੀਕਾ ਵਿਚ ਸ਼ਰਨ ਲੈਣ ਦੀ ਕੋਸ਼ਿਸ਼ ਕਰ ਰਹੇ ਪੈਰਵਾਸੀਆਂ 'ਤੇ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾੋਂ ਇਥੇ ਜਿਕਰਯੋਗ ਹੈ ਕਿ 10000 ਤੋਂ ਵਧ ਪਰਵਾਸੀ ਡੈਲ ਰੀਓ ਵਿਚ ਇਕ ਕੌਮਾਂਤਰੀ ਪੁਲ ਦੇ ਹੇਠਾਂ ਇਕੱਤਰ ਹੋ ਗਏ ਹਨ ਤੇ ਉਹ ਅਮਰੀਕਾ ਵਿਚ ਸ਼ਰਨ ਦੇਣ ਦੀ ਮੰਗ ਕਰ ਰਹੇ ਹਨ ਜਦ ਕਿ ਬਾਈਡਨ ਪੈਰਸ਼ਾਸਨ ਇਨਾਂ ਨੂੰ ਵਾਪਿਸ ਹੈਤੀ ਭੇਜਣ ਦੀ ਕੋਸ਼ਿਸ ਕਰ ਰਿਹਾ ਹੈ।

# ਵਾਸ਼ਿੰਗਟਨ ਵਿਚ ਗੁਰਦੁਆਰਾ ਸਾਹਿਬ ਵਿੱਚ ਅਣਪਛਾਤੇ ਵਿਅਕਤੀ ਵੱਲੋਂ ਭੰਨਤੋੜ, ਨਫਰਤੀ ਅਪਰਾਧ ਦਾ ਮਾਮਲਾ

**ਸੈਕਰਾਮੈਂਟੋ 22 ਸਤੰਬਰ (ਹੁਸਨ ਲੜੋਆ ਬੰਗਾ)-** ਵਾਸ਼ਿੰਗਟਨ ਵਿਚ ਸਿਆਟਲ ਦੇ ਦੱਖਣ ਵਿਚ ਸਥਿੱਤ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋ ਕੇ ਇਕ ਅਣਪਛਾਤੇ ਵਿਅਕਤੀ ਵੱਲੋਂ ਬੇਅਦਬੀ ਤੇ ਭੰਨਤੋੜ ਕੀਤੀ ਗਈ। ਗੁਰਦੁਆਰਾ ਖਾਲਸਾ ਗੁਰਮਤਿ ਸੈਂਟਰ ਵਿਚ ਹੋਈ ਇਸ ਘਟਨਾ ਦੌਰਾਨ ਇਲੈਕਟੈਰਾਨਿਕ ਸਾਜ ਸਮਾਨ ਵੀ ਚੋਰੀ ਕਰ ਲਿਆ ਗਿਆ। ਕੋਮੋ ਟੀ ਵੀ ਦੀ ਰਿਪੋਰਟ ਅਨੁਸਾਰ ਵੀਡੀਓ ਵਿਚ ਇਕ ਸ਼ੱਕੀ ਵਿਅਕਤੀ ਗੁਰੂ ਘਰ ਦੇ ਮੁੱਖ ਹਾਲ ਤੇ ਅਰਦਾਸ ਹਾਲ ਵਿਚ ਭੰਨਤੋੜ ਕਰਦਾ ਹੋਇਆ ਨਜਰ ਆ ਰਿਹਾ ਹੈ। ਘਟਨਾ ਸਮੇ ਗੁਰੂ ਘਰ ਵਿਚ ਕੋਈ ਵੀ ਸੇਵਾਦਾਰ ਮੌਜੂਦ ਨਹੀਂ ਸੀ।



ਫੈਡਰਲ ਵੇਅ ਪੁਲਿਸ ਵਿਭਾਗ ਦੇ ਅਧਿਕਾਰੀ ਕੁਰਟ ਸ਼ਵਾਨ ਨੇ ਕਿਹਾ ਹੈ ਕਿ ਪੁਲਿਸ ਨਫਰਤੀ ਅਪਰਾਧ ਸਮੇਤ ਹਰ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਉਪਰੰਤ ਸਿੱਖ ਭਾਈਚਾਰੇ ਵਿਚ ਵਿਆਪਕ ਰੋਸ ਪਾਇਆ ਜਾ ਰਿਹਾ ਹੈ। ਡਾ ਜਸਮੀਤ ਸਿੰਘ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੁਰੂ ਘਰ ਨੂੰ ਨੁਕਸਾਨ ਪਹੁੰਚਾਏ ਜਾਣ ਕਾਰਨ ਸਾਨੂੰ ਗਹਿਰ ਸੱਦਮਾ ਪੁੱਜਾ ਹੈ ਜੋ ਗੁਰੂ ਘਰ ਸਾਡੇ ਬੱਚਿਆਂ ਲਈ ਸਿੱਖਿਆ ਦਾ ਕੇਂਦਰ ਵੀ ਹੈ। ਉਨਾਂ ਕਿਹਾ ਕਿ ਸਿੱਖ ਭਾਈਚਾਰਾ ਵਾਸ਼ਿੰਗਟਨ ਦੇ ਸਭਿਆਚਾਰ ਦਾ ਅਟੁੱਟ ਹਿੱਸਾ ਹੈ। ਸਿੱਖ ਕੁਲੀਸ਼ਨ ਦੇ ਆਗੂਆਂ ਅਨੁਸਾਰ ਉਹ ਐਫ ਬੀ ਆਈ ਤੇ ਪੁਲਿਸ ਵਿਭਾਗ ਦੇ ਸੰਪਰਕ ਵਿਚ ਹਨ ਤੇ ਇਸ ਮਾਮਲੇ ਵਿਚ ਨਫਰਤੀ ਅਪਰਾਧ ਸਮੇਤ ਸਾਰੇ ਪੱਖਾਂ ਤੋਂ ਜਾਂਚ ਹੋ ਰਹੀ ਹੈ। ਸਿੱਖ ਕੁਲੀਸ਼ਨ ਨੇ ਮਾਮਲਾ ਵਾਸ਼ਿੰਗਟਨ ਵਿਚਲੇ ਚੁਣੇ ਹੋਏ ਪੈਰਤੀਨਿੱਧੀਆਂ ਦੇ ਧਿਆਨ ਵਿਚ ਵੀ ਲਿਆਂਦਾ ਹੈ ਤਾਂ ਜੋ ਮਾਮਲੇ ਦੀ ਜਾਂਚ ਛੇਤੀ ਹੋ ਸਕੇ ਤੇ ਦੋਸ਼ੀ ਨੂੰ ਫੜਿਆ ਜਾ ਸਕੇ। ਸ਼ੱਕੀ ਦੀ ਪਛਾਣ ਲਈ ਸਿੱਖ ਸੰਗਤਾਂ, ਮੀਡੀਆ ਤੇ ਹੋਰ ਲੋਕਾਂ ਦੀ ਮੱਦਦ ਵੀ ਲਈ ਜਾ ਰਹੀ ਹੈ। ਸਿੱਖ ਕੁਲੀਸ਼ਨ ਦੀ ਕਾਨੂੰਨੀ ਡਾਇਰੈਕਟਰ ਅਮੈਰਿਤ ਕੌਰ ਨੇ ਕਿਹਾ ਹੈ ਕਿ ਵੀਡੀਓ ਵੇਖਣ ਤੇ ਪਤਾ ਲੱਗਦਾ ਹੈ ਕਿ ਸ਼ੱਕੀ ਵਿਅਕਤੀ ਨੇ ਜਾਣਬੁੱਝ ਕੇ ਮੰਦ ਭਾਵਨਾ ਨਾਲ ਗੁਰੂ ਘਰ ਵਿਚ ਭੰਨਤੋੜ ਕੀਤੀ ਹੈ। ਉਨਾਂ ਕਿਹਾ ਕਿ ਚੰਗੀ ਗੱਲ ਇਹ ਹੈ ਕਿ ਪੁਲਿਸ ਮਾਮਲੇ ਦੀ ਹਰ ਪੱਖ ਤੋਂ ਜਾਂਚ ਕਰ ਰਹੀ ਹੈ।






# ਅਮਰੀਕਾ 'ਚ ਕੋਰੋਨਾ ਮੌਤਾਂ ਦੀ ਸੰਖਿਆ 1918 ਦੀ ਫਲੂ ਮਹਾਂਮਾਰੀ ਦੀਆਂ ਮੌਤਾਂ ਨਾਲੋਂ ਵਧੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕੀ ਏਜੰਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸਨ (ਸੀ ਡੀ ਸੀ ) ਅਨੁਸਾਰ ਇੱਕ ਸਦੀ ਪਹਿਲਾਂ 1918 ਦੀ ਇਨਫਲੂਐਂਜ਼ਾ ਮਹਾਂਮਾਰੀ ਨੇ ਵਿਸ਼ਵ ਭਰ ਵਿੱਚ ਘੱਟੋ ਘੱਟ 50 ਮਿਲੀਅਨ ਲੋਕਾਂ ਦੀ ਜਾਨ ਲੈ ਲਈ ਸੀ ਅਤੇ ਉਸ ਸਮੇਂ ਮਹਾਂਮਾਰੀ ਨਾਲ ਅੰਦਾਜ਼ਨ 675,000 ਮੌਤਾਂ ਅਮਰੀਕਾ ਵਿੱਚ ਹੋਈਆਂ ਸਨ। ਏਜੰਸੀ ਅਨੁਸਾਰ ਹੁਣ, ਕੋਰੋਨਾ ਵਾਇਰਸ ਮਹਾਂਮਾਰੀ ਨੇ 100 ਸਾਲ ਪਹਿਲਾਂ ਦੀ ਮਹਾਂਮਾਰੀ ਤੋਂ ਜਿਆਦਾ ਅਮਰੀਕੀ ਲੋਕਾਂ ਦੀ ਜਾਨ ਲੈ ਲਈ ਹੈ। ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਕੋਰੋਨਾ ਵਾਇਰਸ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਘੱਟੋ ਘੱਟ 675,446 ਅਮਰੀਕੀਆਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ ਇਹ ਗਿਣਤੀ 1918 ਵੇਲੇ ਦੀਆਂ ਮੌਤਾਂ ਨਾਲੋਂ ਵਧ ਗਈ ਹੈ।

1918 ਵਿੱਚ ਇਨਫਲੂਐਂਜ਼ਾ ਮਹਾਂਮਾਰੀ ਦਾ ਪ੍ਰਕੋਪ ਬਸੰਤ ਰੁੱਤ ਵਿੱਚ ਐੱਚ 1 ਐੱਨ 1 ਵਾਇਰਸ ਪੰਛੀਆਂ ਤੋਂ ਮਨੁੱਖਾਂ ਵਿੱਚ ਦਾਖਲ ਹੋਣ ਦੇ ਨਾਲ ਸ਼ੁਰੂ ਹੋਇਆ ਸੀ ਅਤੇ ਲਗਭਗ ਦੋ ਸਾਲਾਂ ਤੱਕ ਚੱਲਿਆ ਸੀ।

ਮਹਾਮਾਰੀ ਦੀ ਤੁਲਨਾ ਕਰਦੇ ਹੋਏ ਸਿਹਤ ਮਾਹਿਰਾਂ ਨੇ ਦੱਸਿਆ ਕਿ 1918 ਦੇ ਮੁਕਾਬਲੇ ਹੁਣ ਅਮਰੀਕਾ ਵਿੱਚ ਬਹੁਤ ਜ਼ਿਆਦਾ ਲੋਕ ਰਹਿੰਦੇ ਹਨ। ਜਨਗਣਨਾ ਦੇ ਅੰਕੜਿਆਂ ਅਨੁਸਾਰ ਉਸ ਸਮੇਂ ਆਬਾਦੀ ਲਗਭਗ 105 ਮਿਲੀਅਨ ਸੀ ਜਦਕਿ ਹੁਣ ਜਨਗਣਨਾ ਅਨੁਸਾਰ ਦੇਸ਼ ਦੀ ਆਬਾਦੀ ਤਕਰੀਬਨ 329 ਮਿਲੀਅਨ ਹੈ। ਅਮਰੀਕਾ ਵਿੱਚ ਇਸ ਵੇਲੇ ਕੋਰੋਨਾ ਵਾਇਰਸ ਕੇਸਾਂ ਦੀ ਮੌਤ ਦਰ 1.6% ਹੈ, ਜੋ ਕਿ 1918 ਵਿੱਚ ਇਨਫਲੂਐਨਜ਼ਾ ਲਈ 2.5% ਸੀ।




# “ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ”



ਹਰਦੀਪ ਸਿੰਘ ਚੁੰਬਰ
+91-94636-01616

ਰਾਜੇ ਵਲੋਂ ਖਾਲੀ ਕੀਤੀ ਕੁਰਸੀ ਉਪਰ ਆਮ ਗਰੀਬ ਸਿੱਖ ਦੇ ਪੁੱਤਰ ਚਰਨਜੀਤ ਸਿੰਘ ਚੰਨੀ ਦਾ ਪੰਜਾਬ ਦਾ ਮੁੱਖ ਮੰਤਰੀ ਬਣ ਜਾਣਾ, ਭਾਰਤ ਦੇ ਸੰਵਿਧਾਨ ਦੀ ਦੇਣ ਹੈ ਅਤੇ ਉਸ ਦੀ ਯੋਗਤਾ ਅਤੇ ਕਾਂਗਰਸ ਪਾਰਟੀ ਵਿੱਚ ਫੌਰੀ ਸਮੇਂ ਦੀ ਲੋੜ ਅਨਸਾਰ ਉਸ ਦੀ ਸਰਵ ਮਕਬੂਲਤਾ ਦੇ ਕਾਰਨ ਕਾਂਗਰਸ ਪਾਰਟੀ ਦੇ ਰਾਸ਼ਟਰੀ ਪੈਰਧਾਨ ਸੈਰੀਮਤੀ ਸੋਨੀਆਂ ਗਾਂਧੀ ਦਾ ਅਸ਼ੀਰਬਾਦ ਮਿਲਣਾ ਮਾਣ ਦੀ ਗੱਲ ਹੈ। 20-9-2021 ਨੂੰ ਪੰਜਾਬ ਦੇ ਨਵੇਂ ਕਾਂਗਰਸ ਪਾਰਟੀ ਦੇ ਮੁੱਖਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਸੌਂਹ ਚੁੱਕੀ, ਚਾਰੇ ਪਾਸਿਆਂ ਤੋ ਵਧਾਈਆਂ ਦੇਣ ਦਾ ਤਾਂਤਾ ਹੈ। ਮੌਜੂਦਾ ਕਾਂਗਰਸ ਦਾ ਸੰਕਟ ਟਲ ਗਿਆ ਹੈ। ਪੰਜਾਬ ਦੇ ਪਹਿਲੇ ਸਿੱਖ ਦਲਿਤ ਮੁੱਖਮੰਤਰੀ ਹੋਣ ਅਤੇ ਸੰਸਾਰ ਦੇ ਹਰ ਕੋਨੇ ਤੋਂ ਵਧਾਈਆਂ ਦਿਤੀਆਂ ਗਈਆਂ। ਇਸ ਦੇ ਨਾਲ ਇੱਕ ਹੋਰ ਪ੍ਰਚਾਰ ਵੀ ਹੋਇਆ ਸਿੱਖ ਦੇ ਦਲਿਤ ਹੋਣ ਦਾ। ਜਿਸ ਨੇ ਸਿਖਾਂ ਨੂੰ ਗੁਰੂਆਂ ਦੇ ਦਿਤੇ ਸਿਧਾਂਤਾ ਉਲਟ ਕੰਮ ਕਰਦੇ ਹੋਣ ਦਾ, ਵਿਖਾਵੇ ਦੇ ਸਿੱਖ ਹੋਣ ਦਾ ਅਤੇ ਉਹਨਾ ਦਾ ਸਿਖੀ ਭੇਸ਼ ਵਿੱਚ ਹਿੰਦੂ ਜਾਤੀਵਾਦੀ ਹੋਣ ਦਾ ਵਿਸ਼ਵ ਪਧਰ ਉੱਤੇ ਪੈਰਚਾਰ ਵੀ ਹੋਇਆ। ਸਾਇਦ ਇਹ ਐਨੇ ਵੱਡੇ ਸੰਸਾਰ ਦੇ ਲੈਵਲ ਉੱਤੇ ਪਹਿਲੀ ਵਾਰ ਹੋਇਆ ਪੈਰਚਾਰ ਹੈ ਕਿਸ ਕਿ ਸਿੱਖ ਜਾਤੀਵਾਦੀ ਵੀ ਹੁੰਦੇ ਹਨ। ਇਹ ਹਰ ਸਿੱਖ ਲਈ ਸ਼ਰਮਸਾਰ ਹੋਣ ਦਾ ਮੁੱਦਾ ਹੈ, ਜਿਹੜਾ ਸੰਸਾਰ ਦੇ ਹਰ ਕੋਨੇ ਵਿੱਚ ਜਾਗਰੂਕ ਇਨਸਾਨ ਦੇ ਸਿੱਖਾਂ ਪੈਰਤੀ ਇੱਕ ਨਵੀਂ ਨੈਗੇਟਿਵ ਸਮਝ ਜੋੜ ਸਕਦਾ ਹੈ, ਸਹੀ ਨਹੀਂ। ਦਲਿਤ ਸਿੱਖ ਮੁੱਖਮੰਤਰੀ ਦਾ ਪੂਰੇ ਸੰਸਾਰ ਵਿੱਚ ਪੈਰਚਾਰ ਕਰਕੇ ਦਸ ਦਿਤਾ ਕਿ ਸਿੱਖੀ ਦੇ ਭੇਸ਼ ਵਿੱਚ ਘੁੰਮਦੇ 99× ਲੋਕ ਹਾਲੇ ਵੀ ਹਿੰਦੂ ਹੀ ਹਨ, ਗੁਰੂ ਦੇ ਸਿੱਖ ਨਹੀਂ ਬਣੇ, ਉਹ ਝੂਠੇ ਸਿੱਖ ਹਨ। ਚੰਨੀ ਦੇ ਮੁੱਖਮੰਤਰੀ ਬਣਨ ਉਪਰੰਤ ਸਿੱਖੀ ਭੇਸ਼ਧਾਰੀ ਲੋਕਾਂ ‘ਤੇ ਆਮ ਲੋਕਾਂ ਦੁਆਰਾ" ਸਿੱਖ ਦਲਿਤੋਂ ਸ਼ਬਦ ਵਰਤਕੇ ਸਿੱਖਾਂ ਦੇ ਜਾਤੀਵਾਦੀਂ ਹੋਣ ਦਾ" ਵਿਸ਼ਵ ਪੱਧਰੀ ਪ੍ਰਚਾਰ ਪਹਿਲੀ ਵਾਰ ਹੋਇਆ ਹੈ ਇਹ ਬਹੁਤ ਸ਼ਰਮਨਾਕ ਕਰਮ ਹੈ।

ਉੱਤਰ ਪੈਰਦੇਸ਼ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ, ਜਿਸ ਨੂੰ ਸਾਰੇ ਭੈਣਜੀ ਕਹਿਕੇ ਸੰਬੋਧਨ ਕਰਦੇ ਹਨ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਹੀ ਭਾਰਤ ਦੀ ਇੱਕੋ ਇਕ ਐਸਸੀ ਸਮਾਜ ਦੀ ਨੇਤਾ ਹੈ ਜਿਹੜੀ ਆਪਣੇ ਦਮ ਮੁੱਖਮੰਤਰੀ ਵੀ ਬਣੀ ਅਤੇ ਪੂਰੇ ਪੰਜ ਸਾਲ ਰਾਜ ਵੀ ਕੀਤਾ, ਉਤਰ ਪੈਰਦੇਸ਼ ਦੇ ਰਾਜ ਨੂੰ ਸਭ ਨਾਲੋਂ ਵੱਧ ਸੁਸ਼ਾਸ਼ਨ ਵਾਲਾ ਰਾਜ ਦਿਤਾ ਹੈ। ਭਾਰਤ ਦੇ 74 ਸਾਲਾ ਦੇ ਪੈਰਭੂਸੱਤਾ ਰਾਸ਼ਟਰ ਵਿੱਚ ਹੁਣ ਤਕ 360 ਮੁੱਖ ਮੰਤਰੀ ਬਣੇ ਹਨ ਜਿਹਨਾ ਵਿੱਚੋ 9 ਐਸਸੀ ਸਮਾਜ ਦੇ ਅਤੇ 9 ਐਸਟੀ ਸਮਾਜ ਦੇ ਬਣੇ ਹਨ। ਇਸ ਸੰਵਿਧਾਨ ਦੇ ਸਰਵ ਸਮਾਜ ਦੀ ਲੋਕਰਾਜ ਵਿਚ ਹਿੱਸੇਦਾਰੀ ਹੋਣ ਦਾ ਸ਼ੀਸ਼ਾ ਹੈ। ਸੰਵਿਧਾਨਿਕ ਸਮਾਜਿਕ ਹਿੱਸੇਦਾਰੀ ਦੇ ਹਿਸਾਬ ਨਾਲ ਦੇਖੀਏ ਤਾਂ 360 ਮੁੱਖਮੰਤਰੀਆਂ ਦੇ ਪਦਾਂ ਵਿੱਚੋ 22.5× ਦੇ ਹਿਸਾਬ ਨਾਲ ਲਗਭਗ 80ਵਿਅਕਤੀਆਂ ਦਾ ਮੁੱਖ ਮੰਤਰੀ ਬਣਨਾ ਬਣਦਾ ਹੈ।

ਹੁਣ ਤਕ ਭਾਰਤ ਦੇ ਰਾਜਾਂ ਉੱਤੇ ਰਾਜ ਕਰਨ ਦੇ ਮਾਮਲੇ ਵਿੱਚ ਐਸਟੀ ਸਮਾਜ ਐਸਸੀ ਸਮਾਜ ਨਾਲੋਂ ਅੱਗੇ ਰਿਹਾ ਹੈ। ਮੋਟੇ ਤੌਰ ਤੇ ਗੱਲ ਕਰੀਏ ਤਾਂ ਝਾਰਖੰਡ ਐਸਟੀ ਬਹੁਲ ਰਾਜ ਵਿੱਚ 2000 ਤੋਂ ਲੈਕੇ ਹੁਣ ਤੱਕ ਲਗਾਤਾਰ ਐਸਟੀ ਮੁੱਖ ਮੰਤਰੀ ਬਣਦੇ ਆਏ ਹਨ ਪਾਰਟੀ ਕਾਂਗਰਸ ਅਤੇ ਬੀਜੇਪੀ ਹੀ ਰਹੀਆਂ ਹਨ। ਛੱਤੀਸਗੜ ਵੀ ਐਸਟੀ ਬਹੁਲ ਰਾਜ ਹੈ। ਲੇਕਿਨ ਇਸ ਰਾਜ ਵਿੱਚ 20 ਸਾਲਾਂ ਵਿੱਚੋਂ 15 ਸਾਲ ਸਵਰਣ ਵਰਗ ਦਾ ਮੁੱਖ ਮੰਤਰੀ ਰਮਨ ਸਿੰਘ 7 ਦਸੰਬਰ 2003 ਤੋਂ 17 ਦਸੰਬਰ 2018 15 ਸਾਲ 10 ਦਿਨ ਰਿਹਾ ਹੈ। ਅਜੀਤ ਜੋਗੀ 3 ਸਾਲ 34 ਦਿਨ ਸੁਰੂ ਵਿੱਚ ਅਤੇ ਮੈਜੂਦਾ ਸਮੇਂ ਭੂਪੇਸ਼ ਬੁਘੇਲ 17 ਦਸੰਬਰ 2018 ਤੋਂ ਰਾਜ ਦੇ ਮੁੱਖ ਮੰਤਰੀ ਚਲ ਰਹੇ ਹਨ। ਐਸਸੀ, ਐਸਟੀ ਸਮਾਜ ਨੂੰ ਪਾੜੋ ਅਤੇ ਜਰਨਲ ਵਰਗ ਦੇ ਮੁੱਖ ਮੰਤਰੀ ਬਣਾ ਦਿਓ ਇਹ ਚਾਲ ਛਤੀਸਗੜ ਵਿੱਚ ਕੰਮ ਕੀਤਾ ਹੈ, ਪਰ ਝਾਰਖੰਡ ਵਿੱਚ ਨਹੀਂ ਰਾਜ ਵਿੱਚ ਪਾਰਟੀ ਕੋਈ ਵੀ ਬਹੁਮਤ ਵਿੱਚ ਰਹੀ ਹੋਵੇ ਮੁੱਖ ਮੰਤਰੀ ਐਸਟੀ ਵਰਗ ਦਾ ਹੀ ਰਿਹਾ ਹੈ। ਤਲੇਂਗਾਂਨਾ ਨਵਾਂ ਨਵਾਂ ਐਸਟੀ ਬਹੁਲ ਰਾਜ ਬਣਿਆ ਹੈ ਇਸ ਦਾ ਹਾਲੇ ਬਹੁਤਾ ਕੁੱਝ ਕੁੱਝ ਕਹਿਣਾ ਸਹੀ ਨਹੀਂ। ਦਾਮੋਦਰਮ ਸੰਜੀਵਈਆ ਆਂਧਰਾ ਪੈਰਦੇਸ਼, ਮੁੱਖ ਮੰਤਰੀ ਕੁਮਾਰੀ ਮਾਇਆਵਤੀ ਉੱਤਰ ਪੈਰਦੇਸ਼ ਦੀ ਸੁਸ਼ੀਲ ਕੁਮਾਰ ਸ਼ੈਂਦੇ ਮਹਾਂਰਾਸ਼ਟਰ ਸਿਧੇ ਤੌਰ ਤੇ ਰਾਜ ਦੇ ਮੁਖੀ ਬਣੇ, ਇਹਨਾਂ ਤੋਂ ਬਿਨਾ ਸਾਰੇ ਹੀ ਸਵਰਣ ਸਮਾਜ ਦੇ ਨੇਤਾ ਦੀ ਗੁੱਟਬੰਦੀ ਕਾਰਨ ਬਹੁਮਤ ਬਨਾਉਣ ਦੇ ਕਾਬਲ ਨਹੀਂ ਹੋ ਸਕੇ, ਤਾਂ ਉਸ ਥੋੜੇ ਸਮੇਂ ਮੁੱਖ ਮੰਤਰੀ ਬਣਾਏ ਗਏ ਹਨ।





ਭਾਰਤ ਦੇ ਹੁਣ ਤੱਕ ਦੇ ਐਸਸੀ ਸਮਾਜ ਦੇ ਕੁੱਝ ਮੁੱਖਮੰਤਰੀ ਇਸ ਤਰਾਂ ਹਨ ਅਤੇ ਰਹੇ ਹਨ।

1. ਦਾਮੋਦਰ ਮਸੰਜੀਵਈਆ, ਆਂਧਰਾ ਪੈਰਦੇਸ਼ ਦੇ ਦੂਜੇ ਮੁੱਖ ਮੰਤਰੀ, ਦਫਤਰ ਵਿਚ 11 ਜਨਵਰੀ 1960 - 12 ਮਾਰਚ 1962 ਕੁੱਲ 781 ਦਿਨ (ਕਾਂਗਰਸ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ। ਇਹ ਅਜਾਦ ਭਾਰਤ ਦੇ ਸਭ ਨਾਲੋ ਪਹਿਲਾਂ ਭਾਰਤੀ ਸੰਵਿਧਾਨ ਦੇ ਰਾਜ ਦੇ ਮੁੱਖ ਮੰਤਰੀ ਬਣੇ ਸਨ। ਦਾਮੋਦਰਮ ਸੰਜੀਵਯਾ ਦਾ ਜਨਮ ਕੁਰਨੂਲ ਜ਼ੈਲੈਹੇ ਦੇ ਕਲੂਰ ਮੰਡਲ ਦੇ ਪੇਡਾਪਾਡੂ ਪਿੰਡ ਵਿੱਚ ਇੱਕ ਮਾਲਾ ਪਰਿਵਾਰ ਵਿੱਚ ਹੋਇਆ ਸੀ। ਜਦੋਂ ਉਹ ਛੋਟੀ ਉਮਰ ਵਿੱਚ ਸੀ ਤਾਂ ਉਸਦੇ ਪਿਤਾ ਦੀ ਮੌਤ ਹੋ ਗਈ ਸੀ। ਉਸਨੇ ਮਿਊਂਸਪਲ ਸਕੂਲ ਤੋਂ ਪੜੈਹਾਈ ਕੀਤੀ ਅਤੇ ਉਸਨੇ ਮਦਰਾਸ ਲਾਅ ਕਾਲਜ ਤੋਂ ਕਾਨੂੰਨ ਵਿੱਚ ਬੈਚਲਰ ਦੀ ਡਿਗਰੀ ਪੈਰਾਪਤ ਕੀਤੀ। ਇੱਕ ਵਿਦਿਆਰਥੀ ਹੋਣ ਦੇ ਬਾਵਜੂਦ, ਉਸਨੇ ਭਾਰਤੀ ਸੁਤੰਤਰਤਾ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਦਾਮੋਦਰਮ ਸੰਜੀਵਯਾ ਸੰਯੁਕਤ ਮਦਰਾਸ ਰਾਜ ਵਿੱਚ ਮੰਤਰੀ ਸਨ। ਉਹ 1950-52 ਦੀ ਅਸਥਾਈ ਸੰਸਦ ਦਾ ਮੈਂਬਰ ਸੀ। 1962 ਵਿੱਚ, ਸੰਜੀਵਯਾ ਆਲ ਇੰਡੀਆ ਕਾਂਗਰਸ ਕਮੇਟੀ ਦੇ ਪੈਰਧਾਨ ਬਣਨ ਵਾਲੇ ਆਂਧਰਾ ਪੈਰਦੇਸ਼ ਦੇ ਪਹਿਲੇ ਦਲਿਤ ਨੇਤਾ ਵੀ ਬਣੇ।ਉਹ 9 ਜੂਨ 1964 ਅਤੇ 23 ਜਨਵਰੀ 1966 ਦੇ ਵਿਚਕਾਰ ਲਾਲ ਬਹਾਦਰ ਸ਼ਾਸਤਰੀ ਦੇ ਅਧੀਨ ਕਿਰਤ ਅਤੇ ਰੁਜ਼ਗਾਰ ਮੰਤਰੀ ਸਨ।ਮੁੱਖ ਸੰਜੀਵਯ ਕਿਸੇ ਭਾਰਤੀ ਰਾਜ ਦੇ ਪਹਿਲੇ ਦਲਿਤ ਮੁੱਖ ਮੰਤਰੀ ਸਨ।

2. ਭੋਲਾ ਪਾਸਵਾਨ ਸ਼ਾਸਤਰੀ, ਬਿਹਾਰ ਦੇ 8 ਵੇਂ ਮੁੱਖ ਮੰਤਰੀ ਦਫਤਰ ਵਿਚ 22 ਮਾਰਚ 1968 - 29 ਜੂਨ 1968, 22 ਜੂਨ 1969 - 4 ਜੁਲਾਈ 1969, 2 ਜੂਨ 1971 - 9 ਜਨਵਰੀ 1972. ਕੁੱਲ ਬਲੀਆਂ ਦੋ ਟਰਮਾਂ ਮਿਲਾਕੇ 472 ਦਿਨ ਅਤੇ ਤੀਜੇ ਵਾਰੀ 687 ਦਿਨ (ਕਾਂਗਰਸ ਅਤੇ ਕਾਂਗਰਸ ਓ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ।ਉਸ ਦਾ ਜਨਮ ਪੂਰਨੀਆ ਜ਼ੈਲੈਹੇ ਦੇ ਬੈਰਗਾਚੀ ਪਿੰਡ ਵਿੱਚ ਜਾਟਵ ਭਾਈਚਾਰੇ ਵਿੱਚ ਹੋਇਆ ਸੀ। ਭੋਲਾ ਪਾਸਵਾਨ ਸ਼ਾਸਤਰੀ ਖੇਤੀਬਾੜੀ ਕਾਲਜ ਦਾ ਨਾਂ ਉਨੈਹਾਂ ਦੇ ਨਾਂ ਤੇ ਰੱਖਿਆ ਗਿਆ ਹੈ। ਭੋਲਾ ਪਾਸਵਾਨ ਦੱਬੇ -ਕੁਚਲੇ ਜਾਤੀ ਦੇ ਉੱਚ ਸਿੱਖਿਆ ਪੈਰਾਪਤ ਮੈਂਬਰ ਸਨ ਅਤੇ ਸ਼ਾਸਤਰੀ ਦਾ ਖਿਤਾਬ ਉਨੈਹਾਂ ਦੇ ਵਿਆਪਕ ਗਿਆਨ ਦੇ ਕਾਰਨ ਸੀ। ਭੋਲਾ ਪਾਸਵਾਨ ਬਿਹਾਰ ਦੇ ਪਹਿਲੇ ਅਨੁਸੂਚਿਤ ਜਾਤੀ (ਐਸਸੀ) ਮੁੱਖ ਮੰਤਰੀ ਸਨ।

3. ਰਾਮ ਸੁੰਦਰ ਦਾਸ, ਮੁੱਖ ਮੰਤਰੀ, ਬਿਹਾਰ ਬਿਹਾਰ ਦੇ 15 ਵੇਂ ਮੁੱਖ ਮੰਤਰੀ, ਦਫਤਰ ਵਿਚ 21 ਅਪੈਰੈਲ 1979 - 17 ਫਰਵਰੀ 1980. ਕਪਲ 296 ਦਿਨ (ਸਮਾਜਵਾਦੀ ਪਾਰਟੀ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ।ਰਾਮ ਸੁੰਦਰ ਦਾਸ ਦਾ ਜਨਮ 9 ਜਨਵਰੀ 1921 ਨੂੰ ਬਿਹਾਰ ਦੇ ਸਾਰਨ ਜ਼ੈਲੈਹੇ ਦੇ ਸੋਨਪੁਰ ਨੇੜੇ ਗੰਗਾਜਲ ਵਿੱਚ ਚਮਾਰ ਜਾਤੀ ਵਿੱਚ ਹੋਇਆ ਸੀ। ਉਸਨੇ ਸੋਨਪੁਰ ਦੇ ਇੱਕ ਸਕੂਲ ਤੋਂ ਦਸਵੀਂ ਕੀਤੀ ਅਤੇ ਕਲਕੱਤਾ ਦੇ ਵਿਦਿਆਸਾਗਰ ਕਾਲਜ ਵਿੱਚ ਪੜਾਈ ਕੀਤੀ। ਉਸਨੇ ਭਾਰਤੀ ਸੁਤੰਤਰਤਾ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਕਾਲਜ ਛੱਡ ਦਿੱਤਾ. ਉਨੈਹਾਂ ਦਾ ਵਿਆਹ 1956 ਵਿੱਚ ਸਵਿਤਾ ਦੇਵੀ ਨਾਲ ਹੋਇਆ ਸੀ ਅਤੇ ਉਹਨਾਂ ਦੇ ਤਿੰਨ ਬੱਚੇ ਸਨ, ਦੋ ਪੁੱਤਰ ਅਤੇ ਇੱਕ ਧੀ।

4. ਜਗਨਨਾਥ ਪਹਾੜੀਆ, ਰਾਜਸਥਾਨ ਦੇ 9 ਵੇਂ ਮੁੱਖ ਮੰਤਰੀ, ਦਫਤਰ ਵਿਚ 6 ਜੂਨ 1980 - 13 ਜੁਲਾਈ 1981 ਕੁੱਲ 457 ਦਿਨ (ਕਾਂਗਰਸ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ।ਜਗਨਨਾਥ ਪਹਾੜੀਆ (15 ਜਨਵਰੀ 1932 - 19 ਮਈ 2021) ਇੱਕ ਭਾਰਤੀ ਸਿਆਸਤਦਾਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਨੇਤਾ ਸਨ। ਉਹ ਹਰਿਆਣਾ ਦੇ ਰਾਜਪਾਲ, ਅਤੇ ਬਿਹਾਰ ਦੇ ਰਾਜਪਾਲ ਅਤੇ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ, ਆਪਣੇ ਗੈਰਹਿ ਰਾਜ ਸਨ। ਉਸਦੀ ਮੌਤ 19 ਮਈ 2021 ਨੂੰ ਕੋਵਿਡ -19 ਨਾਲ ਹੋਈ ਸੀ

ਉਹ 15 ਜਨਵਰੀ 1932 ਨੂੰ ਨਾਥੀਲਾਲ ਪਹਾੜੀਆ ਅਤੇ ਚੰਦਾ ਦੇਵੀ ਦੇ ਘਰ ਇੱਕ ਦਲਿਤ ਪਰਿਵਾਰ ਵਿੱਚ ਰਾਜਸਥਾਨ ਰਾਜ ਦੇ ਮੌਜੂਦਾ ਭਰਤਪੁਰ ਜ਼ਿਲੇ ਦੇ ਭੁਸਾਵਰ ਸ਼ਹਿਰ ਵਿੱਚ ਪੈਦਾ ਹੋਇਆ ਸੀ। ਉਸਨੇ ਐਮ.ਏ., ਐਲ.ਐਲ.ਬੀ., ਐਮ.ਐਸ.ਜੇ. ਕਾਲਜ, ਭਰਤਪੁਰ, ਮਹਾਰਾਜਾ ਕਾਲਜ, ਜੈਪੁਰ ਅਤੇ ਲਾਅ ਕਾਲਜ ਰਾਜਸਥਾਨ ਯੂਨੀਵਰਸਿਟੀ। ਉਹ ਅੰਬੇਡਕਰਵਾਦੀ ਸਨ।

5. ਮਾਇਆਵਤੀ, ਬਹੁਜਨ ਸਮਾਜ ਪਾਰਟੀ ਦੀ ਪੈਰਧਾਨ ਅਤੇ ਉੱਤਰ ਪੈਰਦੇਸ਼ ਦੇ 18 ਵੇਂ ਮੁੱਖ ਮੰਤਰੀ ਦਫਤਰ ਵਿਚ 3 ਜੂਨ 1995 - 18 ਅਕਤੂਬਰ 1995, 21 ਮਾਰਚ 1997 - 21 ਸਤੰਬਰ 1997, 3 ਮਈ 2002 - 29 ਅਗਸਤ 2003, 13 ਮਈ 2007 - 15 ਮਾਰਚ 2012 ਪਹਿਲੀਆਂ 3 ਟਰਮਾਂ 851 ਦਿਨ ਅਤੇ ਚੌਥੀ ਵਾਰੀ ਪੂਰੇ ਪੰਜ ਸਾਲ (ਬੀਐਸਪੀ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਰਹੇ ਹੁਣ ਤਕ ਕੰਮ ਕਰਨ ਦਾ ਸਭ ਨਾਲੋਂ ਵਧੀਆਂ ਅਤੇ ਲੰਮਾ ਰਿਕਰਡ ਰਿਹਾ ਹੈ।ਮਾਇਆਵਤੀ ਦੇ ਕਾਰਜਕਾਲ ਨੇ ਪੈਰਸ਼ੰਸਾ ਅਤੇ ਆਲੋਚਨਾ ਕੀਤੀ ਹੈ. ਪੂਰੇ ਭਾਰਤ ਵਿੱਚ ਲੱਖਾਂ ਦਲਿਤ ਉਸਨੂੰ ਇੱਕ ਪੈਰਤੀਕ ਦੇ ਰੂਪ ਵਿੱਚ ਵੇਖਦੇ ਹਨ, ਅਤੇ ਉਸਨੂੰ ਬੇਹੇਨ-ਜੀ (ਭੈਣ) ਦੇ ਰੂਪ ਵਿੱਚ ਕਹਿੰਦੇ ਹਨ. ਉਸਦੀ ਪਾਰਟੀ ਦੀ ਤਰਫੋਂ ਉਸਦੇ ਫੰਡ ਇਕੱਠੇ ਕਰਨ ਦੇ ਯਤਨਾਂ ਲਈ ਉਸਦੀ ਪੈਰਸ਼ੰਸਾ ਕੀਤੀ ਗਈ ਹੈ ਅਤੇ ਉਸਦੇ ਸਮਰਥਕਾਂ ਦੁਆਰਾ ਉਸਦੇ ਜਨਮਦਿਨ ਵਿਆਪਕ ਤੌਰ ਤੇ ਮਨਾਏ ਗਏ ਹਨ. ਉਸਦੀ ਵਿਅਕਤੀਗਤ ਦੌਲਤ ਅਤੇ ਉਸਦੀ ਪਾਰਟੀ ਦੇ ਉਭਾਰ ਦੀ ਭੈਰਿਸ਼ਟਾਚਾਰ ਦੇ ਸੰਕੇਤ ਵਜੋਂ ਆਲੋਚਨਾ ਕੀਤੀ ਗਈ ਹੈ।

6. ਗਿਰੀਧਰ ਗਮਾਂਗਓਡੀਸ਼ਾ ਦੇ 13 ਵੇਂ ਮੁੱਖ ਮੰਤਰੀ17 ਫਰਵਰੀ 1999 - 6 ਦਸੰਬਰ 1999, ਗਿਰੀਧਰ ਗਮਾਂਗ (ਜਨਮ 8 ਅਪੈਰੈਲ 1943) ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਬਕਾ ਨੇਤਾ ਅਤੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਹਨ। ਉਹ 2015 ਤੋਂ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨੈਹਾਂ ਦਾ ਜਨਮ ਉੜੀਸਾ ਦੇ ਰਾਏਗੜਾ ਜ਼ੈਲੈਹੇ ਦੇ ਦਿਬਿਰਿਸਿੰਗੀ ਪਿੰਡ ਵਿੱਚ ਹੋਇਆ ਸੀ। 1972 ਵਿੱਚ, ਉਹ ਪਹਿਲੀ ਵਾਰ ਕੋਰਾਪੁਟ ਤੋਂ 5 ਵੀਂ ਲੋਕ ਸਭਾ ਲਈ ਚੁਣੇ ਗਏ। ਇਸ ਤੋਂ ਬਾਅਦ, ਉਹ 1977, 1980, 1984, 1989, 1991, 1996, 1998 ਅਤੇ 2004 ਵਿੱਚ ਦੁਬਾਰਾ ਲੋਕ ਸਭਾ ਲਈ ਚੁਣੇ ਗਏ। ਉਹ ਲਗਭਗ 9.5 ਮਹੀਨੇ, 17 ਫਰਵਰੀ 1999 ਤੋਂ 6 ਦਸੰਬਰ 1999 ਤੱਕ ਉੜੀਸਾ ਦੇ ਮੁੱਖ ਮੰਤਰੀ ਰਹੇ।

7. ਸੁਸ਼ੀਲ ਕੁਮਾਰ ਸ਼ੈਂਦੇ, ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਕੇਂਦਰੀ ਗੈਰਹਿ ਮੰਤਰੀ (ਭਾਰਤ). ਮਹਾਰਾਸ਼ਟਰ ਦੇ 15 ਵੇਂ ਮੁੱਖ ਮੰਤਰੀ ਦਫਤਰ ਵਿਚ 18 ਜਨਵਰੀ 2003 - 4 ਨਵੰਬਰ 2004. ਕੁੱਲ 646 ਦਿਨ (ਕਾਂਗਰਸ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ।ਸ਼ੈਂਦੇ ਦਾ ਜਨਮ 4 ਸਤੰਬਰ 1941 ਨੂੰ ਸੋਲਾਪੁਰ ਵਿਖੇ ਇੱਕ ਢੋਰ ਜਾਤੀ ਵਿੱਚ ਸੰਭਾਜੀ ਰਾਓ ਸ਼ੈਂਦੇ ਅਤੇ ਸਖੂ ਬਾਈ ਦੇ ਘਰ ਹੋਇਆ ਸੀ। ਸ਼ੈਂਦੇ ਨੇ ਦਯਾਨੰਦ ਕਾਲਜ, ਸੋਲਾਪੁਰ ਤੋਂ ਆਰਟਸ ਵਿੱਚ ਆਨਰਜ਼ ਦੀ ਡਿਗਰੀ ਅਤੇ ਆਈਐਲਐਸ ਲਾਅ ਕਾਲਜ ਤੋਂ ਐਲਐਲਬੀ ਨਾਲ ਆਪਣੀ ਪੜੈਹਾਈ ਪੂਰੀ ਕੀਤੀਅਤੇ ਨਿਊਲਾਅ ਕਾਲਜ, ਬੰਬੇ ਯੂਨੀਵਰਸਿਟੀ, ਮਹਾਰਾਸ਼ਟਰਵੀ ਪੜਾਈ ਕੀਤੀ।

ਸੁਸ਼ੀਲ ਕੁਮਾਰ ਸ਼ੈਂਦੇ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸੋਲਾਪੁਰ ਦੀ ਸੈਸ਼ਨ ਕੋਰਟ ਵਿੱਚ ਬੇਲੀਫ ਵਜੋਂ ਕੀਤੀ

(ਬਾਕੀ ਅਗਲੇ ਸਫੇ ‘ਤੇ)






















# ਪੂਨਾ ਪੈਕਟ ਵਰਦਾਨ ਜਾਂ ਸਰਾਪ



ਕੁਸ਼ਲ ਕੁਮਾਰ
9780778062

ਪੂਨਾ ਸਮਝੌਤਾ ਕੀ ਹੈ ? ਇਹ ਕਿਵੇਂ ਹੋਂਦ ਵਿਚ ਆਇਆ, ਅੱਜ ਦੇ ਪੜ੍ਹੇ-ਲਿਖੇ 21 ਵੀਂ ਸਦੀ ਦੇ ਬਹੁਜਨ ਸਮਾਜ ਦੇ ਮੂਲਨਿਵਾਸੀ ਲੋਕਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। 1857 ਈ. ਦੇ ਵਿਦਰੋਹ ਤੋਂ ਬਾਅਦ ਭਾਰਤ ਵਿਚ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਹੋਣ ਤੋਂ ਬਾਅਦ, ਬ੍ਰਿਟਿਸ਼ ਨੇ ਸਿੱਧੀ ਕਮਾਂਡ ਆਪਣੇ ਹੱਥ ਵਿਚ ਲੈ ਲਈ। ਬ੍ਰਿਟਿਸ਼ ਨੇ ਪਹਿਲਾ ਇੰਡੀਅਨ ਪੀਨਲ ਕੋਡ 1860 ਵਿੱਚ ਬਣਾਇਆ। ਇਸੇ ਐਕਟ ਤਹਿਤ 1874 ਈ. ਨੂੰ ਬੰਗਾਲ ਦੇ ਬ੍ਰਾਹਮਣ ਨੰਦਕੁਮਾਰ ਦੇਵ ਨੂੰ ਫਾਂਸੀ ਦਿੱਤੀ ਗਈ ਸੀ। ਜਿਸ ਕਾਰਨ ਭਾਰਤ ਵਿਚ ਸਰਵਉੱਚ ਮੰਨੀ ਜਾਂਦੀ ਜਾਤੀ ਨੂੰ ਵੱਡਾ ਝਟਕਾ ਲੱਗਿਆ।

ਇਸਦੇ ਨਤੀਜੇ ਵਜੋਂ, 1885 ਈ. ਵਿੱਚ, ਬੰਗਾਲ ਦੇ ਬ੍ਰਾਹਮਣਾਂ ਸੁਰਿੰਦਰ ਨਾਥ ਬੈਨਰਜੀ ਆਦਿ ਨੇ ਕਾਂਗਰਸ ਦੀ ਸਥਾਪਨਾ ਕੀਤੀ। ਬ੍ਰਾਹਮਣ ਬ੍ਰਿਟਿਸ਼ ਦੰਡ ਪ੍ਰਣਾਲੀ ਤੋਂ ਇੰਨੇ ਡਰਦੇ ਸਨ ਕਿ ਉਨ੍ਹਾਂ ਨੇ ਕਾਂਗਰਸ ਦੇ ਪਹਿਲੇ ਮੁਖੀ ਰਿਟਾਇਰਡ ਬ੍ਰਿਟਿਸ਼ ਅਧਿਕਾਰੀ, ਸਰ ਏ.ਓ. ਹਿਊਮ ਨੂੰ ਬਣਾਇਆ। ਏ.ਓ.ਹਿਊਮ ਤੋਂ ਬਾਅਦ, ਕਾਂਗਰਸ ਦੀ ਕਮਾਨ ਬਾਲ ਗੰਗਾਧਰ ਤਿਲਕ ਦੇ ਹੱਥ ਵਿੱਚ ਆਈ। ਬਾਲ ਗੰਗਾਧਰ ਤਿਲਕ ਭਾਰਤ ਦੇ ਲੋਕਾਂ ਵਿਚ ਬ੍ਰਿਟਿਸ਼ ਵਿਰੁੱਧ ਨਾਰਾਜ਼ਗੀ ਪੈਦਾ ਕਰਨ ਵਿਚ ਸਫਲ ਹੋਏ। ਇਸ ਅਸੰਤੁਸ਼ਟੀ ਨੂੰ ਸ਼ਾਂਤ ਕਰਨ ਲਈ, ਬ੍ਰਿਟਿਸ਼ ਸਰਕਾਰ ਨੇ ਯੋਜਨਾ ਬਣਾਈ ਕਿ ਕਿਉਂ ਨਾ ਭਾਰਤ ਦੇ ਲੋਕਾਂ ਨੂੰ ਸੱਤਾ ਵਿੱਚ ਕੁੱਝ ਹਿਸੇਦਾਰੀ ਦਿੱਤੀ ਜਾਵੇ। ਜਿਸ ਵਿਚ ਬ੍ਰਿਟਿਸ਼ ਨੇ ਸੋਚਿਆ ਕਿ ਕਾਨੂੰਨ ਬਣਾਉਣ ਦਾ ਅਧਿਕਾਰ ਵਿਧਾਨ ਸਭਾ ਨੂੰ ਦਿੱਤਾ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਵਿਚ ਵੱਖਰੇ ਭਾਇ-ਚਾਰਿਆਂ ਅਤੇ ਸਮੂਹਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੋਵੇਗਾ।

ਇਸ ਦੇ ਤਹਿਤ, ਸਾਊਥਬਾਊਰੋ ਕਮਿਸ਼ਨ 1918 ਈ. ਨੂੰ ਭਾਰਤ ਆਇਆ ਸੀ ( ਉਸ ਸਮੇਂ ਛਤਰਪਤੀ ਸ਼ਾਹੂਜੀ ਮਹਾਰਾਜ ਜੀਵਤ ਸਨ। ਡਾ. ਅੰਬੇਡਕਰ ਅਤੇ ਭਾਸਕਰਾਓ ਜਾਧਵ ਦੋਵਾਂ ਨੇ ਮਿਲ ਕੇ ਛਤਰਪਤੀ ਸ਼ਾਹੂਜੀ ਮਹਾਰਾਜ ਦੀ ਪ੍ਰੇਰਣਾ ਅਧੀਨ ਅਛੂਤਾਂ ਲਈ ਵਿਧਾਨ ਸਭਾ ਵਿੱਚ ਵੱਖਰੀ ਨੁਮ-ਾਇੰਦਗੀ ਦੀ ਮੰਗ ਕੀਤੀ ਸੀ। ਭਾਸਕਰਾਓ ਜਾਧਵ ਨੇ ਮਰ-ਾਠਿਆਂ ਸਮੇਤ ਓ.ਬੀ.ਸੀ. ਲਈ ਵੱਖਰੀ ਨੁਮਾਇੰਦਗੀ ਦੀ ਮੰਗ ਕੀਤੀ। ਜਿਸ ਦਾ ਲਿਖਤੀ ਸਬੂਤ ਮਹਾਰਾਸ਼ਟਰ ਸਰਕਾਰ ਦੁ-ਆਰਾ ਪ੍ਰਕਾਸ਼ਤ ਕੀਤਾ ਗਿਆ ਸੀ।

ਬਾਲ ਗੰਗਾਧਰ ਤਿਲਕ ਨੇ ਅਕੋਲਾ ਅਤੇ ਬੁਸਾਵਾਲ ਦੇ ਖੁੱਲ੍ਹੇ ਮੈਦਾਨਾਂ ਵਿੱਚ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਵਰਾਜ ਸਾਡਾ ਜਨਮ ਅਧਿਕਾਰ ਹੈ ਜਿਸ ਨੂੰ ਅਸੀਂ ਲੈ ਕੇ ਰਹਾਂਗਾ, ਪਰ ਤੁਹਾਨੂੰ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਸਵਰਾਜ ਦਾ ਅਰਥ ਅੰਗਰੇਜ਼ਾਂ ਨੂੰ ਭਾਰਤ ਤੋਂ ਕੱਢਣਾ ਨਹੀਂ ਹੈ। "ਸਵਰਾਜ" ਦਾ ਅਰਥ ਹੈ ਜਿਵੇਂ ਪ੍ਰਾਚੀਨ ਸਮੇਂ ਵਿੱਚ ਮਨੁਸਮ੍ਰਿਤੀ ਵਿੱਚ ਲਿਖਿਆ ਹੈ ਕਿ ਰਾਜਾ ਅਪਣਾ ਰਾਜ ਬ੍ਰਾਹਮਣ ਨਾਲ ਮਿਲ ਚਲਾਉਂਦਾ ਸੀ, ਉਸ ਤਰ੍ਹਾਂ ਅਜੋਕੇ ਸਮੇਂ ਵਿੱਚ, ਜੇਕਰ ਬ੍ਰਿਟਿਸ਼ ਸਰਕਾਰ ਬ੍ਰਾਹਮਣ ਨਾਲ ਪ੍ਰਸ਼ਾਸਨ ਚਲਾਉਣ ਲਈ ਕੰਮ ਕਰਦੀ ਹੈ ਤਾਂ ਉਨ੍ਹਾਂ ਨੂੰ ਭਾਰਤ ਨਹੀਂ ਛੱਡਣਾ ਪਵੇਗਾ। ਤਿਲਕ ਨੇ ਅਥਨੀ, ਕੋਲਹਾਪੁਰ ਦੇ ਇੱਕ ਪਿੰਡ ਵਿੱਚ ਇੱਕ ਸੈਸ਼ਨ ਵਿੱਚ ਖੁੱਲ੍ਹ ਕੇ ਕਿਹਾ ਸੀ ਕਿ "ਤੇਲੀ ਤੰਬੋਲੀ ਅਤੇ ਕੁਨਭਟਾਂ (ਕੁਰਮੀ) ਨੇ ਵਿਧੀ ਮੰਡਲ ਵਿਚ ਜਾ ਕੇ ਕੀ ਹੱਲ ਚਲਾਉਣਾ ਹੈ?

ਪਹਿਲਾ ਭਾਰਤੀ ਐਕਟ 1919 ਈ. ਵਿਚ ਪਾਸ ਕੀਤਾ ਗਿਆ ਸੀ। ਜਿਸ ਵਿਚ ਅਛੂਤਾਂ ਨੂੰ ਨੁਮਾਇੰਦਗੀ ਨਹੀਂ ਮਿਲੀ। ਇਸ ਵਿੱਚ ਸਿਰਫ ਨਾਮ ਦੀ ਨੁਮਾਇੰਦਗੀ ਦਾ ਮਾਮਲਾ ਮੰਨਿਆ ਗਿਆ ਅਤੇ ਹਰ 10 ਸਾਲਾਂ ਬਾਅਦ ਇਸਦੀ ਸਮੀਖਿਆ ਕਰਨ ਦੀ ਸਹੂਲਤ ਇਸ ਵਿੱਚ ਰਖੀ ਗਈ । ਜਿਸ ਦੇ ਨਤੀਜੇ ਵਜੋਂ, 1928 ਵਿਚ, ਸਾਈਮਨ ਕਮਿਸ਼ਨ ਭਾਰਤ ਆਇਆ। ਤਦ ਸ਼ਾਹੂ ਮਹਾਰਾਜ ਅਤੇ ਤਿਲਕ ਦੀ ਫੋਤ ਹੋ ਚੁੱਕੀ ਸੀ। 1927 ਵਿਚ ਚੋਦਾਰ ਤਲਾਬ ਦੇ ਅੰਦੋਲਨ ਤੋਂ ਬਾਅਦ, ਡਾ. ਅੰਬੇਡਕਰ ਉੱਭਰ ਕੇ ਸਾਹਮਣੇ ਆਉਣ ਵਾਲੇ ਆਗੂ ਬਣ ਚੁੱਕੇ ਸਨ।

ਕਾਂਗਰਸ ਅਤੇ ਗਾਂਧੀ ਸਾਈਮਨ ਕਮਿਸ਼ਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਵਿਚ ਕੋਈ ਵੀ ਭਾਰਤੀ ਆਗੂ ਸ਼ਾਮਲ ਨਹੀਂ ਸੀ। ਬ੍ਰਿਟਿਸ਼ ਸਰਕਾਰ ਨੇ ਗਾਂਧੀ ਨੂੰ ਦੱਸਿਆ ਕਿ ਗਾਂਧੀ ਜੀ ਸਾਈਮਨ ਕਮਿਸ਼ਨ ਇਕ ਕਾਨੂੰਨੀ ਅਤੇ ਸਰਕਾਰੀ ਕਮਿਸ਼ਨ ਹੈ। ਸਰਕਾਰੀ ਕਮਿਸ਼ਨ ਵਿਚ ਕੋਈ ਨਿਜੀ ਵਿਅਕਤੀ ਸ਼ਾਮਲ ਨਹੀਂ ਹੁੰਦਾ। ਸਾਈਮਨ ਕਮਿਸ਼ਨ ਨੇ ਆਪਣਾ ਕੰਮ ਪੂਰਾ ਕਰਕੇ ਰਿਪੋਰਟ ਸੌਂਪ ਦਿੱਤੀ। ਦੂਜੇ ਪਾਸੇ, ਬ੍ਰਿਟਿਸ਼ ਸਰਕਾਰ ਦੁਆਰਾ ਗਾਂਧੀ ਜੀ ਨਾਲ ਕੀਤੇ ਵਾਅਦੇ ਅਨੁਸਾਰ 1930 ਵਿਚ ਇੰਗਲੈਂਡ ਵਿਚ ਗੋਲ ਮੇਜ ਕਾਨਫਰੰਸ ਆਯੋਜਤ ਕੀਤੀ ਗਈ ਸੀ। ਪਰ ਭਾਰਤ ਦੇ ਸਾਰੇ ਰਾਜਨੀਤਿਕ ਅਤੇ ਸਮਾਜਿਕ ਸੰਗਠਨਾਂ ਦੇ ਨੇਤਾਵਾਂ ਦੀ ਮੌਜੂਦਗੀ ਦੇ ਕਾਰਨ, ਗਾਂਧੀ ਨੇ ਪਹਿਲੀ ਗੋਲ ਮੇਜ਼ ਕਾਨਫਰੰਸ ਵਿਚ ਜਾਣਾ ਉਚਿਤ ਨਹੀਂ ਸਮਝਿਆ। ਵਿਰੋਧ ਦਾ ਸਾਹਮਣਾ ਕਰਨ ਤੋਂ




ਡਰਦੇ ਹੋਏ, ਗਾਂਧੀ ਜੀ ਦੀ ਗ਼ੈਰਹਾਜ਼ਰੀ ਕਾਰਨ ਬ੍ਰਿਟਿਸ਼ ਸਰਕਾਰ ਨੇ ਦੂਜੀ ਗੋਲ ਮੇਜ ਕਾਨਫਰੰਸ ਬੁਲਾ ਲਈ।

ਗਾਂਧੀ ਜੀ ਨੂੰ ਪਤਾ ਸੀ ਕਿ ਜੇ ਉਹ ਨਹੀਂ ਜਾਂਦੇ ਤਾਂ ਉਨ੍ਹਾਂ ਦੇ ਖਿਲਾਫ ਫੈਸਲਾ ਲਿਆ ਜਾਵੇਗਾ। ਗਾਂਧੀ ਜੀ ਨੇ ਗੋਲ ਮੇਜ ਵਿਚ ਇਹ ਕਿਹਾ ਸੀ, ਜੇ ਅਛੂਤ ਲੋਕਾਂ ਨੂੰ ਮੇਰੀ ਗੱਲ ਸੁਣ ਕੇ ਦੁੱਖ ਹੁੰਦਾ ਹੈ ਅਤੇ ਅਛੂਤ ਲੋਕ ਧਰਮ ਬਦਲ ਕੇ ਈਸਾਈ ਜਾ ਮੁਸਲਮਾਨ ਬਣਦੇ ਹਨ, ਤਾਂ ਮੈਂ ਉਨ੍ਹਾਂ ਦਾ ਵਿਰੋਧ ਨਹੀਂ ਕਰਾਂਗਾ। ਅਛੂਤਾਂ ਦੀ ਮੰਗ ਨੂੰ ਦਬਾਉਣ ਲਈ ਗਾਂਧੀ ਨੇ ਮੁਸਲਿਮ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਬੁਲਾਇਆ। ਉਸਨੇ ਜਿਨਾਹ ਨਾਲ ਇੱਕ ਗੁਪਤ ਸਮਝੌਤਾ ਵੀ ਕੀਤਾ।

ਗਾਂਧੀ ਜੀ ਨੇ ਮੁਹੰਮਦ ਅਲੀ ਜਿਨਾਹ ਨੂੰ ਕਿਹਾ ਮੈਂ ਤੁਹਾਡੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਾਂ ਜੇ ਤੁਸੀਂ ਮੇਰੇ ਨਾਲ ਸ਼ਾਮਲ ਹੋ ਜਾਂਦੇ ਅਤੇ ਅਛੂਤਾਂ ਦੀਆਂ ਮੰਗਾਂ ਦਾ ਵਿਰੋਧ ਕਰਦੇ ਹੋ ਜਿਨਾਹ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਉਸਨੇ ਗਾਂਧੀ ਨੂੰ ਕਿਹਾ ਕਿ ਅਸੀਂ ਖੁਦ ਇਕ ਘੱਟਗਿਣਤੀ ਹਾਂ, ਅਤੇ ਅਸੀਂ ਘੱਟਗਿਣਤੀ ਲੋਕਾਂ ਦੀ ਮੰਗ ਦਾ ਵਿਰੋਧ ਕਿਵੇਂ ਕਰ ਸਕਦੇ ਹਾਂ? ਇਸੇ ਲਈ ਗਾਂਧੀ ਨੇ ਸਿੱਧੇ ਤੌਰ 'ਤੇ ਪ੍ਰੈਸ ਕਾਨਫਰੰਸ ਬੁਲਾ ਕੇ ਕਿਹਾ ਕਿ ਜੇ ਬ੍ਰਿਟਿਸ਼ ਸਰਕਾਰ ਡਾ. ਅੰਬੇਡਕਰ ਦੇ ਸ਼ਬਦਾਂ ਨਾਲ ਸਹਿਮਤ ਹੋਏ ਤਾਂ ਮੈਂ ਆਪਣੀ ਜ਼ਿੰਦਗੀ ਦਾਅ ਤੇ ਲਗਾ ਦੇਵਾਂਗਾ। ਇਹ ਕਹਿ ਕੇ, ਗਾਂਧੀ ਨੇ ਗੋਲ ਮੇਜ ਕਾਨਫਰੰਸ ਛੱਡ ਦਿੱਤੀ। ਉਸ ਸਮੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਮਸੇ ਮੈਕਡੋਨਲਡ ਸਨ। ਉਹ ਗਾਂਧੀ ਦੀਆਂ ਹਰਕਤਾਂ ਤੋਂ ਬਹੁਤ ਦੁਖੀ ਸਨ। ਉਸਨੇ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਜੇ ਕਿਸੇ ਗੱਲ 'ਤੇ ਸਹਿਮਤੀ ਨਹੀਂ ਬਣਦੀ ਤਾਂ ਉਹ ਮਤਾ ਪਾਸ ਕਰਨਗੇ, ਇੰਗਲੈਂਡ ਦੇ ਕਿੰਗ ਜਾਰਜ ਪੰਚਮ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਬਣਾਇਆ ਜਾਵੇਗਾ ਅਤੇ ਭਾਰਤ ਦੇ ਸਮੂਹ ਧਾਰਮਿਕ,ਰਾਜਨੀਤਿਕ ਅਤੇ ਸਮਾਜਿਕ ਆਗੂਆ ਨੂੰ ਇਸ ਦੇ ਫੈਸਲੇ ਨੂੰ ਸਵੀਕਾਰਨਾ ਪਏਗਾ। ਅਤੇ ਗਾਂਧੀ ਜੀ ਨੇ ਸਭ ਤੋਂ ਪਹਿਲਾਂ ਇਸ ਪ੍ਰਸਤਾਵ ਤੇ ਦਸਤਖਤ ਕੀਤੇ ਸਨ।

ਪ੍ਰਧਾਨ ਮੰਤਰੀ ਰਮਸੇ ਮੈਕਡੋਨਲਡ ਨੇ ਰਾਜਾ ਜਾਰਜ ਪੰਚਮ ਦੀ ਅਗਵਾਈ ਹੇਠ ਲਾਵਾਦ ਮੰਡਲ ਦੀ ਨਿਯੁਕਤੀ ਕੀਤੀ। ਜਿਉਂ ਹੀ ਗਾਂਧੀ ਇੰਗਲੈਂਡ ਤੋਂ ਭਾਰਤ ਪਰਤਿਆ, ਉਹ ਮੁੰਬਈ ਦੇ ਪੁਣੇ ਦੀ ਯਰਵਦਾ ਜੇਲ੍ਹ ਵਿੱਚ ਕੈਦ ਕਰ ਲਿਆ ਗਿਆ।

ਕਮਿਊਨਲ ਅਵਾਰਡ ਦੀ ਘੋਸ਼ਣਾ 16 ਅਗਸਤ 1932 ਨੂੰ ਕੀਤੀ ਗਈ ਸੀ। ਡਾ: ਅੰਬੇਡਕਰ ਦੀਆਂ ਚਾਰ ਮੰਗਾਂ ਮੰਨ ਲਈਆਂ ਗਈਆਂ।

1) ਵੱਖਰੇ ਚੋਣ ਖੇਤਰ।
2) ਦੋਹਰੀ ਵੋਟ ਦਾ ਅਧਿਕਾਰ।
3) ਬਾਲਗ ਮੱਤਾਧਿਕਾਰ।
4) ਕੇਂਦਰੀ ਅਤੇ ਰਾਜ ਵਿਧਾਨ ਸਭਾਵਾਂ ਵਿਚ ਢੁਕਵੀਂ ਨੁਮਾਇੰਦਗੀ ਦਾ ਅਧਿਕਾਰ।

ਇਸ ਤੋਂ ਇਲਾਵਾ ਕਮਿਊਨਲ ਐਵਾਰਡ ਵਿੱਚ ਮੁਸਲਿਮ, ਸਿੱਖ, ਪਿਛੜੀ ਜਾਤੀਆਂ, ਭਾਰਤੀ ਈਸਾਈਆਂ, ਐਂ-ਗਲੋ ਇੰਡਿਅਨ ਅਤੇ ਔਰਤਾਂ ਲਈ ਵੀ ਵਿਸ਼ੇਸ਼ ਅਧਿਕਾਰ ਸਨ। ਇੰਗਲੈਂਡ ਦਾ ਪ੍ਰਧਾਨ ਮੰਤਰੀ ਰੈਮਸੇ ਮੈਕਡਨਾਲਡ ਖੁੱਦ ਨੂੰ ਭਾਰਤੀਆਂ ਦਾ ਦੋਸਤ ਮੰਨਦਾ ਸੀ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨਾ ਚਾਹੁੰਦਾ ਸੀ।

ਇਹ ਅਧਿਕਾਰ ਗਾਂਧੀ ਐਂਡ ਕੰਪਨੀ ਨੂੰ ਪਰਮਾਣੂ ਬੰਬ ਦੇ ਰੂਪ ਵਿੱਚ ਪ੍ਰਗਟ ਹੋਇਆ। ਅਛੂਤ ਲੋਕਾਂ ਲਈ ਵੱਖਰੇ ਚੋਣ ਹਲਕਿਆਂ ਦੀ ਪ੍ਰਣਾਲੀ ਅਤੇ ਦੋਹਰੀ ਵੋਟ ਪਾਉਣ ਦੇ ਅਧਿਕਾਰ ਦੇ ਵਿਰੋਧ ਵਿੱਚ ਗਾਂਧੀ ਨੇ 20 ਸਤੰਬਰ 1932 ਨੂੰ ਮਰਨ ਵਰਤ ਰੱਖਿਆ ਸੀ। ਗਾਂਧੀ ਜੀ ਨੇ ਸੋਚਿਆ ਕਿ ਜੇ ਮੈਂ ਅੰਬੇਡਕਰ ਦੇ ਵਿਰੋਧ ਵਿੱਚ ਮਰਨ ਵਰਤ 'ਤੇ ਜਾਵਾਂਗਾ ਤਾਂ ਪੂਰਾ ਦੇਸ਼ ਅੰਬੇਡਕਰ ਦੇ ਵਿਰੋਧ ਵਿੱਚ ਖੜਾ ਹੋ ਜਾਵੇਗਾ ਅਤੇ ਡਾ.ਅੰਬੇਡਕਰ ਤੂੜੀ ਦੀ ਤਰ੍ਹਾਂ ਹਵਾ ਵਿੱਚ ਉੱਡ ਜਾਣਗੇ।

ਦੂਜੇ ਪਾਸੇ ਡਾ. ਅੰਬੇਡਕਰ ਤੇ ਗਾਂਧੀ ਜੀ ਦੇ ਮਰਨ ਵਰਤ ਦਾ ਕੋਈ ਅਸਰ ਨਹੀਂ ਹੋਇਆ। ਗਾਂਧੀ ਜੀ ਦੀ ਹਾਲਤ ਵਿਗੜ ਗਈ। ਫਿਰ ਕਾਂਗਰਸ ਨੇ ਜਾਇਜ਼ਾ ਲਿਆ ਕਿ, ਗਾਂਧੀ ਜੀ ਦੇ ਮਰਨ ਵਰਤ ਦਾ ਅਸਰ ਡਾ: ਅੰਬੇਡਕਰ ਤੇ ਕਿਉਂ ਨਹੀਂ ਹੋ ਰਿਹਾ। ਫਿਰ ਕਾਂਗਰਸੀਆਂ ਨੇ ਡਾ. ਅੰਬੇਡਕਰ ਨੂੰ ਲਹੂ ਨਾਲ ਲਥਪਥ ਪੱਤਰ ਲਿਖ ਕੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਦੂਰਅੰਦੇਸ਼ੀ, ਡਾ. ਅੰਬੇਡਕਰ ਜਾਣਦੇ ਸਨ ਕਿ ਇਹ ਕਾਂਗਰਸ ਦੀ ਸ਼ੈਤਾਨੀ ਖੇਡ ਹੈ।

ਅਖੀਰ ਵਿੱਚ, ਕਾਂਗਰਸ ਨੇ ਉਹਨਾਂ ਲੋਕਾਂ ਦੀਆਂ ਬਸਤੀਆਂ ਸਾੜਨ ਦੀ ਇੱਕ ਨਵੀਂ ਯੋਜਨਾ ਬਣਾਈ ਜਿਸਦੇ ਲਈ ਡਾ. ਅੰਬੇਡਕਰ ਨੇ ਅਧਿਕਾਰ ਪ੍ਰਾਪਤ ਕੀਤੇ ਸਨ। ਇਹ ਗੱਲ ਕਾਨਪੁਰ, ਬਨਾਰਸ ਅਤੇ ਪਟਨਾ ਦੇ ਪਿੰਡਾਂ ਵਿਚ ਹੋਈ ਸੀ, ਜਿੱਥੇ ਅਛੂਤਾਂ ਦੀਆਂ ਬਸਤੀਆਂ ਸਾੜਨੀਆ ਸ਼ੁਰੂ ਕਰ ਦਿਤੀਆਂ ਗਈਆਂ। ਡਾ. ਅੰਬੇਦਕਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਨੇ ਇਸ ਬਾਰੇ ਬ੍ਰਿਟਿਸ਼ ਪੁਲਿਸ ਅਧਿਕਾਰੀਆ ਨਾਲ ਗੱਲ ਕੀਤੀ। ਉਨ੍ਹਾਂ ਨੇ ਬਾਬਾ ਸਾਹਿਬ ਡਾ: ਅੰਬੇਦਕਰ ਨੂੰ ਕਿਹਾ ਕਿ ਸਾਡੀ ਸੁਰੱਖਿਆ ਪ੍ਰਣਾਲੀ ਸਿਰਫ ਅਤੇ ਸਿਰਫ ਸ਼ਹਿਰਾਂ ਵਿਚ ਹੈ। ਅਸੀਂ ਪਿੰਡ ਵਿਚ ਤੁਹਾਡੀ ਮਦਦ ਨਹੀਂ ਕਰ ਸਕਦੇ।

ਫਿਰ ਅਖੀਰ ਵਿੱਚ 24 ਸਤੰਬਰ 1932 ਨੂੰ, ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਗਾਂਧੀ ਜੀ ਵਿਚਕਾਰ ਪੂਨਾ ਸਮਝੌਤਾ ਹੋਇਆ। ਡਾ. ਅੰਬੇਡਕਰ ਪੂਨਾ ਸਮਝੌਤੇ 'ਤੇ ਹਸਤਾਖਰ ਨਹੀਂ ਕਰਨਾ ਚਾਹੁੰਦੇ ਸਨ, ਬਲਕਿ ਉਨ੍ਹਾਂ ਨੇ ਮਜ਼ਬੂਰ ਹੋ ਕੇ ਇਸ 'ਤੇ ਦਸਤਖਤ ਕੀਤੇ ਸਨ। ਬਾਬਾ ਸਾਹਿਬ ਨੇ ਪੂਨਾ ਸਮਝੌਤੇ ਦੇ ਵਿਰੋਧ ਵਿੱਚ 3 ਕਿਤਾਬਾਂ ਵੀ ਲਿਖੀਆਂ ।

1) ਕਾਂਗਰਸ ਅਤੇ ਗਾਂਧੀ ਨੇ ਅਛੂਤ ਲੋਕਾਂ ਲਈ ਕੀ ਕੀਤਾ ?
2) ਰਾਜ ਅਤੇ ਘੱਟਗਿਣਤੀ ।
3) ਮਿਸਟਰ ਗਾਂਧੀ ਅਤੇ ਅਛੂਤਾਂ ਦੀ ਮੁਕਤੀ ।

ਇਸ ਪ੍ਰਕਾਰ ਬਾਬਾ ਸਾਹਿਬ ਅਤੇ ਗਾਂਧੀ ਜੀ ਦਰਮਿਆਨ ਹੋਇਆ ਇਹ ਪੂਨਾ ਸਮਝੌਤਾ ਗਾਂਧੀ ਦੀ ਸਾਜਿਸ਼ ਸੀ, ਜਿਸ ਨਾਲ ਇੱਕ ਸਾਜਿਸ਼ ਤਹਿਤ ਅਛੂਤਾਂ ਦੇ ਦੋਹਰੀ ਵੋਟ ਅਤੇ ਅਲੱਗ ਚੋਣ ਖੇਤਰ ਦੇ ਹੱਕ ਖੋਹ ਲਏ ਗਏ ਸਨ। ਇਸ ਦੀ ਥਾਂ ਜੋ ਹੁਣ ਮੌਜੂਦਾ ਚੋਣ ਪ੍ਰਣਾਲੀ ਹੈ, ਲਾਗੂ ਕੀਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਮ ਚੋਣਾਂ ਕਰਵਾਈਆਂ ਗਈਆਂ। ਜਿਥੇ ਵੀ ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਦੇ ਉਮੀਦਵਾਰ ਖੜੇ ਹੋਏ ਸਨ, ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਹਾਰ ਗਈ । ਜਿਸ 'ਤੇ ਬਾਬਾ ਸਾਹਿਬ ਨੇ ਆਪਣੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਕੀਤੀ ਅਤੇ ਇਸ ਵਿਚ ਸਮੀਖਿਆ ਕੀਤੀ ਕਿ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਨੂੰ ਏਨੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਇਹ ਸਾਹਮਣੇ ਆਇਆ ਕਿ ਗਾਂਧੀ ਨੇ ਜਿਹੜਾ ਪੂਨਾ ਪੈਕਟ ਕੀਤਾ ਸੀ। ਉਸ ਨਾਲ਼ ਸਾਡੇ ਸਮਾਜ ਦੀ ਸਹੀ ਨੁਮਾਇੰਦਗੀ ਉਸ ਦੁਆਰਾ ਖਤਮ ਕੀਤੀ ਗਈ ਸੀ। ਪੂਨਾ ਸਮਝੌਤੇ ਨੇ ਭਡਵੇ, ਦਲਾਲਾਂ, ਚੱਮਚਿਆਂ ਅਤੇ ਉੱਚੀਆਂ ਸਵਰਨ ਹਿੰਦੂ ਜਾਤੀਆਂ ਦੇ ਸੰਦਾਂ ਨੂੰ ਪੈਦਾ ਕੀਤਾ।

ਹਾਲ ਹੀ ਵਿੱਚ, ਭਾਰਤ ਦੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 83 ਕਰੋੜ ਲੋਕਾਂ ਦੀ ਆਮਦਨ 6 ਰੁਪਏ ਤੋਂ 20 ਰੁਪਏ ਤੱਕ ਹੈ। 83 ਕਰੋੜ ਲੋਕਾਂ ਨੂੰ ਭੁੱਖਮਰੀ ਅਤੇ ਬੇਰੁਜ਼ਗਾਰੀ ਦੇ ਖੂਹ ਵਿਚ ਧੱਕਿਆ ਗਿਆ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਮ੍ਰਿਤਕ ਗਾਂਧੀ 83 ਕਰੋੜ ਲੋਕਾਂ ਨੂੰ ਮਾਰਨ ਵਿੱਚ ਲੱਗਾ ਹੋਇਆ ਹੈ। ਕਿਉਂਕਿ ਜੇਕਰ ਸਾਡੇ ਸਮਾਜ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਹੁੰਦੀ, ਤਾਂ ਭੁੱਖਮਰੀ, ਬੇਰੁਜ਼ਗਾਰੀ ਅਤੇ ਕੁਪੋਸ਼ਣ

# "ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ"

(ਸਫਾ 26 ਦੀ ਬਾਕੀ)

ਜਿੱਥੇ ਉਸਨੇ 1957 - 1965 ਤੱਕ ਕੰਮ ਕੀਤਾ। ਫਿਰ ਉਹ ਮਹਾਰਾਸ਼ਟਰ ਪੁਲਿਸ ਵਿੱਚ ਇੱਕ ਕਾਂਸਟੇਬਲ ਵਜੋਂ ਭਰਤੀ ਹੋਇਆ। ਇਸ ਤੋਂ ਬਾਅਦ, ਉਸਨੇ ਛੇ ਸਾਲਾਂ ਤੱਕ ਮਹਾਰਾਸ਼ਟਰ ਸੀਆਈਡੀ ਵਿੱਚ ਸੇਵਾ ਨਿਭਾਈ।

8. ਜੀਤਨ ਰਾਮ ਮਾਂਝੀ, ਬਿਹਾਰ ਦੇ 23 ਵੇਂ ਮੁੱਖ ਮੰਤਰੀ, ਦਫਤਰ ਵਿਚ 20 ਮਈ 2014 - 20 ਫਰਵਰੀ 2015 ਕੁਲ 270 ਦਿਨ (ਜੇਡੀਯੂ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਚਾਰਜ ਸੰਭਾਲਿਆ ਸੀ।ਜੀਤਨ ਰਾਮ ਮਾਂਝੀ (ਜਨਮ 6 ਅਕਤੂਬਰ 1944) ਪੂਰਬੀ ਰਾਜ ਬਿਹਾਰ ਦੇ ਇੱਕ ਭਾਰਤੀ ਸਿਆਸਤਦਾਨ ਹਨ, ਜਿਨੈਹਾਂ ਨੇ 20 ਮਈ 2014 ਤੋਂ 20 ਫਰਵਰੀ 2015 ਤੱਕ ਇਸ ਦੇ 23 ਵੇਂ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ। ਪਹਿਲਾਂ, ਉਸਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਮੰਤਰੀ ਵਜੋਂ ਸੇਵਾ ਨਿਭਾਈ ਸੀ। ਨਿਤੀਸ਼ ਕੁਮਾਰ ਦੇ ਮੰਤਰੀ ਮੰਡਲ ਵਿੱਚ ਜਨਜਾਤੀਆਂ ਦੀ ਭਲਾਈ ਉਹ ਚੰਦਰਸ਼ੇਖਰ ਸਿੰਘ, ਬਿੰਦੇਸ਼ਵਰੀ ਦੁਬੇ, ਸਤੇਂਦਰ ਨਾਰਾਇਣ ਸਿਨਹਾ, ਜਗਨਨਾਥ ਮਿਸ਼ਰਾ, ਲਾਲੂ ਪੈਰਸਾਦ ਯਾਦਵ ਅਤੇ ਰਾਬੜੀ ਦੇਵੀ ਵਰਗੇ ਕਈ ਮੁੱਖ ਮੰਤਰੀਆਂ ਦੇ ਅਧੀਨ ਬਿਹਾਰ ਦੀਆਂ ਕਈ ਰਾਜ ਸਰਕਾਰਾਂ ਵਿੱਚ ਮੰਤਰੀ ਰਹੇ ਹਨ।

9. ਚਰਨਜੀਤ ਸਿੰਘ ਚੰਨੀ ਪੰਜਾਬ ਦੇ 16 ਵੇਂ ਮੁੱਖ ਮੰਤਰੀ ਦਫਤਰ ਵਿਚ 20-9-2021 (ਕਾਂਗਰਸ) ਨੇ ਰਾਜ ਦੇ ਮੁੱਖ ਮੰਤਰੀ ਵਜੋਂ ਆਖਰੀ ਸਮੇਂ ਕਾਂਗਰਸ ਪਾਰਟੀ ਦੀ ਦਿੱਲੀ ਦੀ ਕੇਂਦਰੀ ਕਮੇਟੀ ਦੇ ਇੰਚਾਰਜ ਸੈਰੀਮਤੀ ਸੋਨੀਆਂ ਗਾਂਧੀ ਦੁਆਰਾ ਸਭ ਨਾਲ ਰਾਏ ਕਰਨ ਉਪਰੰਤ ਯੋਗ ਉਮੀਦਵਾਰ ਮੰਨਦੇ ਹੋਏ ਉਹ ਨਾ ਔਹਦਾ ਦਿਤਾ ਗਿਆ ਹੈ।

ਇਸੇ ਤਰਾਂ ਕੁੱਝ ਉਪ ਮੁੱਖ ਮੰਤਰੀ ਵਜੋਂ ਭਾਰਤ ਦੇ ਹੁਣ ਤੱਕ ਦੇ ਐਸਸੀ ਸਮਾਜ ਦੇ ਹਨ ਅਤੇ ਰਹੇ ਹਨ।

1. ਕਾਦਿਯਮਸ਼ੈਰੀਹਰੀ, ਤੇਲੰਗਾਨਾ ਦੇ ਦੂਜੇ ਉਪ ਮੁੱਖ ਮੰਤਰੀ, ਦਫਤਰ ਵਿਚ -25 ਜਨਵਰੀ 2015 - 12 ਦਸੰਬਰ 2018 (ਤੇਲੰਗਾਨਾ ਰਾਸ਼ਟਰ ਸਮਿਤੀ ਪਾਰਟੀ) ਪਰਮੇਸ਼ਵਰ ਗੰਗਾਧਰਾਇਆ ਜਨਮ 6 ਅਗਸਤ 1951. ਡਾ. ਜੀ. ਪਰਮੇਸ਼ਰਵਰਾ ਦੇ ਨਾਂ ਨਾਲ ਵਧੇਰੇ ਜਾਣਿਆ ਜਾਂਦਾ ਹੈ, ਇੱਕ ਭਾਰਤੀ ਸਿਆਸਤਦਾਨ ਹੈ ਜੋ 2016 ਤੋਂ 2017 ਤੱਕ ਸਦਨ ਦੇ ਨੇਤਾ ਅਤੇ 23 ਮਈ 2018 ਤੋਂ 23 ਜੁਲਾਈ 2019 ਤੱਕ ਕਰਨਾਟਕ ਦੇ ਉਪ ਮੁੱਖ ਮੰਤਰੀ ਸਨ। ਉਹ ਕਰਨਾਟਕ ਵਿੱਚ ਉਪ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿਣ ਵਾਲੇ ਪਹਿਲੇ ਦਲਿਤ ਨੇਤਾ ਹਨ ਅਤੇ ਲਗਾਤਾਰ ਦੋ ਕਾਰਜਕਾਲਾਂ ਲਈ ਕਰਨਾਟਕ ਪੈਰਦੇਸ਼ ਕਾਂਗਰਸ ਕਮੇਟੀ ਦੇ ਸਭ ਤੋਂ ਲੰਮੇ ਸਮੇਂ ਤੱਕ ਪੈਰਧਾਨ ਰਹੇ

2. ਕਦੀਅਮ ਸ਼ੈਰੀਹਰੀ (ਜਨਮ 8 ਜੁਲਾਈ 1952) ਇੱਕ ਭਾਰਤੀ ਸਿਆਸਤਦਾਨ ਹੈ ਜੋ ਤੇਲੰਗਾਨਾ ਦੇ ਦੂਜੇ ਉਪ ਮੁੱਖ ਮੰਤਰੀ ਅਤੇ ਤੇਲੰਗਾਨਾ ਦੇ ਸਿੱਖਿਆ ਮੰਤਰੀ ਵਜੋਂ 2014 ਤੋਂ ਦਸੰਬਰ 2018 ਤੱਕ ਸੇਵਾ ਨਿਭਾਈ ਹੈ।_1।। ਉਹ ਤੇਲੰਗਾਨਾ ਰਾਜ (2014-2015) ਤੋਂ ਵਾਰੰਗਲ ਹਲਕੇ ਤੋਂ ਸਾਬਕਾ ਸੰਸਦ ਮੈਂਬਰ ਹੈ। ਉਸਨੇ ਨੰਦਮੁਰੀ ਤਾਰਕਾ ਰਾਮਰਾਓ ਅਤੇ ਨਾਰਾ ਚੰਦਰਬਾਬੂ ਨਾਇਡੂ ਦੀਆਂ ਅਲਮਾਰੀਆਂ ਵਿੱਚ ਮੰਤਰੀ ਵਜੋਂ ਵੀ ਕੰਮ ਕੀਤਾ ਅਤੇ ਇੱਕ ਵਿਧਾਇਕ ਵਜੋਂ ਘਨ-ਪੁਰ (ਸਟੇਸ਼ਨ) ਹਲਕੇ ਦੀ ਪੈਰਤੀਨਿਧਤਾ ਕੀਤੀ। ਉਸਨੇ ਤੇਲਗੂ ਦੇਸ਼ਮ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਅਤੇ ਤੇਲਗੂ ਦੇਸ਼ਮ ਪਾਰਟੀ ਦੇ ਜਨਰਲ ਸਕੱਤਰ ਵਜੋਂ ਕੰਮ ਕੀਤਾ। ਜੀ ਪਰਮੇਸ਼ਵਰ, ਕਰਨਾਟਕ ਦੇ 7 ਵੇਂ ਉਪ ਮੁੱਖ ਮੰਤਰੀ, ਦਫਤਰ ਵਿਚ 23 ਮਈ 2018 - 23 ਜੁਲਾਈ 2019 (ਕਾਂਗਰਸ)

3. ਕੇ ਨਾਰਾਇਣ ਸਵਾਮੀ, ਆਂਧਰਾ ਪੈਰਦੇਸ਼ ਦੇ ਉਪ ਮੁੱਖ ਮੰਤਰੀ 2019 ਵਿੱਚ, ਉਹ ਆਂਧਰਾ ਪੈਰਦੇਸ਼ ਦੇ ਪੰਜ ਉਪ ਮੁੱਖ ਮੰਤਰੀਆਂ ਵਿੱਚੋਂ ਇੱਕ ਬਣੇ (ਨੌਜਵਾਨ ਕਿਰਤੀ ਕਿਸਾਨ ਕਾਂਗਰਸ ਪਾਰਟੀ) ਕਲਾਤੁਰ ਨਾਰਾਇਣ ਸਵਾਮੀ ਇੱਕ ਭਾਰਤੀ ਸਿਆਸਤਦਾਨ ਹਨ ਜੋ ਆਂਧਰਾ ਪੈਰਦੇਸ਼ ਵਿਧਾਨ ਪੈਰੀਸ਼ਦ ਦੇ ਮੈਂਬਰ ਹਨ। ਉਸਨੇ ਗੰਗਾਧਾਰਾ ਨੇਲੋਰ (ਐਸਸੀ) ਵਿਧਾਨ ਸਭਾ ਹਲਕੇ ਦੀ ਪੈਰਤੀਨਿਧਤਾ ਕੀਤੀ. ਉਹ ਵਾਈਐਸਆਰ ਕਾਂਗਰਸ ਪਾਰਟੀ ਨਾਲ ਸਬੰਧਤ ਹੈ। 2019 ਵਿੱਚ, ਉਹ ਵਾਈ ਐਸ ਜਗਨਮੋਹਨ ਰੈਡੀ ਦੀ ਅਗਵਾਈ ਵਾਲੀ ਕੈਬਨਿਟ ਵਿੱਚ ਆਂਧਰਾ ਪੈਰਦੇਸ਼ ਦੇ ਪੰਜ ਉਪ ਮੁੱਖ ਮੰਤਰੀਆਂ ਵਿੱਚੋਂ ਇੱਕ ਬਣ ਗਏ ਅਤੇ ਉਨੈਹਾਂ ਨੂੰ ਆਬਕਾਰੀ ਅਤੇ ਵਪਾਰਕ ਟੈਕਸ ਮੰਤਰੀ ਦਾ ਕਾਰਜਭਾਰ ਵੀ ਸੌਂਪ ਦਿੱਤਾ।

# ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਏ ਜਾਣ 'ਤੇ ਦੁਆਬੇ 'ਚ ਖੁਸ਼ੀ ਦੀ ਲਹਿਰ

**ਜਲੰਧਰ–** ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਏ ਜਾਣ 'ਤੇ ਪੰਜਾਬ ਦੇ ਸਮੁੱਚੇ ਦਲਿਤ ਭਾਈਚਾਰੇ ਤੇ ਖਾਸ ਕਰਕੇ ਦਲਿਤਾਂ ਦੇ ਗੜ੍ਹ ਸਮਝੇ ਜਾਂਦੇ ਦੋਆਬੇ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ ਇੰਜੀ. ਮੋਹਨ ਲਾਲ ਸੂਦ ਨੇ ਸ੍ਰੀ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ ਸਰਕਾਰ ਵਿੱਚ ਕਿਸੇ ਦਲਿਤ ਆਗੂ ਨੂੰ ਉਪ ਮੁੱਖ ਮੰਤਰੀ ਨਹੀਂ ਬਣਾਇਆ। ਗੜ੍ਹਸ਼ੰਕਰ ਵਿਚ ਲੋਕਾਂ ਨੇ ਚੰਨੀ ਦੇ ਮੁੱਖ ਮੰਤਰੀ ਬਣਨ ਮੌਕੇ ਰਾਤ ਨੂੰ ਹੀ ਢੋਲ-ਢਮੱਕੇ 'ਤੇ ਭੰਗੜੇ ਪਾਏ। ਹਲਕਾ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ 'ਤੇ ਉਨ੍ਹਾਂ ਦੇ ਜੱਦੀ&; ਪਿੰਡ ਭਜੌਲੀ ਦੇ ਲੋਕ ਬਾਗ਼ੋਬਾਗ਼ ਹਨ। ਪਿੰਡ ਵਾਸੀਆਂ ਹਰਨੇਕ ਸਿੰਘ, ਸਰਬਜੀਤ ਕੌਰ ਅਤੇ ਮੱਘਰ ਸਿੰਘ ਨੇ ਦੱਸਿਆ ਕਿ ਚੰਨੀ ਬਹੁਤ ਹੀ ਸਾਧਾਰਨ ਪਰਿਵਾਰ ਤੋਂ ਉੱਠ ਕੇ ਮੁੱਖ ਮੰਤਰੀ ਦੇ ਅਹੁਦੇ ਤੱਕ ਪੁੱਜੇ ਹਨ। ਪਿੰਡ ਵਾਸੀਆਂ ਨੇ ਕਿਹਾ ਕਿ ਚੰਨੀ ਦੀ ਅਗਵਾਈ ਵਾਲੀ ਸਰਕਾਰ ਤੋਂ ਉਨ੍ਹਾਂ ਨੂੰ ਵੱਡੀਆਂ ਉਮੀਦਾਂ ਹਨ।

ਉਨ੍ਹਾਂ ਆਸ ਪ੍ਰਗਟਾਈ ਕਿ ਜਿਸ ਤਰ੍ਹਾਂ ਚੰਨੀ ਸਾਧਾਰਨ ਜਿਹੇ ਮਿਹਨਤਕਸ਼ ਪਰਿਵਾਰ 'ਚੋਂ ਉੱਠ ਕੇ ਮੁੱਖ ਮੰਤਰੀ ਬਣੇ ਹਨ, ਉਸੇ ਤਰ੍ਹਾਂ ਉਹ ਸਰਕਾਰ ਦੇ ਬਚੇ ਥੋੜ੍ਹੇ ਜਿਹੇ ਸਮੇਂ ਵਿੱਚ ਪੰਜਾਬ ਵਾਸੀਆਂ ਦੀਆਂ ਉਮੀਦਾਂ 'ਤੇ ਵੀ ਖਰੇ ਉਤਰਨਗੇ।

# ਬੱਚੇ ਸੋਸ਼ਲ ਮੀਡੀਏ ਦੀ ਵਰਤੋਂ ਪ੍ਰਤੀ ਸੁਚੇਤ ਹੋਣ - ਜਗਜੀਤ ਸਿੰਘ ਗਣੇਸ਼ਪੁਰ

**ਮਾਹਿਲਪੁਰ –** ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਵਿੱਚ ਲੇਖਕ ਤੇ ਤਕਨੀਕੀ ਮਾਹਰ ਜਗਜੀਤ ਸਿੰਘ ਗਣੇਸ਼ਪੁਰ ਨੂੰ ਵਿਦਿਆਰਥੀਆਂ ਦੇ ਰੂਬਰੂ ਕੀਤਾ ਗਿਆ। ਉਹਨਾਂ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕੀ ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਸੁਚੇਤ ਹੋ ਕੇ ਸੰਜਮ ਨਾਲ ਕਰਨੀ ਚਾਹੀਦੀ ਹੈ। ਸੋਸ਼ਲ ਮੀਡੀਏ ਤੇ ਵਾਪਰ ਰਹੇ ਚੰਗੇ ਮਾੜੇ ਵਰਤਾਰਿਆਂ ਪੈਰਤੀ ਜਾਗਰੂਕ ਕਰਦਿਆਂ ਉਨੈਹਾਂ ਦੱਸਿਆ ਕਿ ਸਾਨੂੰ ਇਸਦੀ ਵਰਤੋਂ ਪੈਰਤੀ ਅਜੇ ਬਹੁਤ ਸੁਚੇਤ ਹੋਣ ਦੀ ਲੋੜ ਹੈ। ਆਏ ਦਿਨ ਸਾਈਬਰ ਕੈਰਾਈਮ ਬਹੁਤ ਤੇਜ਼ੀ ਨਾਲ ਵਧ ਰਹੇ ਹਨ । ਇਸ ਲਈ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰੀਏ। ਫਿਰ ਅਸੀਂ ਇਸ ਦੀ ਵਰਤੋਂ ਸਹੀ ਢੰਗ ਨਾਲ ਕਰ ਸਕਦੇ ਹਾਂ। ਉਹਨਾਂ ਅੱਗੇ ਕਿਹਾ ਕਿ ਬੱਚਿਆਂ ਦੁਆਰਾ ਕੀਤੀ ਜਾ ਰਹੀ ਇਸ ਦੀ ਬੇਲੋੜੀ ਵਰਤੋਂ ਘਾਤਕ ਸਿੱਧ ਹੋ ਰਹੀ ਹੈ ।



ਇਸ ਮੌਕੇ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਜਗਜੀਤ ਸਿੰਘ ਗਣੇਸ਼ਪੁਰ ਨੇ ਤਕਨੀਕੀ ਖੇਤਰ ਵਿੱਚ ਮੁਹਾਰਤ ਹਾਸਲ ਕਰਕੇ ਆਮ ਲੋਕਾਂ ਨੂੰ ਜਾਗਰੂਕਤਾ ਦੀ ਮੁਹਿੰਮ ਆਰੰਭੀ ਹੋਈ ਹੈ। ਉਹ ਆਏ ਦਿਨ ਅਖਬਾਰਾਂ ਰਸਾਲਿਆਂ ਤੇ ਇਲੈਕਟੈਰੋਨਿਕ ਮੀਡੀਏ ਰਾਹੀਂ ਲੋਕਾਂ ਨੂੰ ਖਾਸਕਰ ਵਿਦਿਆਰਥੀਆਂ ਨੂੰ ਸੁਚੇਤ ਕਰਦੇ ਰਹਿੰਦੇ ਹਨ । ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਪਿੰਡ ਗਣੇਸ਼ਪੁਰ ਦੇ ਵਾਸੀ ਹਨ । ਇਸ ਮੌਕੇ ਸਕੂਲ ਸਟਾਫ ਵੱਲੋਂ ਉਨੈਹਾਂ ਨੂੰ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਤ ਵੀ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜੁਆਬ ਉਨੈਹਾਂ ਬੜੇ ਰੌਚਕ ਢੰਗ ਨਾਲ ਦਿੱਤੇ । ਇਸ ਮੌਕੇ ਸਟਾਫ ਮੈਂਬਰ ਪਵਨ ਕੁਮਾਰ, ਗੁਰਪ੍ਰੀਤ ਕੌਰ, ਸਤਵੀਰ ਕੌਰ, ਨੀਤੂ ਰਾਣੀ ਅਤੇ ਮਨਜਿੰਦਰ ਸਿੰਘ ਸਮੇਤ ਐਸਐਮਸੀ ਮੈਂਬਰ ਅਤੇ ਵਿਦਿਆਰਥੀਆਂ ਨੇ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ।

# ਨਿਊਯਾਰਕ ਦੇ ਸਕੂਲਾਂ ਵਿੱਚ ਹੋਵੇਗੀ ਹਫਤਾਵਾਰੀ ਕੋਵਿਡ-19 ਟੈਸਟਾਂ ਦੀ ਸ਼ੁਰੂਆਤ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)–** ਨਿਊਯਾਰਕ ਵਿਚਲੇ ਦੇਸ਼ ਦੇ ਸਭ ਤੋਂ ਵੱਡੇ ਸਕੂਲੀ ਡਿਸਟ੍ਰਿਕਟ'ਚ ਬਿਨਾਂ ਕੋਰੋਨਾ ਟੀਕਾਕਰਨ ਵਾਲੇ ਵਿਦਿਆਰਥੀਆਂ ਦੀ ਹਫਤਾਵਾਰੀ ਰੈਂਡਮ ਕੋਵਿਡ -19 ਟੈਸਟ ਜਾਂਚ ਸੂਰੂ ਕੀਤੀ ਜਾਵੇਗੀ ਤਾਂ ਜੋ ਕਲਾਸਰੂਮਾਂ ਵਿੱਚ ਵਾਇਰਸ ਦੀ ਲਾਗ ਨੂੰ ਘੱਟ ਕੀਤਾ ਜਾ ਸਕੇ। ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲੇਸੀਓ ਨੇ ਸੋਮਵਾਰ ਨੂੰ ਇਸ ਯੋਜਨਾ ਦਾ ਐਲਾਨ ਕੀਤਾ।

ਇਸ ਤੋਂ ਪਹਿਲਾਂ ਸ਼ਹਿਰ ਦੇ ਅਧਿਆਪਕਾਂ ਦੀ ਯੂਨੀਅਨ ਨੇ ਡੀ ਬਲਾਸੀਓ ਨੂੰ ਇੱਕ ਪੱਤਰ ਭੇਜ ਕੇ ਸੂਕਲ ਡਿਸਟ੍ਰਿਕਟ ਵਿੱਚ&; ਹਫਤਾਵਾਰੀ ਟੈਸਟਿੰਗ ਦੀ ਮੰਗ ਕੀਤੀ ਗਈ ਸੀ। ਇਸ ਦੇ ਇਲਾਵਾ ਮੇਅਰ ਨੇ ਸਕੂਲਾਂ ਲਈ ਕੁਆਰੰਟੀਨ ਨਿਯਮਾਂ ਵਿੱਚ ਬਦਲਾਅ ਦਾ ਵੀ ਐਲਾਨ ਕੀਤਾ ਹੈ। ਡੀ ਬਲੇਸੀਓ ਅਨੁਸਾਰ ਇਹ ਤਬਦੀਲੀਆਂ ਅਮਰੀਕੀ ਏਜੰਸੀ ਸੀ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੀਆਂ ਹਨ। ਨਿਊਯਾਰਕ ਪ੍ਰਸ਼ਾਸਨ ਅਨੁਸਾਰ ਨਵੇਂ ਨਿਯਮ 27 ਸਤੰਬਰ ਤੋਂ ਲਾਗੂ ਹੋਣਗੇ। ਇਹ ਦਿਨ ਸ਼ਹਿਰ ਦੇ ਪਬਲਿਕ ਸਕੂਲ ਦੇ ਅਧਿਆਪਕਾਂ ਅਤੇ ਸਟਾਫ ਲਈ ਵੈਕਸੀਨ ਦੀ ਘੱਟੋ ਘੱਟ ਇੱਕ ਖ਼ੁਰਾਕ ਲੈਣ ਦੀ ਵੀ ਅੰਤਮ ਤਾਰੀਖ ਹੈ। ਯੂਨਾਈਟਿਡ ਫੈਡਰੇਸ਼ਨ ਆਫ ਟੀਚਰਜ਼, ਜੋ ਕਿ ਲਗਭਗ 75,000 ਨਿਊਯਾਰਕ ਸਿਟੀ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਹੈ, ਨੇ ਮੇਅਰ ਦੇ ਹਫਤਾਵਾਰੀ ਟੈਸਟਿੰਗ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ।

# ਸਪੇਸ ਐਕਸ ਦੀ ਉਡਾਣ ਸਫਲ ਮਿਸ਼ਨ ਦੇ ਬਾਅਦ ਧਰਤੀ 'ਤੇ ਵਾਪਸ ਪਰਤੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)–** ਸਪੇਸ ਐਕਸ ਦੁਆਰਾ ਬਿਨਾਂ ਕਿਸੇ ਪੇਸ਼ੇਵਰ ਪੁਲਾੜ ਯਾਤਰੀ ਦੇ ਚਾਰ ਨਾਗਰਿਕਾਂ ਨੂੰ ਸਪੇਸ ਵਿੱਚ ਭੇਜਿਆ ਗਿਆ ਸੀ, ਜੋ ਕਿ ਤਿੰਨ ਦਿਨਾਂ ਦੀ ਪੁਲਾੜ ਯਾਤਰਾ ਦੇ ਬਾਅਦ ਸ਼ਨੀਵਾਰ ਰਾਤ ਨੂੰ ਫਲੋਰਿਡਾ ਵਿੱਚ ਸਫਲਤਾਪੂਰਵਕ ਵਾਪਸ ਪਰਤੇ ਹਨ। ਇਹਨਾਂ ਯਾਤਰੀਆਂ ਸਮੇਤ ਡਰੈਗਨ ਕੈਪਸੂਲ ਸ਼ਾਮ 7 ਵਜੇ ਤੋਂ ਬਾਅਦ ਸਮੁੰਦਰੀ ਤੱਟ 'ਤੇ ਉਤਰਿਆ। ਵਾਪਸੀ ਦੌਰਾਨ ਇਹ ਕੈਪਸੂਲ 17,500 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਯਾਤਰਾ ਕਰ ਰਿਹਾ ਸੀ। ਤਕਰੀਬਨ 18,000 ਫੁੱਟ ਦੀ ਉਚਾਈ 'ਤੇ ਪੈਰਾਸ਼ੂਟ ਖੁੱਲ੍ਹਣ 'ਤੇ ਇਸਦੀ ਰਫਤਾਰ ਤਕਰੀਬਨ 350 ਮੀਲ ਪ੍ਰਤੀ ਘੰਟਾ ਹੋ ਗਈ ਅਤੇ ਸਮੁੰਦਰ ਨਾਲ ਟਕਰਾਉਣ ਤੋਂ ਪਹਿਲਾਂ ਇਹ 119 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹੌਲੀ ਹੋ ਗਿਆ। ਅਖੀਰ ਵਿੱਚ ਇਹ ਅਟਲਾਂਟਿਕ ਮਹਾਂਸਾਗਰ ਵਿੱਚ ਉੱਤਰ ਗਿਆ।

ਸਪੇਸ ਐਕਸ ਦੇ 'ਇੰਸਪਾਈਰੈਸ਼ਨ 4' ਨਾਮ ਦੇ ਇਸ ਮਿਸ਼ਨ ਨੇ ਇਤਿਹਾਸ ਰਚ ਦਿੱਤਾ ਹੈ ਕਿਉਂਕਿ ਇਸ 'ਚ ਨਾਗਰਿਕਾਂ ਨੇ ਧਰਤੀ ਤੋਂ ਬਾਹਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਵੀ

ਉੱਪਰ ਯਾਤਰਾ ਕੀਤੀ ਹੈ। ਸਪੇਸ ਐਕਸ , ਟੇਸਲਾ ਇੱਕ ਇਲੈਕਟ੍ਰਿਕ ਵਾਹਨ ਨਿਰਮਾਤਾ ਦੇ ਸੀ ਈ ਓ ਐਲਨ ਮਸਕ ਦੁਆਰਾ ਸਥਾਪਤ ਕੀਤੀ ਗਈ ਪ੍ਰਾਈਵੇਟ ਰਾਕੇਟ ਕੰਪਨੀ ਹੈ। ਸਪੇਸ ਐਕਸ ਨੇ ਇਸ ਮਿਸ਼ਨ ਲਈ ਪੁਲਾੜ ਯਾਨ ਨੂੰ ਫਲੋਰਿਡਾ ਤੋਂ ਲਾਂਚ ਕੀਤਾ ਸੀ।




# ਬਹੁਤ ਖੁਸ਼ ਹੈਂ ਮੁਝੇ ਬੁਲੰਦੀ ਪਰ ਦੇਖ ਕਰ, ਪਰ ਕਿਸੀ ਨੇ ਮੇਰੇ ਪੈਰੋਂ ਛਾਲੇ ਨਹੀਂ ਦੇਖੇ

# ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਹੋਣਹਾਰ ਖਿਡਾਰੀਆਂ ਰਣਜੀਤ ਔਜਲਾ ਅਤੇ ਮਨੀਸ਼ਾ ਕਲਿਆਣ ਦਾ ਸਨਮਾਨ

## ਫਾਊਂਡੇਸ਼ਨ ਵਲੋਂ ਰਣਜੀਤ ਔਜਲਾ ਨੂੰ 51000/- ਅਤੇ ਮਨੀਸ਼ਾ ਨੂੰ 21000/- ਦੀ ਮੱਦਦ























**ਬੰਗਾ- (ਬਿਊਰੋ)** ਪੰਜਾਬ ਦੀ ਸਿਰਕੱਢ ਸਮਾਜ ਸੇਵੀ ਸੰਸਥਾ ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਦੂਜਾ ਵਿਸ਼ਾਲ ਸਨਮਾਨ ਸਮਾਰੋਹ-2021 ਸਥਾਨਕ ਅਨਮੋਲ ਪੈਲੇਸ ਵਿਖੇ ਕਰਵਾਇਆ ਗਿਆ। ਇਸ ਸਨਮਾਨ ਦੇ ਮੁੱਖ ਬੁਲਾਰੇ ਤੇ ਯੂ. ਐਨ. ਏ ਤੋਂ ਸਨਮਾਨਿਤ ਸ਼ਖਸ਼ੀਅਤ ਅਤੇ ਉੱਘੇ ਲੇਖਕ ਸ੍ਰ. ਮਹਿੰਦਰ ਸਿੰਘ ਦੁਸਾਂਝ ਨੇ ਬੋਲਦਿਆਂ ਕਿਹਾ ਕਿ ਪੁਰਾਣੇ ਸਮਿਆਂ ਵਿੱਚ ਨੌਜਵਾਨ ਕਬੱਡੀ, ਕੁਸ਼ਤੀਆਂ, ਡੰਡ ਬੈਠਕਾਂ ਅਤੇ ਕੁਸ਼ਤੀਆਂ ਦੇ ਘੋਲ ਕਰਦੇ ਸਨ। ਨੌਜਵਾਨ ਰਸ ਦੇ ਛੰਨੇ ਅਤੇ ਕੰਗਣੀ ਵਾਲੇ ਦੁੱਧ ਦੇ ਗਿਲਾਸ ਭਰ ਭਰ ਪੀਂਦੇ ਸਨ।ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਜੋਕੀ ਪੀੜ੍ਹੀ ਨਿਊਡਲਾਂ, ਬਰਗਰਾਂ ਅਤੇ ਨਸ਼ਿਆਂ ਦਾ ਸੇਵਨ ਕਰਕੇ ਆਪਣਾ ਪੁਰਾਣਾ ਵਿਰਸਾ , ਸੱਭਿਆਚਾਰ ਨੂੰ ਭੁਲਦੀ ਜਾ ਰਹੀ ਹੈ।ਉਨ੍ਹਾਂ ਚੀਨ ਅਤੇ ਜਪਾਨ ਦੀ ਗੱਲ ਕਰਦਿਆਂ ਕਿਹਾ ਕਿ ਉਥੋਂ ਦੀਆਂ ਸਰਕਾਰਾਂ ਨੇ ਮਾਤ - ਭਾਸ਼ਾ ਵਿੱਚ ਲੋਕਾਂ ਨੂੰ ਵਿਦਿਆ ਦਿੱਤੀ ਜਿਸ ਤੋਂ ਵਿਦਵਾਨ , ਲੇਖ਼ਕ ਤੇ ਵਿਗਿਆਨੀ ਪੈਦਾ ਹੋਏ ਅਤੇ ਵਿਕਸਿਤ ਦੇਸ਼ਾ ਵਿੱਚ ਗਿਣੇ ਜਾਣ ਲੱਗੇ ਪਰ ਅਸੀਂ ਅਜੇ ਵੀ ਵਿਕਾਸ਼ੀਲ ਦੇਸ਼ਾ ਦੀ ਸੂਚੀ ਵਿੱਚ ਹੀ ਹਾਂ। ਉਨ੍ਹਾਂ ਰਣਜੀਤ ਔਜਲਾ ਤੇ ਮਨੀਸ਼ਾ ਕਲਿਆਣ ਵਲੋਂ ਵੱਡੀਆਂ ਪ੍ਰਾਪਤੀਆਂ ਕਰਨ ਦੇਸ਼ ਤੇ ਪੰਜਾਬ ਦਾ ਨਾਮ ਰੋਸ਼ਨ ਕਰਨ ਦੀ ਵਧਾਈ ਦਿੰਦਿਆਂ ਕਿਹਾ ਕਿ ਨੌਜਵਾਨ ਪੀੜੀ ਨੂੰ ਇੰਨਾ ਤੋਂ ਪ੍ਰੇਰਣਾ ਲੈ ਕੇ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਫਾਊਂਡੇਸ਼ਨ ਵਲੋਂ ਕੀਤੇ ਕੀਤੇ ਜਾ ਰਹੇ ਨੇਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪੈਸਾ ਅਤੇ ਸ਼ੋਹਰਤ ਨੂੰ ਪਿੱਛੇ ਛੱਡ ਕੇ ਮਿਹਨਤ ਦਾ ਪੱਲਾ ਫੜਨਾ ਪੈਂਦਾ ਹੈ, ਜਿਸ ਉਪਰੰਤ ਪੈਸਾ ਤੇ ਸ਼ੋਹਰਤ ਮਗਰ - ਮਗਰ ਘੁੰਮ ਰਹੀ ਹੈ। ਸਨਮਾਨ ਸਮਾਰੋਹ ਵਿਚ ਡਾ. ਰਘਬੀਰ ਕੌਰ ਸਾਬਕਾ ਮੁਖੀ, ਪੰਜਾਬ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਨੇ ਕਿਹਾ ਕਿ ਇਹ ਖਿਡਾਰੀਆਂ ਦੇ ਸਨਮਾਨ ਵਿੱਚ ਇਤਿਹਾਸਕ ਦਿਨ ਹੈ ਕਿਉਂ ਕਿ ਸਾਡੇ ਧੀਆਂ ਪੁੱਤਰਾਂ ਨੇ ਮਾਣ ਮੱਤੀਆਂ ਪ੍ਰਾਪਤੀਆਂ ਕਰਕੇ ਵੱਡੇ ਰਿਕਾਰਡ ਤੋੜੇ ਹਨ । ਉਨ੍ਹਾਂ ਨੇ ਕਿਹਾ ਕਿ ਇਤਿਹਾਸ ਪਲਟਣ ਵਿੱਚ ਨੌਜਵਾਨ ਪੀੜੀ ਦਾ ਵੱਡਾ ਯੋਗਦਾਨ ਰਿਹਾ ਹੈ ਭਾਵੇਂ ਉਹ ਵਿਦਿਆ ਦਾ ਖੇਤਰ ਹੋਵੇ ਜਾਂ ਖੇਡਾਂ ਦਾ ਖੇਤਰ। ਉਨ੍ਹਾਂ ਰਣਜੀਤ ਬਾਰੇ ਕਿਹਾ ਕਿ ਇਹ ਇੱਕ ਦਿਨ ਦੀ ਮਿਹਨਤ ਨਹੀਂ ਸਗੋਂ 18-20 ਸਾਲ ਦੀ ਤਪੱਸਿਆ, ਮਿਹਨਤ, ਆਸ ਅਤੇ ਆਤਮ ਵਿਸ਼ਵਾਸ ਦੀ ਮੂੰਹ ਬੋਲਦੀ ਨਿਵੇਕਲੀ ਮਿਸਾਲ ਹੈ। ਉਨ੍ਹਾਂ ਭਾਰਤੀ ਟੀਮ ਓਲੰਪਿਕ ਖਿਡਾਰਨ ਵੰਦਨਾ ਕਟਾਰੀਆ ਨਾਲ ਕੀਤੇ ਅਪਮਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇੱਕ ਖਿਡਾਰੀ ਦੇਸ਼ ਲਈ ਖੇਡਦਾ ਹੈ, ਸ਼ਹੀਦ ਕੌਮ ਦੇ ਹੁੰਦੇ ਹਨ, ਜਾਤੀ-ਵਾਦੀ ਸ਼ਬਦ ਬੋਲਕੇ ਖਿਡਾਰੀਆਂ ਦਾ ਮਨੋਬਲ ਤੋੜਨ ਵਾਲਿਆਂ ਦੀ ਸਖਤ ਤੋਂ ਸਖਤ ਸ਼ਬਦਾਂ ਵਿਚ ਨਿੰਦਾ ਹੋਣੀ ਚਾਹੀਦੀ ਹੈ। ਉਹਨਾਂ ਮਨੀਸ਼ਾ ਕਲਿਆਣ ਬਾਰੇ ਕਿਹਾ ਕਿ ਉਹ ਗਰੀਬ ਵਾਲਮੀਕ ਭਾਈਚਾਰੇ 'ਚ ਪੈਦਾ ਹੋਕੇ ਭਾਰਤੀ ਫੁੱਟਬਾਲ ਟੀਮ ਦੀ ਖਿਡਾਰਨ ਬਣਨ ਦਾ ਮਾਣ ਹਾਸਲ ਹੋਇਆ ਹੈ। ਉਨ੍ਹਾਂ ਮਨੀਸ਼ਾ ਦੇ ਪਿੰਡ ਮੁੱਗੋਵਾਲ ਦੇ ਇਤਿਹਾਸ ਤੇ ਝਾਤ ਪਾਉਂਦਿਆਂ ਕਿਹਾ ਕਿ ਜਿੱਥੇ ਗਦਰੀ ਬਾਬਾ ਆਦਿ ਧਰਮ ਲਹਿਰ ਦੇ ਮੋਢੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਜਨਮ ਭੋਇੰ ਹੈ, ਜਿਸ ਕਰਕੇ ਅੱਜ ਸਮਾਜ ਦਾ ਸਿਰ ਬਾਬਾ ਸਾਹਿਬ ਡਾ: ਅੰਬੇਡਕਰ ਤੋਂ ਬਾਅਦ ਬਾਬੂ ਮੰਗੂ ਰਾਮ ਦੇ ਸੰਘਰਸ਼ ਦੇ ਕਾਰਨ ਸਿਰ ਉੱਚਾ ਹੋਇਆ ਹੈ।

ਉਨ੍ਹਾਂ ਇਸ ਮੌਕੇ ਭਾਰਤ ਦੀ ਜੇਤੂ ਟੀਮ ਤੇ ਪੰਜਾਬ ਦੇ ਹੋਣਹਾਰ ਖਿਡਾਰੀਆਂ ਤੇ ਉਲੰਪਿਕ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਤੇ ਖਿਡਾਰਨਾਂ ਦੀ ਮਿਹਨਤ, ਜਨੂੰਨ ਤੇ ਸਿਰੜ ਨੂੰ ਸਿਜਦਾ ਵੀ ਕੀਤਾ। ਇਸ ਮੌਕੇ ਤੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ੍ਰੀ ਸਤਵੀਰ ਸਿੰਘ ਪੱਲੀ ਝਿੱਕੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਸਾਡਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ, ਸਾਨੂੰ ਇਸ ਤੇ ਗਰਵ ਤੇ ਫਖਰ ਹੈ। ਉਹਨਾਂ ਕਿਹਾ ਕਿ ਜਿਹੜੇ ਲੋਕ ਸਮਾਜ ਲਈ ਚੰਗਾ ਕੰਮ ਕਰਦੇ ਹਨ ਉਹਨਾਂ ਦਾ ਸਨਮਾਨ ਕਰਨਾ ਸਾਡਾ ਫਰਜ਼ ਬਣਦਾ ਹੈ ਕਿਉਂ ਕਿ ਕੋਈ ਵੀ ਪ੍ਰਾਪਤੀ ਕਠਿਨ ਤਪੱਸਿਆ, ਮਿਹਨਤ ਤੇ ਜਨੂੰਨ ਦੀ ਮੰਗ ਦਰਦੀ ਹੈ। ਉਹਨਾਂ ਕਿਹਾ ਕਿ ਸਾਨੂੰ ਛੋਟੇ ਮੁਕਾਬਲਿਆਂ 'ਚ ਖੇਡਣ ਲਾ ਕੇ ਖਿਡਾਰੀਆਂ ਤੇ ਖਿਡਾਰਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਖਿਡਾਰੀਆਂ ਦਾ ਕੇਸ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ ਤਾਂ ਜੋ ਇਨ੍ਹਾਂ ਦੀ ਸਰਕਾਰੀ ਨੌਕਰੀ ਤੇ ਸਨਮਾਨ ਦਾ ਪ੍ਰਬੰਧ ਹੋ ਸਕੇ। ਇਸ ਮੌਕੇ ਠੇਕੇਦਾਰ ਰਜਿੰਦਰ ਸਿੰਘ, ਬਸਪਾ ਆਗੂ ਪ੍ਰਵੀਨ ਬੰਗਾ, ਉੱਘੇ ਕੋਚ ਜਸਵੀਰ ਸਿੰਘ ਸ਼ੇਰਗਿੱਲ ਨੇ ਸੰਬੋਧਨ ਕਰਦਿਆਂ ਦੋਵਾਂ ਖਿਡਾਰੀਆਂ ਤੋਂ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ ਲੈਣ ਦੀ ਤਾਕੀਦ ਕੀਤੀ ਅਤੇ ਕਿਹਾ ਕਿ ਹੋਣਹਾਰ ਤੇ ਮਾਣਮੱਤੀਆਂ ਸਖਸ਼ੀਅਤਾਂ ਦਾ ਸਨਮਾਨ ਕਰਨ ਨਾਲ ਸਮਾਜ ਵਿੱਚ ਸੰਭਾਵਨਾ ਭਰਪੂਰ ਖਿਡਾਰੀਆਂ ਦਾ ਮਨੋਬਲ ਉੱਚਾ ਹੁੰਦਾ ਹੈ। ਇਹ ਸਮਾਗਮ ਵੱਖ-ਵੱਖ ਦਾਨੀ ਸੱਜਣਾਂ ਪ੍ਰਮੁੱਖ ਹਸਤੀਆਂ ਅਤੇ ਖਾਸ ਕਰਕੇ ਅਮਰੀਕਾ ਵਸਦੇ ਸ੍ਰੀ ਗੁਰਨਾਮ ਸਿੰਘ ਅਤੇ ਸ੍ਰੀ ਪ੍ਰੇਮ ਚੁੰਬਰ ਮੁੱਖ ਸੰਪਾਦਕ 'ਦੇਸ਼ ਦੁਆਬਾ' (ਪੰਜਾਬੀ) ਅਤੇ ਅੰਬੇਡਕਰ ਟਾਈਮਜ਼ (ਅੰਗਰੇਜ਼ੀ) ਅਤੇ ਹੋਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੋਇਆ।

ਇਸ ਮੌਕੇ ਸੰਸਥਾ ਵਲੋਂ ਰਣਜੀਤ ਔਜਲਾ ਨੂੰ 51,000/- ਰੁਪਏ ਅਤੇ ਮਨੀਸ਼ਾ ਕਲਿਆਣ ਨੂੰ 21,00/- ਰੁਪਏ ਦੀ ਨਕਦ ਰਾਸ਼ੀ, ਟਰੌਫੀ, ਸਨਮਾਨ ਪੱਤਰ ਅਤੇ ਭਾਰਤੀ ਸੰਵਿਧਾਨ ਦਾ ਪੰਜਾਬੀ ਅਨੁਵਾਦ ਦੀ ਇੱਕ-ਇੱਕ ਕਾਪੀ ਵੀ ਭੇਂਟ ਕੀਤੀ ਗਈ। ਇਸ ਮੌਕੇ ਉੱਘੇ ਮਿਸ਼ਨਰੀ ਗਾਇਕ ਧਰਮਿੰਦਰ ਮਸਾਣੀ ਨੇ ਆਪਣੀ ਸਾਰਥਿਕ ਸ਼ਾਇਰੀ ਤੇ ਕਲਾਮ ਪੇਸ਼ ਕੀਤਾ ਅਤੇ ਦੋਹਾਂ ਖਿਡਾਰੀਆਂ ਦੀ ਹੌਂਸਲਾ ਅਫਜਾਈ ਲਈ ਇਤਿਹਾਸਕ ਹਵਾਲੇ ਦਿੱਤੇ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸੰਤੋਖ ਸਿੰਘ ਜੱਸੀ ਨੇ ਕਿਹਾ ਕਿ ਇਸ ਮੌਕੇ ਸੰਸਥਾ ਦੇ ਦੇਸ਼ ਵਿਦੇਸ਼ ਵਿੱਚ ਵਸਦੇ ਸਮਾਜ ਦਰਦੀਆਂ ਅਤੇ ਖੇਡ ਪ੍ਰੇਮੀਆਂ ਅਤੇ ਭਾਰਤ ਤੇ ਪੰਜਾਬ ਵਸਦੇ ਸਹਿਯੋਗੀਆਂ ਨਾਲ ਰਲਕੇ ਫਾਉਂਡੇਸ਼ਨ ਦਾ ਹੋਰ ਵਿਸਥਾਰ ਕਰਨਗੇ ਤੇ ਹਰ ਖੇਤਰ ਵਿੱਚ ਲੋੜਵੰਦ, ਕਾਬਲ, ਹੁਸ਼ਿਆਰ, ਖਿਡਾਰੀਆਂ ਤੇ ਖਿਡਾਰਨਾਂ ਤੇ ਹੋਰ ਖੇਤਰਾਂ ਵਿੱਚ ਸਹਿਯੋਗ ਲਈ ਯਤਨਸ਼ੀਲ ਰਹਿਣਗੇ। ਸਟੇਜ ਦੀ ਸਮੁੱਚੀ ਕਾਰਵਾਈ ਸਮਾਜਿਕ ਚਿੰਤਕ ਸ੍ਰੀ ਸੰਜੀਵ ਕੁਮਾਰ ਐਮਾਂ ਜੱਟਾਂ ਅਤੇ ਪ੍ਰੋ: ਕਿਸ਼ਨ ਖਟਕੜ੍ਹ ਨੇ ਸਾਂਝੇ ਤੌਰ ਤੇ ਬਾਖੂਬੀ ਨਿਭਾਈ। ਇਸ ਸਨਮਾਨ ਸਮਾਗਮ ਦੌਰਾਨ ਵੱਖ-ਵੱਖ ਕਿਤਾਬਾਂ ਦੇ ਸਟਾਲ ਲੱਗੇ ਹੋਏ ਸਨ ਜੋ ਕਿ ਹਰ ਸਾਹਿਤਕ ਪ੍ਰੇਮੀ ਲਈ ਖਿੱਚ ਦਾ ਕੇਂਦਰ ਬਿੰਦੂ ਸਨ।

ਇਸ ਮੌਕੇ ਤੇ ਜੈਪਾਲ ਸੁੰਡਾ, ਦਰਬਜੀਤ ਸਿੰਘ ਪੂੰਨੀ, ਪ੍ਰਿੰ: ਡਾ: ਕਮਲਜੀਤ ਕੌਰ ਛੀਨਾ, ਧਰਮਿੰਦਰ ਮਸਾਣੀ (ਗਾਇਕ), ਡਾ: ਹਰੀ ਕਿਸ਼ਨ, ਡਾ: ਕਵਿਤਾ ਭਾਟੀਆ ਐਸ.ਐਮ.ਓ. ਲਾਲ ਚੰਦ ਔਜਲਾ, ਰਾਜ ਰਾਣੀ (ਮਨੀਸ਼ਾ ਕਲਿਆਣ ਦੇ ਮਾਤਾ ਜੀ), ਇਕਬਾਲ ਸਿੰਘ ਕਾਹਮਾ, ਪ੍ਰਿੰ: ਜਸਵੀਰ ਸਿੰਘ ਖਾਨਖਾਨਾ, ਪਵਨ ਕੁਮਾਰ ਗੁਣਾਚੌਰ, ਪ੍ਰਿਤਪਾਲ ਸਿੰਘ ਔਜਲਾ, ਮੋਹਣ ਬੀਕਾ, ਭਜਨ ਸਿੰਘ ਭਰੋਲੀ, ਰਾਮ ਸਿੰਘ ਸਰਪੰਚ ਭਰੋ ਮਜਾਰਾ, ਲੱਕੀ ਸਰਪੰਚ ਹੇੜੀਆਂ, ਬਲਜੀਤ ਬੱਲੀ, ਹੀਨਾ, ਰਮੇਸ਼ ਅਟਾਰੀ ਤੋਂ ਇਲਾਵਾ ਇਲਾਕੇ ਦੀਆਂ ਸਮਾਜਿਕ, ਧਾਰਮਿਕ, ਸਿਆਸੀ ਅਤੇ ਪਤਵੰਤੇ ਸੱਜਣ ਹਾਜਰ ਸਨ। ਇਸ ਸਨਮਾਨ ਸਮਾਰੋਹ ਵਿੱਚ ਵੱਖ ਵੱਖ ਖੇਤਰਾਂ ਵਿੱਚ, ਪੰਜਾਬ, ਭਾਰਤ, ਵਿਦੇਸ਼ ਪੱਧਰ ਤੇ ਪ੍ਰਾਪਤੀਆਂ ਨਿਵੇਕਲੀਆਂ ਨੀਹਾਂ ਪਾਉਣ ਵਾਲੀਆਂ 21 ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

## ਇੰਞ ਹੋਇਆ ਰਣਜੀਤ ਦਾ ਸਵਾਗਤ

ਵਿਸ਼ਵ ਰਿਕਾਰਡ ਵਿਜੇਤਾ ਸ੍ਰੀ ਰਣਜੀਤ ਔਜਲਾ ਨੂੰ ਉਸਦੇ ਬੰਗਾ ਸਥਿਤ ਘਰ ਤੋਂ ਫੁੱਲਾਂ ਵਾਲੀ ਸਜੀ ਗੱਡੀ ਵਿਚ ਢੋਲ ਵਜਾਕੇ ਸਥਾਨਕ ਅਨਮੋਲ ਪੈਲੇਸ ਵਿਖੇ ਸਤਿਕਾਰ ਨਾਲ ਫੁੱਲਾਂ ਦੇ ਹਾਰ ਪਾਕੇ ਲਿਆਂਦਾ ਗਿਆ। ਇੱਥੇ ਵਰਨਣਯੋਗ ਹੈ ਕਿ ਸਾਲ 1998-99 ਵਿੱਚ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਖੇ ਪੜ੍ਹਾਈ ਕਰਨ ਵਾਲੀ ਦਸਵੀਂ ਦੀ ਪ੍ਰੀਖਿਆ ਵਿਚ ਪੰਜਾਬ ਸਭ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਪੰਜਾਬ ਦੀ ਪਹਿਲੀ ਦਲਿਤ ਲੜਕੀ ਸਵਿਤਾ ਮੱਲ ਨੂੰ ਇਸੇ ਤਰ੍ਹਾਂ ਪਿੰਡ ਕਲੇਰਾਂ ਤੋਂ ਬੜੇ ਮਾਣ ਸਨਮਾਨ ਨਾਲ ਅਨਮੋਲ ਪੈਲੇਸ ਬੰਗਾ ਵਿਖੇ ਹੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ।

**ਸਨਮਾਨ ਸਮਾਰੋਹ 'ਚ ਵਰਲਡ ਰਿਕਾਰਡ ਟੀਮ ਪਹੁੰਚੀ**

ਅੰਤਰ ਰਾਸ਼ਟਰੀ ਪ੍ਰਮਾਣੀਕਰਣ ਦੁਆਰਾ ਰਿਕਾਰਡਾਂ ਵਿੱਚ ਪ੍ਰਤਿਭਾ ਅਤੇ ਯੋਗਤਾਵਾਂ ਦੀ ਸਮਰੱਥਾ ਨੂੰ ਪਰਖਣ ਵਾਲੀ ਅਤੇ ਸ਼ਾਨਦਾਰ ਯੋਗਦਾਨ ਪਹੁੰਚ ਵਾਲੀਆਂ ਸ਼ਖਸ਼ੀਅਤਾਂ ਦੇ ਨਾਵਾਂ ਨੂੰ ਸਮੂਹਿਤ ਕਰਨ ਵਾਲੀ ਅਤੇ ਮਨੁੱਖਤਾ ਤੇ ਵਿਸ਼ਵ ਸ਼ਾਂਤੀ ਲਈ ਮਦਦ ਕਰਨ ਵਾਲੀਆਂ ਸ਼ਖਸ਼ੀਅਤਾਂ ਨੂੰ ਵਰਲਡ ਬੁੱਕ ਰਿਕਾਰਡ ਲੰਡਨ ਦੀ ਟੀਮ ਦੇ ਭਾਰਤੀ ਪ੍ਰਤੀਨਿਧ ਜਸਵੀਰ ਸਿੰਘ ਸ਼ੀਰਾ ਨੇ ਇਸ ਸਮਾਰੋਹ ਵਿੱਚ ਸ਼ਿਰਕਤ ਕਰਕੇ ਸ੍ਰੀ ਰਣਜੀਤ ਔਜਲਾ ਨੂੰ ਸਰਟੀਫਿਕੇਟ ਅਤੇ ਸਨਮਾਨ ਵਜੋਂ ਲੋਈ ਭੇਂਟ ਕੀਤੀ ਅਤੇ ਵਿਸ਼ੇਸ਼ ਸਨਮਾਨ ਵਜੋਂ ਵਰਲਡ ਬੁੱਕ ਦੀ ਟੀਮ ਵਲੋਂ ਮਨੀਸ਼ਾ ਕਲਿਆਣ ਦੀ ਮਾਤਾ ਨੂੰ ਲੋਈ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਰਲਡ ਬੁੱਕ ਰਿਕਾਰਡ ਵਲੋਂ ਲੰਡਨ ਤੋਂ ਜਾਰੀ ਪ੍ਰੈਸ ਨੋਟ ਵੀ ਜਾਰੀ ਕੀਤਾ ਗਿਆ।

**ਰਣਜੀਤ ਔਜਲਾ ਨੂੰ ਯੂ.ਐਨ.ਓ. ਵਲੋਂ ਸੱਦਾ**

ਭਾਰਤ, ਏਸ਼ੀਆ, ਇੰਗਲੈਂਡ ਦਾ ਰਿਕਾਰਡ ਤੋੜਨ ਤੋਂ ਬਾਅਦ ਵਰਲਡ ਰਿਕਾਰਡ ਬੁੱਕ ਲੰਡਨ ਵਿੱਚ ਇੱਕ ਮਿੰਟ ਵਿੱਚ 290 ਵਾਰ, ਇੱਕ ਕੁਇੰਟਲ 20 ਕਿੱਲੋ ਭਾਰ ਦੇ ਬਾਵਜੂਦ 290 ਵਾਰ ਰੱਸੀ ਕੁੱਦਕੇ ਵਿਸ਼ਵ ਰਿਕਾਰਡ ਬਣਾਉਣ ਵਾਲੇ ਰਣਜੀਤ ਔਜਲਾ ਨੂੰ ਵਰਲਡ ਯੂਥ ਮਾਡਲ ਯੂਨਾਇਟਡ ਨੇਸ਼ਨਜ ਨੇ 12-15 ਨਵੰਬਰ 2021 ਨੂੰ ਤੁਰਕੀ ਦੇ ਸ਼ਹਿਰ ਇੰਸਤਾਬੁੱਲ ਵਿੱਚ ਪੁੱਲਮੈਨ ਇੰਸਤਾਬੁੱਲ ਹੋਟਲ ਅਤੇ ਕਨਵੈਨਸ਼ਨ ਸੈਂਟਰ ਵਿਖੇ ਸ਼ਾਮਿਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ ਹੈ।

ਜੋ ਕਿ ਸਾਡੇ ਪੰਜਾਬ ਤੇ ਭਾਰਤ ਦੇ ਨੌਜਵਾਨਾਂ ਲਈ ਬੜੀ ਮਾਣ ਵਾਲੀ ਗੱਲ ਹੈ। ਇਸੇ ਤਰ੍ਹਾਂ ਗਲੋਬਲ ਗਲੋਰੀਅਸ ਅਵਾਰਡ 2021 (ਯੂ.ਪੀ. ਗੌਰਮੈਂਟ ਮਾਨਤਾ ਪ੍ਰਾਪਤ) ਲਈ ਵੀ ਸੱਦਾ ਪੱਤਰ ਭੇਜਿਆ ਗਿਆ।

## ਸਿਰਫ ਇਕ ਰਿਕਾਰਡ ਬਾਕੀ

ਵਰਲਡ ਰਿਕਾਰਡ ਬੁੱਕ ਲੰਡਨ ਤੋਂ ਬਾਅਦ ਦੁਨੀਆਂ ਭਰ ਵਿਚ ਗਿਨੀਜ਼ ਵਰਲਗ ਰਿਕਾਰਡ ਵਿਚ ਨਾਮ ਦਰਜ ਕਰਵਾਉਣ ਲਈ ਇੱਕ ਹਜ਼ਾਰ ਡਾਲਰ ਜ਼ਿਊਰੀ ਫੀਸ ਹੈ। ਇਸ ਲਈ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਦੇ ਪ੍ਰਧਾਨ ਸੰਤਖ ਸਿੰਘ ਜੱਸੀ ਨੇ ਸਮੂਹ ਦਾਨੀ ਸੱਜਣਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

**ਵਰਲਡ ਰਿਕਾਰਡ ਬਣਾਉਣ ਲਈ ਕਿੱਦਾਂ ਹੋਈ ਮਦਦ**

ਇੱਕ ਪੇਂਡੂ ਅਤੇ ਦਲਿਤ ਪਰਿਵਾਰ 'ਚ ਪੈਦਾ ਹੋਈ ਭਾਰਤੀ ਵਿਵਸਥਾ ਤੇ ਜਿੱਥੇ ਪੈਰ ਪੈਰ ਤੇ ਚੁਣੌਤੀਆਂ ਤੇ ਸਾਹਮਣਾ ਕਰਨਾ ਪੈਂਦਾ ਆ ਰਿਹਾ ਹੈ, ਉੱਥੇ ਭਾਵੇਂ ਕਿ ਲੱਖਾਂ ਲੋਕ ਪੈਸੇ, ਸੋਹਰਤ ਅਤੇ ਸਾਧਨਾਂ ਦੀ ਕੋਈ ਕਮੀ ਨਹੀਂ ਪਰ ਮੈਦਾਨ ਵਿੱਚ ਨਿਤਰਦਾ ਕੋਈ ਕੋਈ ਹੈ। ਜਦੋਂ ਜਾਣਕਾਰੀ ਮਿਲੀ ਕਿ ਵਰਲਡ ਬੁੱਕ ਦੀ ਐਂਟਰੀ ਫੀਸ 50,000/- ਰੁਪਏ ਹੈ ਤਾਂ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਦੇ ਪ੍ਰਧਾਨ ਸੰਤਖ ਸਿੰਘ ਜੱਸੀ ਨੇ ਤੁਰੰਤ ਸਮਾਜ ਦੇ ਸ਼ੁੱਭ ਚਿੰਤਕਾਂ ਨਾਲ ਇਸ ਚੁਣੌਤੀ ਨੂੰ ਕਬੂਲਣ ਲਈ ਸਹਿਯੋਗ ਦੀ ਮੰਗ ਕੀਤੀ ਤਾਂ ਗੁਰਨਾਮ ਸਿੰਘ ਯੂ.ਐਸ.ਏ ਨੇ ਤੁਰੰਤ ਮਦਦ ਲਈ ਅੱਗੇ ਆਵੇ ਜਿਸ ਕਾਰਨ ਇਹ ਸਫਲ ਹੋਣ ਤੇ ਵਰਲਡ ਰਿਕਾਰਡ ਬਣ ਸਕਿਆ। ਦੂਜੇ ਪਾਸੇ ਮਨੀਸ਼ਾ ਕਲਿਆਣ ਦੀ ਪ੍ਰਤਿਭਾ ਅਤੇ ਹੌਂਸਲਾ ਜਦੋਂ ਦੇਖਿਆ ਕਿ ਇੱਕ ਅੱਤ ਗਰੀਬ ਘਰ ਦੀ ਲੜਕੀ ਐਨੀ ਵਧੀਆ ਤਕਨੀਕ ਨਾਲ ਭਾਰਤੀ ਫੁੱਟਬਾਲ ਟੀਮ ਦੀ ਬੈਸਟ ਪਲੇਅਰ ਹੈ ਕਿਉਂ ਨਾ ਉਸਦੀ ਮਦਦ ਲਈ ਉਪਰਾਲੇ ਕੀਤੇ ਜਾਣ ਤਾਂ ਫਿਰ ਗੁਰਨਾਮ ਸਿੰਘ ਯੂ.ਐਸ.ਏ ਅਤੇ ਦੇਸ਼ ਦੁਆਬਾ ਅਤੇ ਅੰਬੇਡਕਰ ਟਾਇਮਜ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਨਮਾਨ ਸਮਾਰੋਹ ਕਰਕੇ ਇਹਨਾਂ ਹੋਣਹਾਰ ਖਿਡਾਰੀਆਂ ਦੀ ਮਾਲੀ ਮਦਦ ਦਾ ਹੋਰ ਵੀ ਭਰੋਸਾ ਦੁਆਇਆ। ਬੁਲਾਰਿਆਂ ਨੇ ਕਿਹਾ ਕਿ ਦੋਨਾਂ ਖਿਡਾਰੀਆਂ ਨੇ ਤੇ ਹੋਰ ਵੀ ਵੱਖ ਵੱਖ ਖੇਤਰਾਂ ਵਿੱਚ ਨਾਮਵਾਰ ਕੰਮ ਕਰਕੇ ਜਿੱਥੇ ਪੰਜਾਬ, ਭਾਰਤ ਅਤੇ ਯੂ.ਐਨ.ਓ ਤੱਕ ਪ੍ਰਾਪਤੀਆਂ ਕੀਤੀਆਂ ਨੂੰ ਵੀ ਸਨਮਾਨਿਤ ਕਰਕੇ ਸਮਾਜ ਨੂੰ ਇੱਕ ਨਵੀਂ ਸੇਧ ਦੇਣ ਦਾ ਯਤਨ ਕੀਤਾ ਹੈ। ਸਮਾਂ ਤੇ ਹਲਾਤ ਮੰਗ ਕਰਦੇ ਹਨ ਕਿ ਐਨ.ਆਰ.ਆਈ ਵੀਰ ਤੇ ਆਰਥਿਕ ਪੱਖੋਂ ਖੁਸ਼ਹਾਲ ਲੋਕ ਆਪਣੇ ਆਪਣੇ ਪਿੰਡਾਂ ਤੇ ਸ਼ਹਿਰਾਂ ਵਿੱਚ ਹੋਣਹਾਰ ਨੌਜਵਾਨ ਚਾਹੇ ਉਹ ਕਿਸੇ ਵੀ ਖੇਤਰ ਵਿੱਚ ਅੱਗੇ ਵਧਣ ਵਿੱਚ ਯਤਨਸ਼ੀਲ ਹਨ ਦੀ ਮਦਦ ਕਰਕੇ ਉਹਨਾਂ ਦਾ ਹੌਂਸਲਾ ਅਫਜਾਈ ਕਰਕੇ ਆਪਣੇ ਨੈਤਿਕ ਫਰਜ ਨਿਭਾਏ ਜਾਣ। ਸੰਸਥਾ ਵਲੋਂ ਮਨੀਸ਼ਾ ਦੇ ਖਾਤੇ ਹਰ ਮਹੀਨੇ 5 ਹਜਾਰ ਰੁਪਏ ਉਹਨਾਂ ਦੀਆਂ ਲੋੜਾਂ ਲਈ ਭੇਜਿਆ ਜਾਵੇਗਾ ਅਤੇ ਘਰ ਦੇ ਹਲਾਤ ਸੁਧਾਰਨ ਲਈ ਯਤਨ ਜਾਰੀ ਰਹਿਣਗੇ।

# ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋ ਕੇ ਸੰਤ ਨਿਰੰਜਣ ਦਾਸ ਤੋਂ ਅਸ਼ੀਰਵਾਦ ਕੀਤਾ ਪ੍ਰਾਪਤ

ਫਗਵਾੜਾ 22 ਸਤੰਬਰ (ਬੀ.ਕੇ.ਰੱਤੂ) ਪੰਜਾਬ ਦੇ ਨਵ ਨਿਯੁਕਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋ ਕੇ ਡੇਰੇ ਦੇ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਮੁੱਖਮੰਤਰੀ ਦੇ ਨਾਲ ਡਿਪਟੀ ਸੀ.ਐਮ. ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਕੈਬਿਨੇਟ ਮੰਤਰੀ ਮਹਿੰਦਰ ਸਿੰਘ ਕੇ.ਪੀ. ਪੀ.ਪੀ.ਸੀ.ਸੀ. ਦੇ ਨਵ ਨਿਯੁਕਤ ਜਨਰਲ ਸਕੱਤਰ ਪਰਗਟ ਸਿੰਘ ਵਿਧਾਇਕ, ਸਾਬਕਾ ਕੈਬਿਨੇਟ ਮੰਤਰੀ ਅਤੇ ਪੰਜਾਬ ਐਗਰੋ ਇੰਡਸਟ੍ਰੀਜ ਕਾਰਪੋਰੇਸ਼ਨ ਦੇ ਮੋਜੂਦਾ ਚੇਅਰਮੈਨ ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਜਿਲ੍ਹਾ ਕਪੂਰਥਲਾ ਯੂਥ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਰਨੂਰ ਸਿੰਘ ਹਰਜੀ ਮਾਨ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਸਮੁੱਚੇ ਪੰਜਾਬ ਦੇ ਅਨੁਸੂਚਿਤ ਜਾਤੀ ਸਮਾਜ ਲਈ



ਚਰਨਜੀਤ ਸਿੰਘ ਚੰਨੀ ਦਾ ਮੁੱਖ ਮੰਤਰੀ ਬਣਨਾ ਬੜੇ ਮਾਣ ਵਾਲੀ ਗੱਲ ਹੈ। ਹਰ ਪੰਜਾਬੀ ਨੇ ਉਹਨਾਂ ਦੀ ਤਾਜਪੋਸ਼ੀ ਦਾ ਨਿੱਘਾ ਸਵਾਗਤ ਕੀਤਾ ਹੈ। ਕਾਂਗਰਸ ਪਾਰਟੀ ਦੇ ਹਰੇਕ ਵਰਕਰ ਵਿਚ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਨਵਾਂ ਜੋਸ਼ ਭਰਿਆ ਹੈ। ਵਰਕਰਾਂ ਦਾ ਉਤਸ਼ਾਹ ਤੇ ਪੰਜਾਬੀਆਂ ਦਾ ਬਤੌਰ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਨੂੰ ਮਿਲ ਰਿਹਾ ਸਮਰਥਨ ਦਸਦਾ ਹੈ ਕਿ ਪੰਜਾਬ ਵਿਚ 2022 ਦੀਆਂ ਵਿਧਾਨਸਭਾ ਚੋਣਾਂ ਤੋਂ ਬਾਅਦ ਇਕ ਵਾਰ ਫਿਰ ਕਾਂਗਰਸ ਪਾਰਟੀ ਸੱਤਾ ਵਿਚ ਕਾਬਿਜ ਹੋ ਕੇ ਨਵਾਂ ਇਤਿਹਾਸ ਸਿਰਜਣ ਜਾ ਰਹੀ ਹੈ। ਮੁੱਖ ਮੰਤਰੀ ਚਰਨਜੀਤ ਚੰਨੀ ਨਾਲ ਜੋਗਿੰਦਰ ਸਿੰਘ ਮਾਨ ਦੀ ਅੱਜ ਦੀ ਨੇੜਤਾ ਨੇ ਫਗਵਾੜਾ ਦੇ ਸਿਆਸੀ ਹਲਕਿਆਂ 'ਚ ਕਈ ਤਰ੍ਹਾਂ ਦੀਆਂ ਨਵੀਂਆਂ ਚਰਚਾਵਾਂ ਨੂੰ ਹਵਾ ਦੇ ਦਿੱਤੀ ਹੈ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਮੰਗ

ਅੰਮ੍ਰਿਤਸਰ - ਅੰਮ੍ਰਿਤਸਰ ਵਿਕਾਸ ਮੰਚ ਨੇ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਮੰਗ ਕੀਤੀ ਹੈ।ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਸੋਸ਼ਲ ਮੀਡਿਆ 'ਤੇ ਅੰਮ੍ਰਿਤਸਰ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਬਾਹਰ ਇਕ ਮੁੱਖ -ਮੰਤਰੀ ਦੀ ਤਸਵੀਰ ਵਾਲੀ ਹਿੰਦੀ ਵਿਚ ਲਿਖਤ ਲੱਗੀ ਹੈ ਜਿਸ ਦਾ ਸਿਰਲੇਖ ਹੈ ਪੰਜਾਬ ਕੇ ਲੋਗੋਂ ਕੇ ਕਲਿਆਣ ਹੇਤੂ , ਜੋ ਕਿ ਪੰਜਾਬੀ ਰਾਜ ਭਾਸ਼ਾ ਐਕਟ ਦੇ ਵਿਰੁੱਧ ਹੈ । ਐਕਟ ਅਨੁਸਾਰ ਪੰਜਾਬੀ ਭਾਸ਼ਾ ਸਭ

ਤੋਂ ਉਪਰ ਆਏਗੀ ਤੇ ਹਿੰਦੀ ਉਸ ਦੇ ਹੇਠਾਂ ਆਵੇਗੀ। ਇਸ ਵਿਚ ਪੰਜਾਬੀ ਭਾਸ਼ਾ ਵਰਤੀ ਹੀ ਨਹੀਂ ਗਈ ਜੋ ਕਿ ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਹੈ।

ਭਾਸ਼ਾ ਦੇ ਆਧਾਰ 'ਤੇ ਸੂਬੇ ਬਨਾਉਣੇ ਭਾਰਤੀ ਸਵਿਧਾਨ ਵਿਚ ਦਰਜ ਸੀ ਪਰ ਸਮੇਂ ਦੀਆਂ ਸਰਕਾਰਾਂ ਨੇ ਅਜਿਹਾ ਨਾ ਕੀਤਾ ।ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬਾ ਬਨਾਉਣ ਲਈ ਅਕਾਲੀਆਂ ਨੇ ਮੋਰਚਾ ਲਾਇਆ । ਲੱਖਾਂ ਲੋਕ




ਜੇਲਾਂ ਵਿਚ ਗਏ । ਏਨੀਆਂ ਕੁਰਬਾਨੀਆਂ ਦੇਣ ਦੇ ਬਾਦ ਬਣੀ ਜਸਟਿਸ ਸ. ਗੁਰਨਾਮ ਸਿੰਘ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਨਾ ਬਣਾਇਆ। ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦਾ ਮਾਣ ਉਨ੍ਹਾਂ ਤੋਂ ਪਿੱਛੋਂ ਬਣੀ ਸ. ਲਛਮਣ ਸਿੰਘ ਗਿੱਲ ਦੀ ਅਗਵਾਈ ਵਾਲੀ ਸਰਕਾਰ ਨੂੰ ਜਾਂਦਾ ਹੈ। ਇਹ ਸਰਕਾਰ ਛੇਤੀ ਟੁਟ ਗਈ । ਜੇ ਉਹ ਸਰਕਾਰ ਪੂਰਾ ਸਮਾਂ ਰਹਿੰਦੀ ਤਾਂ ਉਨ੍ਹਾਂ ਨੇ ਪੰਜਾਬ ਤੇ ਪੰਜਾਬੀ ਬਹੁਤ ਕੁਝ ਕਰ ਜਾਣਾ ਸੀ।

ਉਨ੍ਹਾਂ ਤੋਂ ਪਿੱਛੋਂ ਬਣੀਆਂ ਸਰਕਾਰਾਂ ਨੇ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ।ਪੰਜਾਬੀ ਭਾਸ਼ਾ ਅਦਾਲਤਾਂ ਦੀ ਭਾਸ਼ਾ ਚਾਹੀਦੀ ਹੈ ਜੋ ਨਹੀ ਹੈ। ਹਾਈ ਕੋਰਟ ਸਮੇਤ ਸਾਰੀਆਂ ਅਦਾਲਤਾਂ ਦਾ ਕੰਮ ਪੰਜਾਬੀ ਵਿਚ ਚਾਹੀਦਾ ਹੈ ਜਿਵੇਂ ਬੰਗਾਲ ਤੇ ਹੋਰਨਾਂ ਸੂਬਿਆਂ ਵਿਚ ਹੈ।ਸਾਰਾ ਚਿੱਠੀ ਪੱਤਰ ਪੰਜਾਬੀ ਵਿਚ ਚਾਹੀਦਾ ਹੇ ਲੇਕਿਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਹੁਤਾ ਪੱਤਰ ਵਿਹਾਰ ਅੰਗਰਜ਼ੀ ਵਿਚ ਕਰਦੀ ਰਹੀ ਹੈ।ਪੰਜਾਬੀ ਹੋਣ ਦੇ ਬਾਵਜੂਦ ਕਈ ਵਿਧਾਇਕ ਹਿੰਦੀ ਤੇ ਅੰਗਰੇਜ਼ੀ ਵਿਚ ਸਹੁੰ ਚੁੱਕਦੇ ਹਨ। ਇਸ ਤੋਂ ਸਾਡੇ ਸਿਆਸਤਦਾਨਾਂ ਦੀ ਗ਼ੁਲਾਮ ਮਾਨਿਸਕਤਾ ਦਾ ਪਤਾ ਚਲਦਾ ਹੈ। ਸ਼ ਲੱਛਮਣ ਸਿੰਘ ਗਿੱਲ ਸਮੇਂ ਜੇ ਕੋਈ ਅਧਿਕਾਰੀ ਫਾਇਲ ਉਤੇ ਅੰਗਰਜ਼ੀ ਵਿਚ ਨੋਟਿੰਗ ਲ਼ਿੱਖ ਲਿਆਉਂਦਾ ਸੀ ਤਾਂ ਕਿਹਾ ਜਾਂਦਾ ਹੈ ਕਿ ਉਹ ਫਾਇਲ ਭੁਆਂ ਕੇ ਮਾਰਦੇ ਸਨ। ਇਸ ਐਕਟ ਵਿਚ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਜੇ ਕੋਈ ਪੰਜਾਬੀ ਵਿਚ ਕੰਮ ਨਹੀਂ ਕਰਦਾ ਤਾਂ ਉਸ ਨੂੰ ਸਜ਼ਾ ਦੀ ਵਿਵਸਥਾ ਨਹੀਂ। ਇਸ ਲਈ ਮੰਚ ਆਗੂਆਂ ਨੇ ਮੰਗ ਕੀਤੀ ਹੈ ਕਿ ਮੌਜੂਦਾ ਸਰਕਾਰ ਵੀ ਸ. ਲਛਮਣ ਸਿੰਘ ਗਿੱਲ ਦੀ ਭਾਵਨਾ ਨਾਲ ਕੰਮ ਕਰੇ।ਅੱਗੇ ਤੋਂ ਸਾਰਾ ਅਦਾਲਤੀ ਕੰਮ ਕਾਜ ਹਾਈ ਕੋਰਟ ਸਮੇਤ ਪੰਜਾਬੀ ਵਿਚ ਕਰਨਾ ਯਕੀਨੀ ਬਣਾਇਆ ਜਾਵੇ। ਪੰਜਾਬੀ ਵਿਚ ਕੰਮ ਨਾ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਦਾ ਕਾਨੂੰਨ ਬਣਾਇਆ ਜਾਵੇ।ਵਿਧਾਇਕਾਂ ਵੱਲੋਂ ਕੇਵਲ ਪੰਜਾਬੀ ਵਿਚ ਸਹੁੰ ਚੁਕਣਾ ਯਕੀਨੀ ਬਨਾਉਣ ਲਈ ਕਾਨੂੰਨ ਬਣਾਇਆ ਜਾਵੇ।ਮੌਜੂਦਾ ਤਖ਼ਤੀ ਕੇਵਲ ਹਿੰਦੀ ਵਿਚ ਲਿਖਣ ਵਾਲੇ ਅਧਿਕਾਰੀ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।


# ਨਿਊਜਰਸੀ ਦੇ ਪੁਲਿਸ ਅਧਿਕਾਰੀ ਨੇ ਦੂਜੀ ਮੰਜਿਲ ਤੋਂ ਸੁੱਟੇ 1 ਮਹੀਨੇ ਦੇ ਬੱਚੇ ਦੀ ਜਾਨ ਬਚਾਈ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਨਿਊਜਰਸੀ ਦੇ ਪੁਲਿਸ ਵਿਭਾਗ ਅਤੇ ਇੱਕ ਅਧਿਕਾਰੀ ਦੀ ਪ੍ਰਸੰਸਾ ਹੋ ਰਹੀ ਹੈ, ਕਿਉਂਕਿ ਇਸ ਅਧਿਕਾਰੀ ਨੇ ਸ਼ਨੀਵਾਰ ਨੂੰ ਇੱਕ ਨਵਜੰਮੇ 1ਮਹੀਨੇ ਦੇ ਬੱਚੇ ਨੂੰ ਬੁੱਚ ਕੇ ਉਸਦੀ ਜਾਨ ਬਚਾਈ, ਜਿਸਨੂੰ ਇੱਕ ਵਿਅਕਤੀ ਦੁਆਰਾ ਇੱਕ ਇਮਾਰਤ ਦੀ ਦੂਜੀ ਮੰਜਿਲ ਦੀ ਬਾਲਕੋਨੀ ਤੋਂ ਹੇਠਾਂ ਸੁੱਟ ਦਿੱਤਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਰਸੀ ਸਿਟੀ ਦੇ ਮੇਅਰ ਸਟੀਵਨ ਫੁਲੋਪ ਨੇ ਕਿਹਾ ਕਿ ਨਵਜਾਤ ਬੱਚੇ ਨੂੰ ਇਸ ਹਾਦਸੇ ਦੌਰਾਨ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਿਆ।

ਆਪਣੀ ਇੱਕ ਇੰਸਟਾਗ੍ਰਾਮ ਪੋਸਟ ਵਿੱਚ, ਫੁਲੋਪ ਨੇ ਇਸ ਅਧਿਕਾਰੀ ਐਡੁਆਰਡੋ ਮਾਟੂਟੇ ਦਾ ਧੰਨਵਾਦ ਕੀਤਾ, ਅਤੇ ਉਸਦੀ ਇੱਕ ਫੋਟੋ ਅਪਲੋਡ ਕੀਤੀ ਜਿਸ ਵਿੱਚ ਉਸਨੇ ਬੱਚੇ




ਨੂੰ ਫੜਿਆ ਹੋਇਆ ਹੈ। ਅਧਿਕ-ਾਰੀਆਂ ਅਨੁਸਾਰ ਇਹ ਘਟਨਾ ਸ਼ਨੀਵਾਰ ਸਵੇਰੇ ਜਰਸੀ ਸਿਟੀ ਵਿੱਚ ਹੋਈ, ਜਿਸ ਵਿੱਚ ਪੁਲਿਸ ਨੂੰ ਸੂਚਨਾ ਮਿਲੀ ਕਿ ਇੱਕ ਅਣਪਛਾਤਾ ਵਿਅਕਤੀ ਨਵਜੰਮੇ ਬੱਚੇ ਨੂੰ ਬਾਲਕੋਨੀ ਉੱਤੇ ਲਟਕਾ ਰਿਹਾ ਸੀ। ਕਾਰਵਾਈ ਕਰਦਿਆਂ ਅਧਿਕਾਰੀਆਂ ਨੇ ਉਸ ਆਦਮੀ ਨਾਲ ਗੱਲਬਾਤ ਕੀਤੀ ਅਤੇ ਇੱਕ ਘੇਰਾ ਸਥਾਪਤ ਕੀਤਾ। ਇਸੇ ਦੌਰਾਨ ਵਿਅਕਤੀ ਨੇ ਬੱਚੇ ਨੂੰ ਸੁੱਟ ਦਿੱਤਾ, ਪਰ ਇਸ ਅਧਿਕਾਰੀ ਵੱਲੋਂ ਬੱਚੇ ਨੂੰ ਹੇਠਾਂ ਡਿੱਗਣ ਤੋਂ ਪਹਿਲਾਂ ਫੜ ਲਿਆ ਗਿਆ। ਬੱਚੇ ਨੂੰ ਸੁੱਟਣ ਤੋਂ ਬਾਅਦ ਉਸ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ।

# 'ਦਲਿਤ' ਸ਼ਬਦ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ- ਕਮਿਸ਼ਨ

**ਚੰਡੀਗੜ੍ਹ–** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ 'ਦਲਿਤ' ਸ਼ਬਦ ਦੀ ਵਰਤੋਂ ਕੀਤੇ ਜਾਣ ਦਾ ਨੋਟਿਸ ਲੈਂਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਚੇਅਰਪਰਸਨ ਤਜਿੰਦਰ ਕੌਰ ਨੇ ਮੰਗਲਵਾਰ ਨੂੰ ਹਦਾਇਤ ਕੀਤੀ ਕਿ ਸੋਸ਼ਲ ਮੀਡੀਆ ਪੇਜਾਂ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ 'ਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਿਸੇ ਵੀ ਵਿਅਕਤੀ ਦੀ ਪਛਾਣ ਨੂੰ ਦਰਸਾਉਣ ਲਈ 'ਦਲਿਤ' ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ। ਤਜਿੰਦਰ ਕੌਰ ਨੇ ਕਿਹਾ ਕਿ 'ਸੰਵਿਧਾਨ ਜਾਂ ਕਿਸੇ ਵਿਧਾਨ 'ਚ 'ਦਲਿਤ' ਸ਼ਬਦ ਦਾ ਜ਼ਿਕਰ ਨਹੀਂ ਮਿਲਦਾ ਤੇ ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਨੇ ਪਹਿਲਾਂ ਹੀ ਰਾਜ ਸਰਕਾਰਾਂ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੇ ਸਾਰੇ ਮੁੱਖ ਸਕੱਤਰਾਂ ਨੂੰ ਇਸ ਬਾਰੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ।

# ਵਰਜੀਨੀਆ ਹਾਈ ਸਕੂਲ 'ਚ ਹੋਈ ਗੋਲੀਬਾਰੀ ਨਾਲ 2 ਵਿਦਿਆਰਥੀ ਹੋਏ ਜ਼ਖਮੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਫਰਿਜ਼ਨੋ (ਕੈਲੀਫੋਰਨੀਆ)– ਅਮਰੀਕਾ ਦੇ ਸਕੂਲਾਂ ਵਿੱਚ ਵਿਅਕਤੀਗਤ ਕਲਾਸਾਂ ਸ਼ੁਰੂ ਹੋਣ ਦੇ ਬਾਅਦ ਗੋਲੀਬਾਰੀ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਇਸ ਦੀ ਇੱਕ ਨਵੀਂ ਘਟਨਾ ਵਿੱਚ ਵਰਜੀਨੀਆਂ ਦੇ ਇੱਕ ਸਕੂਲ ਵਿੱਚ ਸੋਮਵਾਰ ਨੂੰ ਹੋਈ ਗੋਲੀਬਾਰੀ ਨਾਲ ਸਕੂਲ ਦੇ ਦੋ ਵਿਦਿਆਰਥੀਆਂ ਦੇ ਜਖਮੀ ਹੋਣ ਦੀ ਘਟਨਾ ਵਾਪਰੀ ਹੈ। ਇਸ ਸਬੰਧੀ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਕਾਰੀਆਂ ਨੇ ਦੱਸਿਆ ਕਿ ਵਰਜੀਨੀਆ ਦ ਨਿਊਪੋਰਟ ਨਿਊਜ਼ ਦੇ ਹੈਰੀਟੇਜ ਹਾਈ ਸਕੂਲ ਵਿੱਚ ਗੋਲੀਬਾਰੀ ਦੀ ਇਹ ਘਟਨਾ ਵਾਪਰੀ। ਇਸ ਨਾਲ ਦੋ ਵਿਦਿਆਰਥੀ ਜਖਮੀ ਹੋਏ ਅਤੇ ਗੋਲੀਬਾਰੀ ਤੋਂ ਕੁੱਝ ਘੰਟਿਆਂ ਬਾਅਦ, ਪੁਲਿਸ ਨੇ ਇੱਕ ਨਬਾਲਗ ਨੂੰ ਹਿਰਾਸਤ ਵਿੱਚ ਲਿਆ। ਪੁਲਿਸ ਮੁਖੀ ਅਨੁਸਾਰ ਜਖਮੀ ਹੋਏ ਦੋ ਪੀੜਤਾਂ ਦੀ ਉਮਰ 17 ਸਾਲ ਹੈ। ਇਹਨਾਂ ਵਿੱਚੋਂ ਇੱਕ ਪੁਰਸ਼ ਵਿਦਿਆਰਥੀ ਦੇ ਚਿਹਰੇ



ਦੇ ਇੱਕ ਪਾਸੇ ਗੋਲੀ ਅਤੇ ਇੱਕ ਮਹਿਲਾ ਵਿਦਿਆਰਥੀ ਦੀ ਲੱਤ ਵਿੱਚ ਗੋਲੀ ਲੱਗੀ । ਇਸ ਗੋਲੀਬਾਰੀ ਕਰਕੇ ਘੱਟੋ ਘੱਟ ਚਾਰ ਵਿਦਿਆਰਥੀਆਂ ਨੂੰ ਖੇਤਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ, ਪਰ ਸਿਰਫ ਦੋ ਨੂੰ ਹੀ ਗੋਲੀ ਲੱਗੀ ਸੀ। ਪੁਲਿਸ ਦਾ ਮੰਨਣਾ ਹੈ ਕਿ ਹਮਲਾਵਰ ਅਤੇ ਪੀੜਤ ਵਿਦਿਆਰਥੀ ਇੱਕ ਦੂਜੇ ਨੂੰ ਜਾਣਦੇ ਸਨ ਅਤੇ ਗੋਲੀਬਾਰੀ ਦੀ ਵਜ੍ਹਾ ਕਿਸੇ ਕਿਸਮ ਦੇ ਝਗੜੇ ਨੂੰ ਮੰਨਿਆ ਜਾ ਰਿਹਾ ਹੈ। ਪੁਲਿਸ ਵੱਲੋਂ ਇਸ ਗੋਲੀਬਾਰੀ ਦੇ ਸਬੰਧ ਵਿੱਚ ਅਗਲੀ ਜਾਂਚ ਸ਼ੁਰੂ ਕੀਤੀ ਗਈ ਹੈ।








ਸ੍ਰੀ ਦੀਨਾ ਭਾਨਾ ਜੀ ਦਾ ਪ੍ਰੀਨਿਰਵਾਣ ਦਿਵਸ ਅੰਮ੍ਰਿਤਸਰ ਵਿਖੇ ਭਾਰਤੀ ਬੋਧ ਨਿਰਮਾਣ ਟਰੱਸਟ ਭਾਰਤ ਅੰਬੇਡਕਰ ਮਹਾਂਸੰਘ ਦੁਆਰਾ ਮਨਾਇਆ ਗਿਆ। ਪ੍ਰੋਗਰਾਮ ਦੀਆਂ ਕੁਝ ਤਸਵੀਰਾਂ।

# ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜੀਵਨ ਅਤੇ ਮੌਤ ਦੋਵੇਂ ਅਟੱਲ ਸਚਾਈਆਂ ਹਨ। ਮੌਤ ਇਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ, ਪਰ ਜੋ ਬੁਲੰਦੀਆਂ ’ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ। ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਵਿਚ ਸਿਰਫ 24 ਸਾਲ ਦੀ ਉਮਰ ਵਿਚ ਤੁਰ ਗਿਆ ਜਦੋਂ ਕਿ ਉਸਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ ’ਤੇ ਸੀ। ਅਜੇ ਉਸਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ, ਵੱਡੀ ਯਾਦਗਾਰ ਬਣਾਉਂਦਾ ਹੈ ਜਿਵੇਂ ਸ਼ਾਹਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ-ਪੱਕੀ ਸਮਾਧ ਬਣਾਉਂਦਾ ਹੈ, ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ, ਲੰਗਰ ਲਗਾ ਦਿੰਦਾ। ਆਪਣੀ ਯਥਾ-ਸ਼ਕਤੀ ਅਨੁਸਾਰ ਦਾਸ ਕਰ ਦਿੰਦਾ ਹੈ। ਪਰ ਜਜ਼ਬਾ ਦੋਵਾਂ ਦਾ ਬਰਾਬਰ ਹੈ। ਦੋਵਾਂ ਨ ਯਾਦਗਾਰ ਦਿਲ ਵਿਚ ਬਣਾਈ ਹੈ। ਮੈਂ ਆਪਣੀ ਧੀ ’ਗਿੰਨੀ’ ਦੀ ਯਾਦ ਵਿਚ ਜਿਸਦੀ ਉਮਰ 13 ਸਾਲ ਦੀ ਸੀ ਕਿ ਉਸਦੀ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ। ਗਿੰਨੀ ਸਿਮ੍ਰਤੀ ਗ੍ਰੰਥ ਦੀ ਪੁਸਤਕ ਬਣਾਈ ਜੋ ਇਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ ਮੁਣਸ਼ੀ ਨੂੰ ਜਿੰਦਾ ਰੱਖਦਿਆਂ ਉਸਦੇ ਪਰਿਵਾਰ ਅਤੇ ਉਸਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ, ਜਿਸਨੂੰ ਉਸਦਾ ਛੋਟਾ ਭਰਾ ਸਤਪਾਲ ਸਿੰਘ ਜੋ ਦੁਆਬਾ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

ਗਿੰਨੀ ਸਿਮ੍ਰਤੀ ਗ੍ਰੰਥ ਪੰਜਾਬੀ ਸਾਹਿਤ ਦੇ ਖੇਤਰ ਵਿਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ, ਜੋ ਇਹਨਾਂ ਪਿਆਰਿਆਂ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕ ਪੈ ਸਕਦੀ ਹਨ ਪਰ ਗਿੰਨੀ ਸਿਮ੍ਰਤੀ ਗ੍ਰੰਥ ਦੇ ਅੱਖਰ ਹਮੇਸ਼ਾ ਰੌਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿਚ ਜਿੱਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ, ਮੁਣਸ਼ੀ ਦਾ ਜ਼ਿਕਰ ਜ਼ਰੂਰ ਹੋਵੇਗਾ। ਮੁਣਸ਼ੀ ਦੇ ਜੀਵਨ ਅਤੇ ਉਸਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਣਨਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਵਿਖੇ ਮੁਣਸ਼ੀ ਦਾ ਜਨਮ ਮਾਤਾ ਰੱਖੀ ਅਤੇ ਪਿਤਾ ਮੁਣਸ਼ੀ ਰਾਮ ਦੇ ਘਰ ਹੋਇਆ।

ਜਿਸਦੇ ਬਚਪਨ ਦੇ ਕਦਮ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿਚ ਪੁੱਟਣੇ ਸ਼ੁਰੂ ਹੋਏ। ਸਫਰ ਇੱਥੋਂ ਸ਼ੁਰੂ ਹੋਇਆ। ਉਸਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸਦਾ ਗੇਂਦ ਉਤੇ ਨਿਯੰਤਰਣ, ਪਾਸ ਲੈਣ-ਦੇਣ ਵਿਚ ਨਿਪੁੰਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਈਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨ ਸਦਕਾ ਹੀ ਸਕੂਲੀ ਟੀਮ ਵਿਚ ਖੇਡਦਿਆਂ 1969 ਵਿਚ 16 ਸਾਲ ਦੀ ਉਮਰ ਵਿਚ ਹੀ ਸੂਬੇ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਇੱਥੇ ਹੀ ਸੁਡੌਲ ਮਸਲਦਾਰ ਚੁਸਤ ਸਰੀਰ ਵਾਲਾ ਮੁਣਸ਼ੀ ਸਿੱਖੀ ਸਰੂਪ ਵਿਚ ਆਉਣ ਲੱਗਾ। ਸਾਡੇ ਦੇਖਦਿਆਂ ਉਸਦੇ ਮੈਚ ਖੇਡਦਿਆਂ ਉਸਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪੱਟਿਆਂ ਸਮੇਤ ਖੇਡਿਆ ਉਸਦੇ ਜੂੜੇ ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸਦੀ ਇਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਵੀ ਸਾਨੂੰ ਨਜ਼ਰ ਆਈ।




ਮੁਣਸ਼ੀ ਦੇ ਘਰੇਲੂ ਹਾਲਾਤ ਇੰਨੇ ਚੰਗੇ ਨਹੀਂ ਸਨ ਤਾਂ ਉਸਨੇ ਕਲਕੱਤੇ ਜਾ ਕੇ ਫੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿਚ ਭਾਗ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਸਦੀ ਜਾਦੂਮਈ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰ ਰਾਸ਼ਟਰੀ ਗੋਲਕੀਪਰ ਸਵਰਗੀ ਰਾਜ ਕੁਮਾਰ ਜੀ (ਬਾਊ ਜੀ) ਨੇ ਮੁਣਸ਼ੀ ਨੂੰ 1970 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ- ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ਼੍ਰੀਲੰਕਾ ਵਿਖੇ ਹੋਏ ਹਾਕੀ ਖੇਡ ਮੁਕਾਬਲਿਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸਦੀ ਆਪਣੀ ਵਧੀਆ ਖੇਡ ਦਾ ਲੋਹਾ ਮਨਵਾਇਆ। ਤਦ ਮਹਿਕਮੇ ਨੇ ਉਸਨੂੰ ਸਬ ਇੰ-ਸਪੈਕਟਰ ਦੀ ਤਰੱਕੀ ਦਿੱਤੀ। ਜਿੱਥੇ ਹੁਣ ਉਹ ਹਾਕੀ ਖੇਡ ਜਗਤ ਵਿਚ ਪ੍ਰਸਿੱਧ ਅਤੇ ਹਰਮਨ ਪਿਆਰਾ ਹੋ ਗਿਆ ਸੀ, ਉਥੇ ਉਸਨੇ ਆਪਣੀ ਗਰੀਬੀ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਲੁਕਾ ਲਈ ਸੀ। ਉਸਨੇ ਸੁਹਣੇ ਕੱਪੜੇ ਪਾਉਣੇ ਹਮੇਸ਼ਾ ਬਣ-ਬਣ ਕੇ ਰਹਿਣਾ, ਇਕ ਰੌਅਬਦਾਰ ਸਰਦਾਰ ਵਜੋਂ ਵਿੱਚਰਿਆ। ਗਰੀਬੀ ਦੀਆਂ ਹੰਢਾਈਆਂ ਤੰਗੀਆਂ, ਤੋਂ ਉਹ ਹੁਣ ਬੇਪਰਵਾਹ ਹੋ ਚੁੱਕਾ ਸੀ।

1970 ਵਿਚ 17 ਸਾਲ ਦੀ ਉਮਰ ਵਿਚ ਮੁਣਸ਼ੀ ਬੈਂਕਾਕ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਜਿੱਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀਂ ਡਿੱਠਾ ਹਾਲ ਸੁਣਾਉਣ ਵਾਲੇ ਨੇ ਬੇਬੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿਚ ਏਸ਼ੀਅਨ ਆਲ ਸਟਾਰ ਟੀਮ ਵਿਰੁੱਧ ਖੇਡੇ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਵਿਚ ਹਾਕੀ ਸੰਸਾਰ ਕੱਪ ਲਈ ਉਸਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਜਿੱਥੇ ਉਸਦੇ ਪਿਤਾ ਜੀ ਸੇਵਾਦਾਰ ਸਨ। ਉਹਨਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ-ਰਖਾਉ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿਚ ਹੀ ਆਪਣੇ ਪਿਤਾ ਨਾਲ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਟ ਲਾਇਸ ਤੋਂ ਬਾਹਰ ਜਾਂਦੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ ਗੇਂਦ ਮੈਦਾਨ ਵਿਚ ਫੜਾਉਂਦਾ ਸੀ। ਮੇਰਾ ਹਮ ਉਮਰ ਹੋਣ ਤੇ ਅਸੀਂ ਮਹੀ-ਨਿਆਂ ਵਿਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਨ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਹੁੰਦੀ ਸੀ ਤਾਂ ਅਕੜੇ ਦੀ ਸੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ, ਮੈਂ ਤਾਂ ਸਕੂਲੀ ਪੜ੍ਹਾਈ ਵਿਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਉਸਦਾ ਹੁਨਰ ਉਸ ਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੇ ਸਕੂਲ ਬੋਰਡਾਂ ਵਿਚ ਗੇਂਦ ਸੁੱਟਣੀ ਜਾਂ ਕੰਧ ਉਤੇ ਗੋਲ ਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਯਕੀਨਨ ਗੱਲ ਲਈ ਪ੍ਰਸਿੱਧ ਹੋਇਆ, ਉਸਦਾ ਪਲੈਂਟੀ ਸਟਰੌਕ ਅਜਾਈ ਨਾ ਜਾਂਦਾ। ਸ਼ੁਰੂ ਵਿਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਉਸਨੇ ਵਧੀਆ ਖੇਡਿਆ। ਇਕ ਘਟਨਾ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਣ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ ਦੇ ਦਿਨਾਂ ਵਿਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ, ਜਿਸ ਸਮੇਂ ਉਸਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਮੈਂ ਵੀ ਹਾਕੀ ਦੀ ਟੀਮ ਵਿਚ ਹਿੱਸਾ ਲੈਣਾ ਹੈ। ਉਹਨਾਂ ਕਿਹਾ ਤੇਰੀ ਤਾਂ ਪਿੱਠ ਸੜੀ ਹੋਈ ਹੈ। ਬਾਲ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਮੈਂ ਹੱਥਾਂ ਪੈਰਾਂ ਨਾਲ ਖੇਡਣੀ ਹੈ, ਪਿੱਠ ਨਾਲ ਨਹੀਂ ਤਾਂ ਉਸਨੂੰ ਅਭਿਆਸ ਕਰਨ ਵਿਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿੱਤਾ ਤਾਂ ਇਕੋ ਆਵਾਜ਼ ਵਿਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ। ਹੈਡਮਾਸਟਰ ਸਾਹਿਬ ਵੀ ਕਹਿਣ ਲੱਗਾ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਂ ਨਾਲ ਮੁਣਸ਼ੀ ਜੁੜ ਗਿਆ ਜੋ ਸੰਸਾਰ ਪੱਧਰ ਦੀ ਹਾਕੀ ਵਿਚ ਮਸ਼ਹੂਰ ਹੋ ਗਿਆ। ਉਸਦਾ ਹਾਕੀ ਸੰਸਾਰ ਕੱਪ ਜਿੱਤਿਆ, ਜਿਸ ਵਿਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸ ਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿੱਥੇ ਉਸਨੂੰ ਬੈਸਟ ਸਕੋਅਰ ਅਤੇ ਸਮਾਰਟ ਸ਼ਾਟ ਲਾਜ਼ਮੀ ਗੋਲ ਦੀ ਪ੍ਰਸਿੱਧੀ ਦਿਵਾਈ।

ਆਪਣੀ ਨਿੱਕੀ ਉਮਰ ਵਿਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਕਰਨ ਵਾਲਾ ਹੋਣਹਾਰ ਪ੍ਰਸਿੱਧ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿੱਛੜ ਗਿਆ। ਹੁਣ ਮੁਣਸ਼ੀ ਦੀ ਯਾਦ ਵਿਚ ਉਸਦੇ ਛੋਟੇ ਭਰਾ ਸਤਪਾਲ ਸਿੰਘ ਅਤ ਸਾਥੀਆਂ ਵੱਲੋਂ ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਚਲਾਇਆ ਜਾ ਰਿਹਾ ਹੈ। ਜਿਸ ਵੱਲੋਂ ਹਰ ਸਾਲ ਉਸਦੀ ਬਰਸੀ ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ।

# ਵਿੱਦਿਅਕ ਸੰਸਥਾਵਾਂ ਨੂੰ ਜਮੀਨ ਦਾਨ ਦੇਣ ਵਾਲੇ ਰਾਜਾ ਮਹਿੰਦਰ ਪ੍ਰਤਾਪ ਸਿੰਘ ਦੇ ਆਪਣੇ ਨਾਂ ਉੱਪਰ ਅਲੀਗੜ੍ਹ ਵਿੱਚ ਯੂਨੀਵਰਸਿਟੀ ਦੀ ਸਥਾਪਨਾ, ਇੱਕ ਇਤਿਹਾਸਕ ਕਦਮ

ਰਾਜਾ ਮਹਿੰਦਰ ਪ੍ਰਤਾਪ ਸਿੰਘ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ 'ਚ ਮੁਰਸਾਨ ਦੇ ਰਾਜਸ਼ਾਹੀ ਪਰਿਵਾਰ ਵਿੱਚ 1 ਦਸੰਬਰ 1886 ਨੂੰ ਰਾਜਾ ਘਣਸ਼ਿਆਮ ਸਿੰਘ ਦੇ ਤੀਜੇ ਪੁੱਤਰ ਦੇ ਰੂਪ ’ਚ ਜਨਮ ਲਿਆ। ਜਦੋਂ ਉਹ 3 ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਾਥਰਸ ਦੇ ਰਾਜਾ ਹਰਨਰਾਇਣ ਸਿੰਘ ਨੇ ਗੋਦ ਲੈ ਲਿਆ। ਉਨ੍ਹਾ ਦੀ ਸ਼ਾਦੀ 1902 ਵਿੱਚ ਜੀਂਦ ਰਿਆਸਤ ਦੇ ਰਾਜੇ ਦੀ ਕੁੜੀ ਬਲਵੀਰ ਕੌਰ ਨਾਲ ਹੋਇਆ।

1895 ਵਿੱਚ ਮਹਿੰਦਰ ਪ੍ਰਤਾਪ ਸਿੰਘ ਨੇ ਅਲੀਗੜ੍ਹ ਦੇ ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈ ਲਿਆ। ਜਲਦੀ ਹੀ ਉਨ੍ਹਾਂ ਨੇ ਪਹਿਲਾਂ ਮੁਸਲਿਮ ਐਂਗਲੋ ਓਰੀਐਂਟਡ ਕਾਲਜੀਏਟ ਸਕੂਲ ਅਤੇ ਫਿਰ ਮੁਹੰਮਡਨ ਐਂਗਲੋ ਓਰੀਐਂਟਲ ਕਾਲਜ ਵਿੱਚ ਦਾਖ਼ਲ ਹੋ ਕੇ ਸਰ ਸਈਅਦ ਅਹਿਮਦ ਖਾਨ ਦੀ ਛਤਰ ਛਾਇਆ ਹੇਠ ਅੰਗ੍ਰੇਜ ਅਤੇ ਮੁਸਲਿਮ ਅਧਿਆਪਕਾਂ ਕੋਲੋਂ ਵਿਦਿਆ ਹਾਸਲ ਕੀਤੀ। ਇੱਥੋਂ ਗ੍ਰਹਿਣ ਕੀਤੀ ਵਿੱਦਿਆ ਦੇ ਪ੍ਰਭਾਵ ਹੇਠ ਉਨ੍ਹਾਂ ਨੇ 24 ਮਈ 1909 ਵਿੱਚ ਵਰਿੰਦਾਵਨ ਵਿੱਚ ਆਪਣੇ ਮਹਿਲ ਵਿੱਚ 'ਪ੍ਰੇਮ ਮਹਾਂ ਵਿਦਾਲਿਆ’ (ਇੱਕ ਤਕਨੀਕੀ ਸੰਸਥਾ) ਸ਼ੁਰੂ ਕੀਤੀ ਜਿੱਥੇ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਸੀ।

1906 ਵਿੱਚ ਪ੍ਰਤਾਪ, ਕਾਂਗਰਸ ਸ਼ੈਸ਼ਨ ਵਿੱਚ ਭਾਗ ਲੈਣ ਲਈ ਕੋਲਕਾਤਾ ਗਏ, ਜਿੱਥੇ ਉਹ ਬਹੁਤ ਸਾਰੇ ਸਵਦੇਸ਼ੀ ਲਹਿਰ ਦੇ ਆਗੂਆਂ ਨੂੰ ਇਹ ਸੋਚ ਨੂੰ ਲੈ ਕੇ ਮਿਲੇ ਤਾਂਕਿ ਆਪਣੇ ਦੇਸ਼ ਵਿੱਚ ਛੋਟੀਆਂ ਸੰਨਅਤਾਂ, ਲਗਾਕੇ ਤਕਨੀਕੀ ਵਸਤੂਆਂ ਅਤੇ ਦੇਸੀ ਵਸਤੂਆਂ ਦੇ ਨਿਰਮਾਣ ਨੂੰ ਬੜ੍ਹਾਵਾ ਦਿੱਤਾ ਜਾਵੇ। ਉਹ ਛੂਆ-ਛੂਤ ਦੇ ਸਖ਼ਤ ਵਿਰੋਧੀ ਸਨ। ਇਸ ਬੁਰਾਈ ਨੂੰ ਦੂਰ ਕਰਨ ਲਈ ਉਨ੍ਹਾਂ ਨੇ 1911 ਵਿੱਚ ਅਲਮੋੜਾ ਦੇ ਤਮਾਤਾ ਪਰਿਵਾਰ ਨਾਲ ਬੈਠ ਕੇ ਖਾਣਾ ਖਾਦਾ ਅਤੇ 1912 ਵਿੱਚ ਆਗਰਾ ਦੇ ਮਹਿਤਾਰ ਪਰਿਵਾਰ ਨਾਲ ਬੈਠ ਕੇ ਖਾਣਾ ਖਾਦਾ। ਪ੍ਰਤਾਪ, ਦਾਦਾ ਭਾਈ ਨਰੋਜੀ, ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸੀ। ਉਸਨੇ ਅੰਗ੍ਰੇਜੀ ਕੱਪੜਿਆਂ ਨੂੰ ਜਲਾਉਣ ਦੀ ਮੁਹਿੰਮ ਚਲਾਈ।

ਭਾਰਤ ਨੂੰ ਅਜਾਦ ਕਰਵਾਉਣ ਦੇ ਮਕਸਦ ਨਾਲ, ਬਾਹਰੋਂ ਮਦਦ ਲੈਣ ਲਈ ਉਹ 20 ਦਸੰਬਰ 1914 ਨੂੰ 28 ਸਾਲ ਦੀ ਉਮਰ ਵਿੱਚ ਭਾਰਤ ਨੂੰ ਤੀਜੀ ਵਾਰ ਛੱਡ ਕੇ ਬਾਹਰਲੇ ਦੇਸ਼ ਚਲੇ ਗਏ। ਜਨਵਰੀ 1915 ਵਿੱਚ ਚੱਟੋ (ਵਿਰੇਦੰਰ ਨਾਥ ਚਟੋ ਪਾਧਿਆਇ) ਬਰਲਿਨ ਕਮੇਟੀ ਦੇ ਆਗੂ ਨੂੰ ਸਵਿਟਜਰਲੈਂਡ ਵਿੱਚ ਪ੍ਰਤਾਪ ਦੇ ਆਉਣ ਦਾ ਪਤਾ ਚੱਲਿਆ। ਉਸਨੇ ਜਰਮਨ ਵਿਦੇਸ਼ ਮੰਤਰਾਲਿਆ ਦੇ ਉਚੱ ਅਧਿਕਾਰੀ ਵੌਨ ਜਿਮਰਮਾਨ ਨਾਲ ਪ੍ਰਤਾਪ ਨੂੰ ਬਰਲਿਨ ਲੈ ਕੇ ਆਉਣ ਦੀ ਗੱਲ ਕੀਤੀ। ਪਹਿਲਾਂ ਹੀ ਚੱਟੋ ਨੇ ਪਾਰਸੀ ਕ੍ਰਾਂਤੀਕਾਰੀ ਦਾਦਾ ਛਾਂਜੀ ਕਿਰਸਪ ਦੀ ਅਗਵਾਹੀ ਵਿੱਚ ਇੱਕ ਮਿਸ਼ਨ ਅਫਗਾਨੀਸਤਾਨ ਭੇਜ ਦਿੱਤਾ ਸੀ। ਜਦੋਂ ਚੱਟੋ ਦੀਆਂ ਗਤੀਵਿਧੀਆਂ ਬਾਰੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਲਾਲਾ ਹਰਦਿਆਲ ਤੋਂ ਪਤਾ ਲੱਗਿਆ ਤਾਂ ਪ੍ਰਤਾਪ ਨੇ ਜਰਮਨੀ ਦੇ ਸ਼ਾਸ਼ਕ ਕਾਏਸਰ ਵਿਲਹੇਮ ਦੂਜੇ ਨੂੰ ਆਪ ਮਿਲਣ ਲਈ ਸੋਚਿਆ।

ਚੱਟੋ, ਪ੍ਰਤਾਪ ਨੂੰ ਇਹ ਦੱਸਣ ਲਈ ਕਿ ਜਰਮਨੀ ਦੇ ਸ਼ਾਸ਼ਕ ਕਾਏਸਰ ਵਿਲਹੇਮ ਉਸਨੂੰ ਮਿਲਣ ਲਈ ਬਹੁਤ ਉਤਸਕ ਹਨ ਤੁਰੰਤ ਜਨੇਵਾ ਗਏ ਅਤੇ ਦੋਵੇਂ ਕਾਏਸਰ ਨੂੰ ਮਿਲਣ ਲਈ ਬਰਲਿਨ ਲਈ ਰਵਾਨਾ ਹੋ ਗਏ। ਲਾਲਾ ਹਰਦਿਆਲ ਵੀ ਉਨ੍ਹਾਂ ਨਾਲ ਸਨ। ਕਾਏਸਰ ਨੇ ਪ੍ਰਤਾਪ ਨੂੰ ਆਰਡਰ ਆਫ ਰੇਡ-ਈਗਲ ਦਾ ਸਨਮਾਨ ਦਿੱਤਾ। ਪ੍ਰਤਾਪ ਦੀ ਇੱਛਾ ਮੁਤਾਬਿਕ ਉਸਨੂੰ ਪੋਲਿਸ਼ ਬਾਰਡਰ ਦੇ ਨੇੜੇ ਇੱਕ ਫ਼ੌਜੀ ਕੈਂਪ ਵਿੱਚ ਲਜਾਇਆ ਗਿਆ, ਤਾਂਕਿ ਪ੍ਰਤਾਪ ਨੂੰ ਸੈਨਿਕ ਨੀਤੀਆਂ ਅਤੇ ਉਨ੍ਹਾਂ ਦੀ ਕਾਰਗੁਜਾਰੀ ਬਾਰੇ ਗਿਆਨ ਮਿਲ ਜਾਵੇ।

10 ਅਪ੍ਰੈਲ 1915 ਵਿਚ ਪ੍ਰਤਾਪ ਨੇ ਜਰਮਨ ਰਾਜਦੂਤ ਵੌਨ ਹੇਂਟਿੰਗ, ਮੌਲਵੀ ਬਰਕਤੁੱਲਾ ਨੂੰ ਨਾਲ ਲੈ ਕੇ ਬਰਲਿਨ ਛੱਡ ਕੇ ਵਿਆਨਾ ਵਿੱਚ ਇੱਕ ਡੈਲੀਗੇਸ਼ਨ ਦੇ ਰੂਪ ਵਿੱਚ ਮਿਸਰ ਦੇ ਖਲੀਫੇ ਨੂੰ ਮਿਲੇ, ਜਿਸਨੇ ਪ੍ਰਤਾਪ ਨੂੰ ਭਾਰਤ ਵਿੱਚੋਂ ਛੇਤੀ ਅੰਗ੍ਰੇਜੀ ਸ਼ਾਸ਼ਨ ਦੇ ਖਾਤਮੇ ਦੀ ਗੱਲ ਕਹੀ। ਤੁਰਕੀ ਵਿੱਚ ਉਨ੍ਹਾਂ ਨੇ ਅਨਵਰ ਪਾਸ਼ਾ ਜੋ ਕਿ ਤੁਰਕੀ ਦੇ ਸੁਲਤਾਨ ਦਾ ਜਮਾਈ ਸੀ ਅਤੇ ਸੁਰੱਖਿਆ ਮੰਤਰੀ ਸੀ, ਨਾਲ ਮੁਲਾਕਾਤ ਕੀਤੀ। ਪ੍ਰਤਾਪ ਅਤੇ ਉਸਦੇ ਸਾਥੀ 2 ਅਕਤੂਬਰ 1915 ਨੂੰ ਅਫਗਾਨੀਸਤਾਨ ਦੇ ਬਾਦਸ਼ਾਹ ਹਬੀਬੁੱਲਾ ਨੂੰ ਮਿਲੇ ਅਤੇ ਵਿਚਾਰ ਵਟਾਂਦਰਾ ਕੀਤਾ।

ਜਦੋਂ ਪ੍ਰਤਾਪ 28 ਸਾਲ ਦੇ ਹੋਏ ਤਾਂ ਉਨ੍ਹਾਂ ਨੇ ਅਫਗਾਨੀਸਤਾਨ ਦੀ ਧਰਤੀ ਉਪੱਰ ਭਾਰਤ ਦੀ ਅਸਥਾਈ ਸਰਕਾਰ ਦੇ ਗਠਣ ਦਾ ਐਲਾਨ ਕਰ ਦਿੱਤਾ। ਉਹ ਆਪ ਇਸਦੇ ਰਾਸ਼ਟਰਪਤੀ ਅਤੇ ਮੌਲਵੀ ਬਰਕਤੁੱਲਾ ਪ੍ਰਧਾਨ ਮੰਤਰੀ ਅਤੇ ਮੌਲਵੀ ਅਬਦੁੱਲਾ ਸਿੰਧੀ ਇਸਦੇ ਗ੍ਰਹਿ ਮੰਤਰੀ ਬਣੇ। ਅੰਗ੍ਰੇਜ਼ੀ ਸ਼ਾਸ਼ਨ ਵਿਰੋਧੀ ਤਾਕਤਾਂ ਨੇ ਇਸ ਕਾਰਵਾਈ ਦਾ ਸਮਰਥਨ ਕੀਤਾ।

ਪ੍ਰਤਾਪ ਦੇ ਕ੍ਰਾਂਤੀਕਾਰੀ ਵਿਚਾਰਾਂ ਕਰਕੇ ਇਨ੍ਹਾਂ ਦੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਲੈਨਿਨ ਨਾਲ ਚੰਗੇ ਸੰਬੰਧ ਸਨ। ਲੈਨਿਨ ਨੇ ਆਪ, ਪ੍ਰਤਾਪ ਨੂੰ ਰੂਸ ਬੁਲਾਇਆ ਸੀ। ਭਾਰਤ ਵਿੱਚ ਅੰਗ੍ਰੇਜੀ ਸਰਕਾਰ ਨੇ ਪ੍ਰਤਾਪ ਦੇ ਸਿਰ ਉਪੱਰ ਇਨਾਮ ਰੱਖ ਦਿੱਤਾ; ਉਸਦੀ ਰਿਆਸਤ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਉਸਨੂੰ ਭਗੌੜਾ ਕਰਾਰ ਦੇ ਦਿੱਤਾ। 1925 ਵਿੱਚ ਉਨ੍ਹਾਂ ਨੂੰ ਅਫਗਾਨਿਸਤਾਨ ਛੱਡ ਕੇ ਜਪਾਨ ਜਾਣਾ ਪਿਆ। 1925 ਵਿੱਚ ਹੀ ਇਨ੍ਹਾਂ ਦੀ ਪਤਨੀ ਦਾ ਦਿਹਾਂਤ ਹੋ ਗਿਆ। 1932 ਵਿੱਚ ਉਨ੍ਹਾਂ ਨੂੰ ਨੋਬਲ ਸ਼ਾਂਤੀ ਅਵਾਰਡ ਲਈ ਨਾਮਜਦ ਕੀਤਾ ਗਿਆ।

ਜਪਾਨ ਵਿੱਚ ਜਾਕੇ ਉਨ੍ਹਾਂ ਨੇ 'ਵਰਲਡ ਫੈਡਰੇਸ਼ਨ’ ਮਹੀਨਾਵਾਰ ਮੈਗਜੀਨ ਕੱਢਣਾ ਸ਼ੁਰੂ ਕੀਤਾ। ਉਨ੍ਹਾਂ ਨੇ ਦੂਸਰੇ ਵਿਸ਼ਵ ਯੁੱਧ ਦੇ ਹਾਲਾਤਾਂ ਨੂੰ ਭਾਰਤ ਦੀ ਆਜਾਦੀ ਲਈ ਵਰਤਣ ਦੇ ਉਪਰਾਲੇ ਕੀਤੇ। ਟੋਕੀਓ ਵਿੱਚ ਉਨ੍ਹਾਂ ਨੇ 1940 ਵਿੱਚ ਭਾਰਤ ਦਾ ਕਾਰਜਕਾਰੀ ਬੋਰਡ ਬਣਾਇਆ।

ਆਖਿਰ ਨੂੰ ਅੰਗ੍ਰੇਜ਼ ਸਰਕਾਰ ਨੇ ਪ੍ਰਤਾਪ ਪ੍ਰਤੀ ਨਰਮਦਿਲੀ ਵਰਤਦੇ ਹੋਏ ਉਨ੍ਹਾਂ ਨੂੰ ਭਾਰਤ ਆਉਣ ਦੀ ਆਗਿਆ ਦੇ ਦਿੱਤੀ। ਉਹ 32 ਸਾਲਾਂ ਬਾਅਦ 9 ਅਗਸਤ 1945 ਨੂੰ ਭਾਰਤ ਵਾਪਿਸ ਆ ਗਏ। ਉਹ ਮਹਾਤਮਾਂ ਗਾਂਧੀ ਨੂੰ ਮਿਲਣ ਵਰਧਾ ਚਲੇ ਗਏ।

ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਨੇ ਆਮ ਆਦਮੀ ਨੂੰ ਰਾਜਨੀਤਿਕ ਤਾਕਤ ਦਬਾਉਣ ਦਾ ਆਪਣਾ ਸੰਘਰਸ਼ ਜਾਰੀ ਰੱਖਿਆ। ਉਨ੍ਹਾਂ ਨੇ ਭ੍ਰਿਸ਼ਟਾਚਾਰ ਅਤੇ ਅ ਫ ਸ ਰ ਸ਼ ਾ ਹ ੀ ਅੜਿੱਚਨਾ ਖਿਲਾਫ਼ ਸੰਘਰਸ਼ ਕੀਤਾ। ਉਹ ਦੂਸਰੀ ਲੋਕ ਸਭਾ (1957-1962) ਲਈ ਹਾਥਰਸ ਹਲਕੇ ਤੋਂ ਚੁਣੇ ਗਏ। ਇਸ ਲਈ ਉਨ੍ਹਾਂ ਨੇ ਜਨਸੰਘ ਦੇ ਆਗੂ ਸ਼੍ਰੀ ਅਟਲ ਬਿਹਾਰੀ ਬਾਜਪਈ ਨੂੰ ਬਹੁਤ ਵੱਡੇ ਅੰਤਰ ਨਾਲ ਹਰਾਇਆ ਸੀ। 29 ਅਪ੍ਰੈਲ 1979 ਨੂੰ ਉਹ ਸਵਰਗ ਸਿਧਾਰ ਗਏ।



ਪ੍ਰੇਮ ਲਤਾ (ਪ੍ਰਿੰਸੀਪਲ)

ਡਾ. ਸੁਬਰਾਮਨੀਅਮ ਸੁਆਮੀ ਦੇ ਮੁਤਾਬਿਕ ਰਾਜਾ ਮਹਿੰਦਰ ਪ੍ਰਤਾਪ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੂੰ ਉਹ ਥਾਂ ਦਾਨ ਵਿੱਚ ਦਿੱਤੀ ਹੋਈ ਹੈ, ਜਿੱਥੇ ਇਸਦਾ ਕੈਂਪਸ ਬਣਿਆ ਹੋਇਆ ਹੈ, ਇਨ੍ਹਾਂ ਤੋਂ ਇਲਾਵਾ ਹੋਰ ਦਾਨੀ ਹਨ; ਚੌਧਰੀ ਸ਼ੇਰ ਸਿੰਘ, ਕੰਵਰ ਲੇਖ ਰਾਜ ਸਿੰਘ, ਰਾਜਾ ਸ਼ਿਵ ਨਰਾਇਣ ਸਿੰਘ, ਰਾਜਾ ਉਦੈ ਪ੍ਰਤਾਪ ਸਿੰਘ, ਲਾਲਾ ਫੂਲ ਚੰਦ ਅਤੇ ਲਾਲਾ ਵਾਸਦੇਵ ਸਹਾਏ। ਇਨ੍ਹਾਂ ਦਾਨੀ ਸੱਜਣਾਂ ਦੇ ਨਾਮ ਯੂਨੀਵਰਸਿਟੀ ਦੀਆਂ ਪੁਰਾਣੀਆਂ ਇਮਾਰਤਾਂ ਉਪੱਰ ਦਰਜ ਹਨ।

ਹੁਣ ਭਾਰਤ ਦੀ ਕੇਂਦਰੀ ਸਰਕਾਰ ਵੱਲੋਂ, ਵਿੱਦਿਅਕ ਸੰਸਥਾਵਾਂ ਨੂੰ ਜਮੀਨ ਦਾਨ ਦੇਣ ਵਾਲੇ ਰਾਜਾ ਮਹਿੰਦਰ ਪ੍ਰਤਾਪ ਸਿੰਘ ਦੇ ਆਪਣੇ ਨਾਂ ਉੱਪਰ ਅਲੀਗੜ੍ਹ ਵਿੱਚ ਯੂਨੀਵਰਸਿਟੀ ਦੀ ਸਥਾਪਨਾ ਕਰਨਾ ਇੱਕ ਇਤਿਹਾਸਕ ਕਦਮ ਹੈ। ਇਸ ਕਦਮ ਨਾਲ਼ ਪੰਜਾਬ ਦਾ ਨਾਂ ਵੀ ਉੱਚਾ ਹੋਇਆ ਹੈ।

# ਭੀਮ ਇੰਟਰਨੈਸ਼ਨਲ ਯੂ. ਐਸ. ਏ. ਵੱਲੋਂ

## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਅਨੁਸੂਚਿਤ ਜਾਤੀ ਭਾਈਚਾਰੇ 'ਚੋਂ ਮੁੱਖ ਮੰਤਰੀ ਬਣਨ 'ਤੇ

# ਲੱਖ-ਲੱਖ ਵਧਾਈਆਂ



ਮਾਣਯੋਗ ਸ.ਚਰਨਜੀਤ ਸਿੰਘ ਚੰਨੀ
ਮੁੱਖ ਮੰਤਰੀ ਪੰਜਾਬ



## Vinod Kumar Chumber
## Bhim International USA



Respected Members of Bhim International USA

### ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ ਗਰਭਪਾਤ ਹੁੰਦੇ ਹਨ



ਕੁਲਦੀਪ ਚੰਦ
91-9417563054

ਗਰਭਪਾਤ ਦਾ ਨਾਮ ਸੁਣਦਿਆਂ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਅਕਸਰ ਮਾੜੀ ਸੋਚ ਵਾਲੇ ਖਿਆਲ ਆਂਦੇ ਹਨ ਅਤੇ ਕਿਸੇ ਵਲੋਂ ਗਰਭਪਾਤ ਕਰਵਾਉਣ ਬਾਰੇ ਪਤਾ ਲੱਗਣ ਤੇ ਉਸਨੂੰ ਸਮਾਜਿਕ ਤੌਰ ਤੇ ਅਪਰਾਧਣ ਅਤੇ ਪਾਪਣ ਤੱਕ ਵੀ ਮੰਨਿਆ ਜਾਂਦਾ ਹੈ। ਲੜਕਿਆਂ ਦੇ ਮੁਕਾਬਲੇ ਘੱਟ ਰਹੀ ਲੜਕੀਆਂ ਦੀ ਗਿਣਤੀ ਦਾ ਕਾਰਨ ਵੀ ਅਕਸਰ ਗਰਭਪਾਤ ਨੂੰ ਹੀ ਮੰਨਿਆਂ ਜਾਂਦਾ ਹੈ। ਪੀਸੀਪੀਐਨਡੀਟੀ ਐਕਟ 1994 ਲਾਗੂ ਹੋਣ ਤੋਂ ਬਾਦ ਤਾਂ ਐਮਟੀਪੀ ਐਕਟ 1971 ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਬਹੁਤੀਆਂ ਮਹਿਲਾਵਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਕਈਆਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ ਜਿਸ ਨਾਲੇ ਕਈ ਵਾਰ ਮਹਿਲਾਵਾਂ ਦੀ ਮੌਤ ਵੀ ਹੋ ਜਾਂਦੀ ਹੈ। ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ ਗਰਭਪਾਤ ਹੁੰਦੇ ਹਨ। ਸਰਕਾਰੀ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਹਰ ਸਾਲ ਲੱਗਭੱਗ ਸੱਤ ਲੱਖ ਗਰਭਪਾਤ ਜਿਸ ਵਿੱਚ ਪ੍ਰਾਈਵੇਟ ਸਿਹਤ ਅਦਾਰਿਆਂ ਅਤੇ ਘਰਾਂ ਵਿੱਚ ਕੀਤੇ ਜਾਣ ਵਾਲੇ ਗਰਭਪਾਤ ਸ਼ਾਮਿਲ ਨਹੀਂ ਹਨ ਕੀਤੇ ਜਾਂਦੇ ਹਨ। ਭਾਰਤ ਵਿੱਚ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਲੇਸੈਂਟ ਗਲੋਵਲ ਹੈਲਥ ਜਰਨਲ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ 1.56 ਕਰੋੜ ਗਰਭਪਾਤਾਂ ਵਿਚੋਂ ਸਿਰਫ 30.4 ਲੱਖ ਗਰਭਪਾਤ ਹੀ ਸਿਹਤ ਸਹੂਲਤਾਂ ਵਾਲੇ ਅਦਾਰਿਆਂ ਵਿੱਚ ਕੀਤੇ ਗਏ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ ਵੀ ਦੇਸ਼ ਵਿੱਚ ਹੋਣ ਵਾਲੇ ਗਰਭਪਾਤਾਂ ਵਿੱਚੋਂ ਸਿਰਫ 20 ਫਿਸਦੀ ਹੀ ਜਨਤਕ ਸਿਹਤ ਅਦਾਰਿਆਂ ਵਿੱਚ ਕੀਤੇ ਜਾਂਦੇ ਹਨ, 52 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੀਤੇ ਜਾਂਦੇ ਹਨ ਅਤੇ ਲੱਗਭੱਗ 27 ਫਿਸਦੀ ਗਰਭਪਾਤ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਪਾਤ ਕਰਵਾਉਣ ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਪਾਤ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਇਸਨੂੰ ਵੇਖਦੇ ਹੋਏ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਜੇਕਰ ਇਸ ਦਿਨ ਦਾ ਪਿਛੋਕੜ ਵੇਖੀਏ ਤਾਂ ਸਾਲ 1990 ਵਿੱਚ ਲੈਟਿਨ ਅਮਰੀਕਾ ਅਤੇ ਕੈਰੇਬੀਅਨ ਵਿੱਚ ਗਰਭਪਾਤ ਦੀ ਘੋਸ਼ਣਾ ਕਰਨ ਲਈ ਕਾਰਵਾਈ ਦਿਵਸ ਵਜੋਂ ਮਨਾਇਆ ਗਿਆ ਸੀ, 2011 ਵਿੱਚ ਮਹਿਲਾਵਾਂ ਦੇ ਗਲੋਵਲ ਨੈਟਵਰਕ ਫਾਰ ਰਿਪ੍ਰੋਡਕਟਿਵ ਰਾਇਟਸ ਨੇ ਇਸ ਨੂੰ ਅੰਤਰਰਾਸ਼ਟਰੀ ਦਿਵਸ ਵਜੋਂ ਘੋਸ਼ਿਤ ਕੀਤਾ ਹੈ। 28 ਸਤੰਬਰ ਦਾ ਦਿਨ ਸਾਲ 1871 ਵਿੱਚ ਬ੍ਰਾਜੀਲ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਜਨਮ ਨਿਰਮਾਣ ਦੇ ਕਨੂੰਨ ਦੀ ਯਾਦ ਦਿਵਾਉਣ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਕਨੂੰਨ ਉਸ ਸਮੇਂ ਇੱਕ ਮਹੱਤਵਪੂਰਨ ਕਨੂੰਨੀ ਸੁਧਾਰ ਸੀ ਜਿਸਦਾ ਉਦੇਸ਼ ਬ੍ਰਾਜ਼ੀਲ ਵਿੱਚ ਗੁਲਾਮ ਲੋਕਾਂ ਦੇ ਬੱਚਿਆਂ ਨੂੰ ਅਜ਼ਾਦੀ ਪ੍ਰਦਾਨ ਕਰਨਾ ਸੀ। ਸਾਲ 2015 ਵਿੱਚ ਇਸ ਦਿਨ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਵਿੱਚ ਬਦਲਿਆ ਗਿਆ ਅਤੇ ਲੱਗਭੱਗ 87 ਦੇਸ਼ਾਂ ਵਿੱਚ ਸਮਾਜਿਕ ਸੰਸਥਾਵਾਂ ਦੁਆਰਾ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਅਤੇ 28 ਸਤੰਬਰ 2019 ਨੂੰ ਮਾਲਟਾ ਵਿੱਚ ਗਰਭਪਾਤ ਦੇ ਕਨੂੰਨੀਕਰਣ ਦੇ ਹੱਕ ਵਿੱਚ ਅਪਣਾ ਪਹਿਲਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਸਾਲ 28 ਸਤੰਬਰ 2021 ਲਈ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਲਈ ਮੁੱਖ ਉਦੇਸ਼ ਵਿੱਚ-ਸੁਰੱਖਿਅਤ ਗਰਭਪਾਤ ਜਰੂਰੀ ਸਿਹਤ ਸੰਭਾਲ ਹੈ, ਹੋਰ ਜਿਆਦਾ ਗੁੱਪਤ ਗਰਭਪਾਤ ਨਹੀਂ " ਅਸੁਰੱਖਿਅਤ ਗਰਭਪਾਤ ਨੂੰ ਇਤਿਹਾਸ ਬਣਾਓ'' ਸ਼ਾਮਿਲ ਹੈ। ਹੁਣ ਵਿਸ਼ਵ ਦੇ ਕਈ ਦੇਸ਼ਾਂ ਦੇ ਨੇਤਾਵਾਂ ਨੇ ਇਸ ਦਿਨ ਦੇ ਸਮੱਰਥਨ ਵਿੱਚ ਬਿਆਨ ਦੇਣਾ ਸ਼ੁਰੂ ਕਰ ਦਿਤਾ ਹੈ ਅਤੇ ਵੱਖ ਵੱਖ ਮੀਡੀਆ ਰਿਪੋਰਟਾਂ ਵੀ ਇਸ ਦੇ ਬਾਰੇ ਛਪ ਰਹੀਆਂ ਹਨ। ਸਾਲ 2020 ਵਿੱਚ ਵਿਸ਼ਵ ਵਿੱਚ ਫੈਲੀ ਕੋਵਿਡ-19 ਮਹਾਂਮਾਰੀ




ਦੇ ਸਮੇਂ ਦੌਰਾਨ ਸੁਰੱਖਿਅਤ ਗਰਭਪਾਤ ਦੇ ਅਧਿਕਾਰ ਵਿੱਚ ਸਫਲਤਾਵਾਂ ਅਤੇ ਨਾਕਾਮੀਆਂ ਦੋਵਾਂ ਨੂੰ ਵੇਖਿਆ ਹੈ। ਅਰਜਨਟਾਇਨਾ, ਦੱਖਣੀ ਕੋਰੀਆ, ਥਾਇਲੈਂਡ, ਇਕਵਾਡੋਰ ਅਤੇ ਦੱਖਣੀ ਅਸਟ੍ਰੇਲੀਆ ਵਿੱਚ ਗਰਭਪਾਤ ਸਬੰਧੀ ਕਨੂੰਨਾਂ ਵਿੱਚ ਪ੍ਰਗਤੀਸ਼ੀਲ ਸੁਧਾਰ ਕੀਤੇ ਗਏ ਹਨ ਅਤੇ ਆਇਰਲੈਂਡ, ਬ੍ਰਿਟੇਨ, ਫਰਾਂਸ, ਅਮਰੀਕਾ, ਨੇਪਾਲ ਅਤੇ ਹੋਰ ਥਾਵਾਂ ਤੇ ਗਰਭਪਾਤ ਦੀਆਂ ਗੋਲੀਆਂ ਉਪਲੱਭਦ ਕਰਵਾਉਣ ਲਈ ਟੈਲੀਮੈਡੀਸਿਨ ਦੀ ਵਰਤੋਂ ਕੀਤੀ ਗਈ ਹੈ ਪਰੰਤੂ ਕਈ ਥਾਵਾਂ ਤੇ ਹਾਲਾਤ ਮਾੜ੍ਹੇ ਹੋਏ ਹਨ। ਕਈ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਇਸ ਸਹੂਲਤ ਲਈ ਪ੍ਰੇਸ਼ਾਨ ਹੋਣਾ ਪਿਆ ਹੈ। ਮਹਾਂਮਾਰੀ ਦੌਰਾਨ ਸਿਰਫ ਸੁਰੱਖਿਅਤ ਗਰਭਪਾਤ ਤੱਕ ਦੀ ਪਹੁੰਚ ਨੂੰ ਸੀਮਿਤ ਕਰ ਦਿਤਾ ਗਿਆ ਹੈ ਸਗੋਂ ਗਰਭ ਅਵਸਥਾ ਅਤੇ ਜਣੇਪੇ ਦੀ ਦੇਖਭਾਲ ਸਮੇਤ ਹੋਰ ਪ੍ਰਜਣਨ ਸਬੰਧੀ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਹਨ। ਕਈ ਥਾਵਾਂ ਤੇ ਮਹਿਲਾਵਾਂ ਵਿਰੁੱਧ ਹਿੰਸਾ ਦੇ ਮਾਮਲੇ ਵਧਣ ਦੇ ਨਾਲ ਹੀ ਜਣੇਪਾ ਮੌਤਾਂ ਵਿੱਚ ਵੀ ਵਾਧਾ ਹੋਇਆ ਹੈ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਜਨਵਰੀ ਤੋਂ ਜੂਨ 2020 ਦੇ ਸਮੇਂ ਵਿਚਕਾਰ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਹ ਮਹਿਲਾਵਾਂ ਉਨ੍ਹਾਂ 13 ਲੱਖ ਮਹਿਲਾਵਾਂ ਵਿੱਚ ਸ਼ਾਮਿਲ ਹਨ ਜਿਨ੍ਹਾਂ ਨੂੰ ਪ੍ਰਜਣਨ ਸਿਹਤ ਸਬੰਧੀ ਕਿਸੇ ਕਿਸਮ ਦੀਆਂ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਭਾਰਤ ਸਰਕਾਰ ਨਾਲ ਮਿਲਕੇ ਆਈ ਪਾਸ ਡਿਵੈਲਪਮੈਂਟ ਫਾਂਉਡੇਸਨ ਵਲੋਂ ਕੀਤੀ ਗਈ ਇੱਕ ਸਟਡੀ ਰਿਪੋਰਟ ਅਨੁਸਾਰ ਦੇਸ਼ ਦੇ 12 ਰਾਜਾਂ ਵਿੱਚ ਲੱਗਭੱਗ 18.5 ਲੱਖ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਗਰਭਪਾਤ ਦੀ ਸਹੂਲਤ ਨਹੀਂ ਮਿਲ ਸਕੀ ਹੈ। ਫੈਮਿਲੀ ਪਲੈਨਿੰਗ ਐਸੋਸਿਏਸਨ ਆਫ ਇੰਡੀਆਂ ਸੰਸਥਾ ਜੋਕਿ ਕਈ ਰਾਜਾਂ ਵਿੱਚ ਸੁਰੱਖਿਅੱਤ ਗਰਭਪਾਤ ਕਲੀਨਿਕ ਚਲਾ ਰਹੀ ਹੈ ਅਨੁਸਾਰ ਕਈ ਜਰੂਰਤਮੰਦ ਮਹਿਲਾਵਾਂ ਨੂੰ ਇਹ ਸਹੂਲਤ ਨਹੀਂ ਮਿਲੀ ਹੈ ਜਿਸ ਕਾਰਨ ਕਈਆਂ ਨੂੰ ਅਸੁੱਰਖਿਅਤ ਗਰਭਪਾਤ ਕਰਵਾਉਣਾ ਪਿਆ ਹੈ ਅਤੇ ਕਈਆਂ ਨੂੰ ਦੇਰੀ ਹੋਣ ਕਾਰਨ ਅਣਚਾਹੇ ਗਰਭ ਨੂੰ ਰੱਖਣਾ ਪਿਆ ਹੈ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਜੇਕਰ ਕੁੱਝ ਮਾਮਲਿਆਂ ਦੀ ਗੱਲ ਕਰੀਏ ਤਾਂ ਦਸੰਬਰ 2017 ਵਿੱਚ ਇੱਕ 13 ਸਾਲ ਦੀ ਬਲਾਤਕਾਰ ਪੀੜ੍ਹਿਤਾ ਲੜਕੀ ਜੋਕਿ ਗਰਭਵਤੀ ਹੋ ਗਈ ਸੀ ਦੇ ਪਿਤਾ ਦੀ ਅਪੀਲ ਤੇ ਮੁੰਬਈ ਦੀ ਮਾਨਯੋਗ ਅਦਾਲਤ ਨੇ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ 26 ਹਫਤਿਆਂ ਦੇ ਗਰਭ ਦੇ ਗਰਭਪਾਤ ਦੀ ਮੰਨਜੂਰੀ ਦਿਤੀ ਹੈ, ਅਕਤੂਬਰ 2017 ਵਿੱਚ ਮਾਣਯੋਗ ਸੁਪਰੀਮ ਕੌਰਟ ਨੇ ਵੀ ਦੋ ਮਹਿਲਾਵਾਂ ਦੇ 29 ਅਤੇ 30 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਹਿਮਾਚਲ ਦੀ ਮਾਣਯੋਗ ਹਾਈ ਕੌਰਟ ਨੇ ਇੱਕ 19 ਸਾਲ ਦੀ ਲੜਕੀ ਜੋ ਕਿ ਦਿਮਾਗੀ ਤੌਰ ਤੇ ਠੀਕ ਨਹੀਂ ਸੀ ਦੀ ਮਾਂ ਦੀ ਅਪੀਲ ਤੇ ਲੜਕੀ ਦੇ 32 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਇਸ ਤਰਾਂ ਕਈ ਵਾਰ ਮਾਣਯੋਗ ਅਦਾਲਤਾਂ ਦੇ ਹੁਕਮਾਂ ਨਾਲ ਮਹਿਲਾਵਾਂ ਨੂੰ ਇਹ ਸਹੂਲਤ ਮਿਲੀ ਹੈ। ਏਸ਼ੀਆ ਸੇਫ ਆਬਰਸ਼ਨ ਪਾਰਟਨਰਸ਼ਿਪ ਸੰਸਥਾ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ 80 ਫਿਸਦੀ ਮਹਿਲਾਵਾਂ ਨੂੰ ਐਮ ਟੀ ਪੀ ਐਕਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਮਾਣਯੋਗ ਮਦਰਾਸ ਹਾਈ ਕੌਰਟ ਨੇ ਵੀ ਇੱਕ ਕੇਸ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਹਰ ਸਾਲ ਲੱਗਭੱਗ 17 ਲੱਖ ਬੱਚੇ ਕਿਸੇ ਤਰਾਂ ਦੇ ਸ਼ਰੀਰਕ ਵਿਕਾਰ ਵਾਲੇ ਜਨਮ ਲੈ ਰਹੇ ਹਨ ਇਸ ਲਈ ਗਰਭਪਾਤ ਦੀ ਸਹੂਲਤ ਦਾ ਸਮਾਂ ਵਧਾਉਣਾ ਚਾਹੀਦਾ ਹੈ। ਭਾਰਤ ਵਿੱਚ 1971 ਤੋਂ ਪਹਿਲਾਂ ਗਰਭਪਾਤ ਗੈਰ ਕਨੂੰਨੀ ਸੀ ਅਤੇ ਆਈ ਪੀ ਸੀ ਦੀ ਧਾਰਾ 312 ਅਧੀਨ ਇੱਕ ਸਜ਼ਾਯੋਗ ਅਪਰਾਧ ਮੰਨਿਆ ਜਾਂਦਾ ਸੀ। ਭਾਰਤ ਵਿੱਚ ਵਧਦੀ ਜਨਸੰਖਿਆ, ਮਾਂਵਾਂ ਦੀ ਮੌਤ ਦਰ ਅਤੇ ਅਸੁਰੱਖਿਅਤ ਗਰਭਪਾਤ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੇ ਗਰਭਪਾਤ ਦੇ ਸਮਾਜਿਕ-ਸੰਸਕ੍ਰਿਤਿਕ, ਕਨੂੰਨੀ ਅਤੇ ਵਿਧਾਨਿਕ ਸਬੰਧੀ ਪਹਿਲੂਆਂ ਦੀ ਸਮੀਖਿੱਆ ਲਈ 1964 ਵਿੱਚ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ਗਿਆ। ਸਾਲ 1966 ਵਿੱਚ ਇਸ ਕਮੇਟੀ ਦੀਆਂ ਸਿਫਾਰਿਸ਼ਾਂ ਤੇ ਕੁੱਝ ਵਿਸ਼ੇਸ ਹਾਲਤਾਂ ਵਿੱਚ ਗਰਭਪਾਤ ਸੇਵਾਵਾਂ ਨੂੰ ਕਨੂੰਨੀ ਤੋਰ ਤੇ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਅਤੇ ਬਿੱਲ ਪੇਸ਼ ਕੀਤਾ ਗਿਆ ਜਿਸਨੇ ਬਾਦ ਵਿੱਚ ਐਮਟੀਪੀ ਐਕਟ 1971 ਦਾ ਰੂਪ ਲਿਆ ਹੈ। ਸਾਲ 1975 ਵਿੱਚ ਇਸ ਸਬੰਧੀ ਨਿਯਮ ਬਣਾਏ ਗਏ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅੱਧੀ ਸਦੀ ਬੀਤ ਰਹੀ ਹੈ ਅਤੇ ਇਸ ਦੌਰਾਨ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ।

ਸਰਕਾਰ ਵਲੋਂ ਗਰਭਪਾਤ ਕਰਵਾਉਣ ਦੀ ਸਮਾਂ ਸੀਮਾ ਵਿੱਚ ਵਾਧਾ ਕੀਤਾ ਗਿਆ ਹੈ। ਮਹਿਲਾਵਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨਾਂ ਦੀ ਮੰਗ ਹੈ ਕਿ ਸੁਰੱਖਿਅਤ ਗਰਭਪਾਤ ਲਈ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਅਨੁਸਾਰ ਗਰਭ ਅਵਸਥਾ ਦੇ 12 ਹਫਤਿਆਂ ਤੱਕ ਟੈਲੀਮੈਡੀਸਿਨ ਅਤੇ ਸਵੈ-ਪ੍ਰਬੰਧਿਤ ਗਰਭਪਾਤ ਦੀ ਵਰਤੋਂ ਦੀ ਆਗਿਆ ਦਿਤੀ ਜਾਵੇ, ਦੂਜੀ ਤਿਮਾਹੀ ਵਿੱਚ ਡਾਕਟਰੀ ਗਰਭਪਾਤ ਦੀ ਆਗਿਆ ਦੇਵੋ, ਕਲੀਨਿਕ ਵਿੱਚ ਸਮਾਜਿਕ ਦੂਰੀਆਂ ਦੇ ਨਾਲ ਅਪ੍ਰੇਸ਼ਨ ਥਿਏਟਰ ਦੀਆਂ ਸਥਿਤੀਆਂ ਦੀ ਜਰੂਰਤ ਤੋਂ ਬਿਨਾਂ ਰਾਸ਼ਟਰੀ ਜਰੂਰੀ ਦਵਾਈਆਂ ਦੀਆਂ ਸੂਚੀ ਤੇ ਮੈਡੀਕਲ ਗਰਭਪਾਤ ਦੀਆਂ ਗੋਲੀਆਂ ਨੂੰ ਮੰਨਜੂਰੀ ਦਿਤੀ ਜਾਵੇ, ਗਰਭਪਾਤ ਨਾਲ ਜੁੜ੍ਹੀ ਅਪਰਾਧ ਦੀ ਧਾਰਨਾ ਨੂੰ ਘਟਾਇਆ ਜਾਵੇ ਅਤੇ ਕਨੂੰਨੀ ਅਧਾਰ ਦਾ ਵਿਸਤਾਰ ਕੀਤਾ ਜਾਵੇ। ਸਰਕਾਰ ਨੂੰ ਮਹਿਲਾਵਾਂ ਦੀ ਸੁਰੱਖਿਆ ਲਈ ਐਮਟੀਪੀ ਐਕਟ ਅਨੁਸਾਰ ਗਰਭਪਾਤ ਕਰਵਾਉਣ ਦੀ ਸਹੂਲਤ ਸਮੂਹ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁੱਫਤ ਉਪਲੱਭਦ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਸ ਦਿਨ ਦਾ ਉਦੇਸ਼ ਪੂਰਾ ਹੋ ਸਕੇ।

# ਖਿਡਾਰੀਆਂ ਲਈ ਆਸ ਦੀ ਨਵੀਂ ਕਿਰਨ ਬਣੇਗੀ 5ਜੈਬ ਫਾਊਂਡੇਸ਼ਨ

ਖੇਡਾਂ ਦੀ ਬਿਹਤਰੀ ਲਈ ਫਾਊਂਡੇਸ਼ਨ ਨੇ ਕੈਪਟਨ ਸਵਰਨ ਸਿੰਘ ਘੁੰਮਣ, ਜਗਰੂਪ ਸਿੰਘ ਜਰਖੜ ਅਤੇ ਪ੍ਰਿੰਸੀਪਲ ਬਲਵੰਤ ਸਿੰਘ ਚਕਰ ਨੂੰ ਡਾਇਰੈਕਟਰ ਨਿਯੁਕਤ ਕੀਤਾ। ਪੰਜਾਬ ਦੇ ਪੇਂਡੂ ਖੇਤਰਾਂ ਦਾ ਖੇਤਰਾਂ ਦੇ ਵਿਚ ਖੇਡ ਹੁਨਰ ਨੂੰ ਤਰਾਸ਼ਣ ਅਤੇ ਗ਼ਰੀਬ ਘਰਾਂ ਦੇ ਬੱਚਿਆਂ ਨੂੰ ਓਲੰਪੀਅਨ ਬਣਾਉਣ ਦਾ ਟੀਚਾ ਰੱਖਣ ਵਾਲੀ 5ਜੈਬ ਫਾਊਂਡੇਸ਼ਨ ਪੰਜਾਬੀ ਖਿਡਾਰੀਆਂ ਲਈ ਇੱਕ ਨਵੀਂ ਆਸ ਦੀ ਕਿਰਨ ਪੈਦਾ ਕਰੇਗੀ। ਇਹ ਫਾਊਂਡੇਸ਼ਨ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਕੋਚਿੰਗ , ਅਧੁਨਿਕ ਖੇਡ ਸਹੂਲਤਾਂ, ਵਜੀਫਾ ਪ੍ਰਨਾਲੀ ਅਤੇ ਹੋਰ ਸਹੂਲਤਾਂ ਉ-ਪਲੱਬਧ ਕਰਵਾਏਗੀ।

ਇਸ ਫੈਡਰੇਸ਼ਨ ਨੂੰ ਬਣਾਉਣ ਦਾ ਸੁਪਨਾ ਅੰਤਰ ਰਾਸ਼ਟਰੀ ਮੁੱਕੇਬਾਜ਼ ਜਗਦੀਪ ਸਿੰਘ ਸਿੰਘ ਘੁੰਮਣ ਵੱਲੋਂ ਲਿਆ ਗਿਆ। ਇਸ ਫਾਊਡੇਸ਼ਨ ਦੀ ਪਹਿਲੀ ਕਤਾਰ ਵਿੱਚ ਤਿੰਨ ਸ਼ਖਸੀਅਤਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਸੇਵਾ-ਮੁਕਤ ਸੂਬੇਦਾਰ ਮੇਜਰ ਆਨਰੇਰੀ ਕੈਪਟਨ ਸਵਰਨ ਸਿੰਘ ਘੁੰਮਣ, ਖੇਡ ਪ੍ਰਮੋਟਰ ਸ. ਜਗਰੂਪ ਸਿੰਘ ਜਰਖੜ ਅਤੇ ਪਿੰ. ਬਲਵੰਤ ਸਿੰਘ ਸੰਧੂ ਚਕਰ ਨੂੰਹ ਫਾਊਂਡੇਸ਼ਨ ਦਾ ਡਾਇਰੈਕਟਰ ਨਿਯੁਕਤ ਕੀਤਾ ਹੈ । ਇਹ ਤਿੰਨੇ ਸ਼ਖਸੀਅਤਾਂ ਲੰਮੇ ਸਮੇਂ ਤੋਂ ਖੇਡ ਖੇਤਰ ਨਾਲ ਜੁੜੀਆਂ ਹੋਈਆਂ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਪੇਂਡੂ ਇਲਾਕਿਆਂ ਵਿੱਚੋਂ ਅੰਤਰ ਰਾਸ਼ਟਰੀ ਖਿਡਾਰੀ ਪੈਦਾ ਕਰ ਕੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ।

16 ਸਿੱਖ ਰੈਜੀਮੈਂਟ ਨਾਲ ਸੰਬੰਧ ਰੱਖਣ ਵਾਲੇ ਸੂਬੇਦਾਰ ਮੇਜਰ ਆਨਰੇਰੀ ਕੈਪਟਨ ਸਵਰਨ ਸਿੰਘ ਘੁੰਮਣ ਖੁਦ ਅਥਲੈਟਿਕਸ ਅਤੇ ਬਾਸਕਿਟਬਾਲ ਦੇ ਨਾਮੀ ਖਿਡਾਰੀ ਰਹਿ ਚੁੱਕੇ ਹਨ। ਕਾਰਗਿੱਲ ਦੀ ਲੜਾਈ ਵੇਲੇ ਵੀ ਉਨ੍ਹਾਂ ਨੇ ਆਪਣੀ









ਰੈਜੀਮੈਂਟ ਵੱਲੋਂ ਹਿੱਸਾ ਲਿਆ। ਉਨ੍ਹਾਂ ਨੂੰ ਸਪੋਰਟਸ ਨਾਲ ਸ਼ੁਰੂ ਤੋਂ ਹੀ ਬਹੁਤ ਲਗਾਓ ਹੋਣ ਕਾਰਨ ਉਨ੍ਹਾਂ ਨੇ ਆਪਣੇ ਦੋਵਾਂ ਬੱਚਿਆਂ ਨੂੰ ਖੇਡਾਂ ਵਿੱਚ ਪਾਇਆ ਤੇ ਉਨ੍ਹਾਂ ਦਾ ਇੱਕ ਪੁੱਤਰ ਸ. ਜਗਦੀਪ ਸਿੰਘ ਖੁਦ ਪ੍ਰੋਫੈਸ਼ਨਲ ਬਾਕਸਿੰਗ ਵਿੱਚ ਅੰਤਰ-ਰਾਸ਼ਟਰੀ ਪੱਧਰ ਦਾ ਖਿਡਾਰੀ ਬਣਿਆ। ਉਨ੍ਹਾਂ ਦੀ ਇੱਛਾ ਸੀ ਕਿ ਉਹ ਪੰਜਾਬ ਦੇ ਖਿਡਾਰੀਆਂ ਲਈ ਇੱਕ ਵੱਖਰਾ ਤੇ ਵਧੀਆ ਪਲੇਟਫਾਰਮ ਤਿਆਰ ਕਰਨ। ਸੇਵਾ ਮੁਕਤੀ ਤੋਂ ਬਾਅਦ ਉਹ ਖਿਡਾਰੀਆਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਇਸੇ ਸੇਵਾ ਦੇ ਸੰਕਲਪ ਵਿੱਚੋਂ ਇਸ ਫਾਊਂਡੇਸ਼ਨ ਦਾ ਜਨਮ ਹੋਇਆ। ਉਨ੍ਹਾਂ ਨੇ ਆਪਣੇ ਪਿੰਡ ਤਲਵਾੜਾ (ਕਪੂਰਥਲਾ) ਵਿੱਚ ਵੀ ਬਾਕਸਿੰਗ ਸ਼ੁਰੂ ਕਰਵਾਈ ਹੈ ਜਿਸ ਵਿੱਚ ਇਸ ਮੌਕੇ ਪੰਜਾਹ ਤੋਂ ਵਧੇਰੇ ਬੱਚੇ ਮੁੱਕੇਬਾਜ਼ੀ ਦੇ ਗੁਰ ਸਿੱਖ ਰਹੇ ਹਨ।

ਸ. ਜਗਰੂਪ ਸਿੰਘ ਜਰਖੜ ਵੀ ਇੱਕ ਬਹੁਗੁਣੀ ਸ਼ਖਸੀਅਤ ਹੈ। ਉਨ੍ਹਾਂ ਦਾ ਜ਼ਰਾ ਜ਼ਰਾ ਖੇਡਾਂ ਨੂੰ ਸਮਰਪਿਤ ਹੈ। ਉਹ ਅੰਤਰਰਾਸ਼ਟਰੀ ਪੱਧਰ ਦੇ ਖੇਡ ਲੇਖਕ ਹਨ। ਉਹ ਆਪਣ ਹੀ ਪੱਧਰ ਤੇ 'ਖੇਡ ਮੈਦਾਨ ਬੋਲਦਾ ਹੈ' ਨਾਮ ਦਾ ਖੇਡ ਮੈਗਜ਼ੀਨ ਵੀ ਚਲਾ ਰਹੇ ਹਨ। ਜਰਖੜ ਹਾਕੀ ਅਕੈਡਮੀ ਲਈ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਪੰਜਾਬ ਦੇ ਵਿੱਚ ਉਹ ਹਾਕੀ ਦੇ ਧੁਰੇ ਵਜੋਂ ਕਾਰਜ ਕਰ ਰਹੇ ਹਨ। ਆਪਣੇ ਯਤਨਾਂ ਨਾਲ ਉਨ੍ਹਾਂ ਨੇ ਕਈ ਕੌਮੀ ਅਤੇ ਕੌਮਾਤਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ।

ਪ੍ਰਿੰ. ਬਲਵੰਤ ਸਿੰਘ ਸੰਧੂ ਜੋ ਪੇਸ਼ੇ ਵਜੋਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਕਮਲਾਪੁਰਾ (ਲੁਧਿਆਣਾ) ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਹਨ, ਨੇ 2005 ਵਿੱਚ ਚਕਰ ਵਿੱਚ ਬਾਕਸਿੰਗ ਦਾ ਅਜਿਹਾ ਬੂਟਾ ਲਗਾਇਆ ਕਿ ਹੁਣ ਤੱਕ ਸੈਂਕੜੇ ਖਿਡਾਰੀ ਪੈਦਾ ਹੋ ਚੁੱਕੇ ਹਨ। ਪਰਵਾਸੀ ਵੀਰਾਂ ਦੇ ਸਹਿਯੋਗ ਨਾਲ ਚਕਰ ਅਕੈਡਮੀ ਵਿੱਚੋਂ ਕਈ ਅੰਤਰਰਾਸ਼ਟਰੀ ਮੁੱਕੇਬਾਜ਼ ਪੈਦਾ ਹੋਏ। ਟੋਕੀਓ ਉਲੰਪਿਕ-2020 ਵਿੱਚ ਭਾਗ ਲੈਣ ਵਾਲੀ ਸਿਮਰਨਜੀਤ ਕੌਰ ਅਤੇ 2015 ਦੀ ਜੂਨੀਅਰ ਵਿਸ਼ਵ ਬਾਕ-ਸਿੰਗ ਚੈਂਪੀਅਨ ਮਨਦੀਪ ਕੌਰ ਸੰਧੂ ਵੀ ਇਸੇ ਅਕੈਡਮੀ ਦੇਣ ਹਨ। ਇਸੇ ਤਰ੍ਹਾਂ ਕਈ ਹੋਰ ਖਿਡਾਰੀ ਵੀ ਅੰਤਰ ਰਾਸ਼ਟਰੀ ਖੇਡ ਮੰਚਾਂ ਉੱਤੇ ਆਪਣੀ ਹਾਜ਼ਰੀ ਲਗਵਾ ਚੁੱਕੇ ਹਨ। ਆਪਣੇ ਖਿਡਾਰੀਆਂ ਨੂੰ ਉਲੰਪਿਕ ਵਿੱਚ ਪਹੁੰਚਾਉਣ ਦਾ ਟੀਚਾ ਉਨ੍ਹਾਂ ਨੇ ਮਹਿਜ਼ ਪੰਦਰਾਂ ਸਾਲ ਵਿੱਚ ਹੀ ਪੂਰਾ ਕਰ ਲਿਆ। ਹੁਣ ਉਹ ਹੋਰ ਨਵੀਂ ਪਨੀਰੀ ਤਿਆਰ ਕਰਨ ਵਿੱਚ ਲੱਗੇ ਹੋਏ ਹਨ। ਇਸ ਫਾਊਡੇਸ਼ਨ ਦੀਆਂ ਮੁੱਖ ਤਰਜ਼ੀਹਾਂ ਦੂਰ ਦਰਾਜ਼ ਇਲਾਕਿਆਂ ਦੇ ਹੋਣਹਾਰ ਬੱਚਿਆਂ ਨੂੰ ਸਹੂਲਤਾਂ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਖੇਡ ਖੇਤਰ ਦੇ ਅੰਤਰ ਰਾਸ਼ਟਰੀ ਮੰਚਾਂ ਤੇ ਚੜ੍ਹਾਉਣਾ ਹੈ। ਬੱਚਿਆਂ ਲਈ ਢੁਕਵੀਂ ਕੋਚਿੰਗ ਦਾ ਪ੍ਰਬੰਧ, ਖੇਡਾਂ ਦਾ ਸਮਾਨ, ਖਿਡਾਰੀਆਂ ਲਈ ਖੁਰਾਕ, ਟਰਾਂਸਪੋਰਟ ਆਦਿ ਦਾ ਪ੍ਰਬੰਧ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਫਾਊਂਡੇਸ਼ਨ ਦਾ ਹੋਂਦ ਵਿੱਚ ਆਉਣਾ ਸਚਮੁੱਚ ਖੇਡ ਜਗਤ ਲਈ ਇਹ ਖੁਸ਼ਗਵਾਰ ਖਬਰ


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ

## ਵਿਖੇ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ



# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ

24, 25 ਅਤੇ 26 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ

- ਸ਼ੁੱਕਰਵਾਰ 24 ਸਤੰਬਰ 2021

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11:00 ਵਜੇ

- ਸ਼ਨੀਵਾਰ 25 ਸਤੰਬਰ 2021

ਸ਼ਾਮ ਵੇਲੇ ਕੀਰਤਨ ਦੀਵਾਨ 6:00 ਵਜੇ ਤੋਂ 8:00 ਵਜੇ ਤੱਕ
ਮਾਤਾ ਤ੍ਰਿਪਤਾ ਜੀ ਐਜੂਕੇਸ਼ਨ ਫਾਉਂਡੇਸ਼ਨ ਕੈਲੀਫੋਰਨੀਆਂ
(ਬੱਚਿਆਂ ਦਾ ਕੀਰਤਨ ਦੀਵਾਨ) ਅਤੇ
ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ
(ਗੁਰੂਘਰ ਦਾ ਹਜ਼ੂਰੀ ਰਾਗੀ ਜਥਾ)





- ਐਤਵਾਰ 26 ਸਤੰਬਰ 2021

ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ
ਉਪਰੰਤ ਕੀਰਤਨ ਦੀਵਾਨ 11:00 ਵਜੇ ਤੋਂ 1:30 ਵਜੇ ਤੱਕ
ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ
(ਗੁਰੂਘਰ ਦਾ ਹਜ਼ੂਰੀ ਰਾਗੀ ਜਥਾ)
ਅਤੇ ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਵਾਲੇ ਕੀਰਤਨੀ ਜਥਾ



ਸਮੂਹ ਸਾਧਸੰਗਤਿ ਨੂੰ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ

ਬੇਨਤੀ ਕਰਤਾ:
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਸਾਧਸੰਗਤਿ ਜੀਓ
6221 16th Street , Rio Linda, CA 95673

Shri Guru Ravidass Temple Sacramento
@shrigururavidasstemplesacramento

ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਸੇਵਾ ਪ੍ਰਾਪਤੀ ਬਾਰੇ ਜਾਣਕਾਰੀ ਲਈ ਸੰਪਰਕ:
ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

ਦੇਸ਼ ਦੁਆਬਾ www.deshdoaba.com

**Ad sponsored by "Desh Doaba"**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

---

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop